ਪੰਜਾਬੀ ਦੁਨੀਆ

ਫਰਵਰੀ, ੧੯੬੧

ਸਾਲਾਨਾ : ੬ ਰੁਪਏ ਪੰਜਾਬੀ ਵਿਭਾਗ, ਪੰਜਾਬ, ਪਟਿਆਲਾ

ਸਾਲਾਨਾ ਅੰਕ

ਸਾਡਾ **ਮਾਰਚ, ੧੯੬੧** ਦਾ ਪਰਚਾ **'੧੯੬੦ ਦਾ ਪੰਜਾਬੀ ਸਾਹਿਤ ਅੰਕ'** ਹੋਵੇਗਾ। ਤੇ ਹਰ ਸਾਲ ਮਾਰਚ ਦਾ ਪਰਚਾ ਪਿਛਲੇ ਬੀਤ ਚੁਕੇ ਸਾਲ ਦੇ ਸਮੁਚੇ ਪੰਜਾਬੀ ਸਾਹਿਤ ਪੁਰ ਆਲੋਚਨਾ ਅੰਕ ਹੋਇਆ ਕਰੇਗਾ।

ਆਪਣੀ ਕਾਪੀ ਹੁਣ ਤੋਂ ਹੀ ਰਾਖਵੀਂ ਕਰਵਾ ਲਵੋ।

ਸੰਪਾਦਕ

ਪੰਜਾਬੀ ਦੁਨੀਆ

'ਜਿਸਨੂੰ ਲਗਦੀ ਸੋਈ ਜਾਣੇ'

ਮੈਂਡਾ ਰੋਗ ਨ ਕੋਇ ਪਛਾਣੈ।
ਦਾਰੂੰ ਦੇ ਦੇ ਰਹੇ ਸਿਆਣੇ।
ਪੜ ਪੜ ਥਕੇ ਇਲਮ ਮੌਲਾਂਣੇ।
ਮੱਜਨੂੰ ਜੇਹੇ ਇਸ਼ਕ ਰੰਞਾਣੇ।
ਯੂਸਫ਼ ਜੇਹੇ ਹੱਟ ਵਿਕਾਂਣੇ।
ਜਿਸਨੂੰ ਲਗਦੀ ਸੋਈ ਜਾਣੇ।
ਜਿਸ ਨੇ ਛੇੜਿਆ ॥ ੩ ॥

[ਬਾਰਾਂ ਮਾਹ ਸੁੱਖਾ ਸਿੰਘ
ਹੱਥ-ਲਿਖਤ ਵਿਚੋਂ]

ਸੰਪਾਦਕੀ

ਬਹੁ-ਵਿਸ਼ਯਾਰੀ ਤੇ ਨਵ-ਪੁੰਗਰਦੇ ਕਲਾਕਾਰਾਂ ਨਮਿਤ

ਸਾਹਿਤ ਇਕ ਉਚੇਰੀ ਕਲਾ ਹੈ, ਜਿਹੜਾ ਆਪਣੇ ਵਿਸ਼ੇਸ਼ ਖੇਤਰ ਵਿਚ ਕਲਾ ਵਾਂਗ ਹੀ ਨਿਪੁੰਨਤਾ ਤੇ ਪਰਬੀਨਤਾ ਮੰਗਦਾ ਹੈ। ਉਚੇਰੇ ਸਾਹਿਤਕਾਰ ਨਿਪੁਨ ਕਲਾਕਾਰਾਂ ਵਾਂਗ ਕਿਸੇ ਇਕ ਸਾਹਿਤਕ ਖੇਤਰ ਵਿਚ ਹੀ ਮਹਾਰਤ ਤੇ ਸ਼ੋਭਾ ਹਾਸਲ ਕਰ ਸਕਦੇ ਹਨ। ਵਿਸ਼ੇਸ਼ੀ-ਕਰਨ ਅਜੋਕੇ ਯੁਗ ਦੀ ਇਕ ਵਡੀ ਮੰਗ ਤੇ ਆਪਣੇ ਆਪ ਵਿਚ ਇਕ ਵਡੀ ਕਲਾ ਹੈ। ਸ਼ੈਕਸਪੀਅਰ ਕੇਵਲ ਨਾਟਕਕਾਰ ਸੀ, ਉਹ ਕਵੀ ਜਾਂ ਵਾਰਤਕ ਦਾ ਸ਼ਾਹਜ਼ਾਦਾ ਨਹੀਂ ਸੀ। ਉਸ ਨੇ ਆਪਣੇ ਵਿਸ਼ੇਸ਼ ਤੇ ਵਖਰੇ ਮੈਦਾਨ ਵਿਚ ਹੀ ਘੋੜੇ ਦੌੜਾਏ ਸਨ। ਇਸੇ ਤਰ੍ਹਾਂ ਲੈਂਬ ਜਾਂ ਰਸਕਿਨ ਨੇ ਕਦੇ ਕਾਵਿ-ਖੇਤਰ ਵਿਚ ਪੈਰ ਨਹੀਂ ਪਾਇਆ। ਪੰਜਾਬੀ ਵਿਚ ਵੀ ਪੁਰਾਤਨ ਕਵੀ, ਕੇਵਲ ਕਵੀ ਸਨ, ਜਿਨ੍ਹਾਂ ਨੇ ਸਿਵਾ ਅਹਿਮਦ ਯਾਰ ਦੇ ਕੇਵਲ ਇਕ ਅੱਧ ਹੀ ਮਾਰਕੇ ਦੀ ਰਚਨਾ ਪੰਜਾਬੀ ਜਗਤ ਨੂੰ ਪਰਦਾਨ ਕੀਤੀ। ਏਹੀ ਅਹਿਮਦ ਵਾਰਸ ਦੀ ਬਾਬਤ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ, ਕਿ ਵਾਰਸ ਨੇ ਕੇਵਲ ਇਕੋ ਹੀਰ ਹੀ ਲਿਖੀ, ਪਰ ਉਸੇ ਨੇ ਵਾਰਸ ਨੂੰ ਅਮਰ ਬਣਾ ਦਿਤਾ।

ਇਸੇ ਤਰ੍ਹਾਂ ਹਾਸ਼ਮ ਆਪਣੀ 'ਸੱਸੀ' ਲਈ, ਫ਼ਜ਼ਲ-ਸ਼ਾਹ 'ਸੋਹਣੀ' ਲਈ ਤੇ ਨਜਾਬਤ 'ਨਾਦਰ ਦੀ ਵਾਰ' ਲਈ ਪ੍ਰਸਿਧੀ ਦੇ ਆਕਾਸ਼ ਪੁਰ ਸਵੇਰ ਦੇ ਤਾਰਿਆਂ ਵਾਂਗ ਚਮਕੇ ਅਤੇ ਪੰਜਾਬੀ ਕਾਵਿ ਦੀ ਸੁਨਹਿਰੀ ਪ੍ਰਭਾਤ ਉਦੈ ਕਰਨ ਕਰਾਉਣ ਵਿਚ ਬਹੁਤ ਹੱਦ ਤਕ ਸਹਾਈ ਸਾਬਤ ਹੋਏ। ਭਾਈ ਵੀਰ ਸਿੰਘ ਨੇ ਭਾਵੇਂ ਕਈ ਇਕ ਸਾਹਿਤ-ਰੂਪਾਂ ਪੁਰ ਹੱਥ ਅਜ਼ਮਾਏ, ਪਰ ਉਹ ਵਿਸ਼ੇਸ਼ ਕਰਕੇ ਪੰਜਾਬੀ ਦੇ ਸ਼੍ਰੋਮਣੀ ਕਵੀ ਦੇ ਰੂਪ ਵਿਚ ਮਸ਼ਹੂਰ ਹੋਏ। ਹਿੰਦੀ ਵਿਚ ਸ੍ਰੀ ਗੁਲੇਰੀਆ ਨੇ ਕੇਵਲ ਇਕੋ ਕਹਾਣੀ, ਲਿਖੀ, ਪਰ ਉਹ ਉਸੇ ਇਕ ਕਹਾਣੀ ਸਦਕਾ ਹੀ ਹਿੰਦੀ ਸਾਹਿਤ-ਇਤਿਹਾਸ ਦੇ ਮਾਰਗ ਦਾ ਇਕ ਨਵਾਂ ਮੀਲ-ਪਥਰ ਬਣਨ ਵਿਚ ਕਾਮਯਾਬ ਹੋਏ। ਤੁਲਸੀ ਕੇਵਲ 'ਰਾਮਾਇਣ' ਲਈ ਅਜ ਸਾਰੇ ਹਿੰਦੂ ਜਗਤ ਵਿਚ ਸਤਕਾਰਿਆ ਤੇ ਸਨਮਾਨਿਆ ਜਾਂਦਾ ਹੈ। ਉਰਦੂ ਵਿਚ ਹੋਰ ਵੀ ਬਰੀਕ ਵਿਸ਼ੇਸ਼ਤਾਈ ਦਾ ਧਿਆਨ ਰਖਿਆ ਗਿਆ ਜੇ ਕੋਈ ਗ਼ਜ਼ਲ-ਗੋ ਸ਼ਾਇਰ ਹੈ ਤਾਂ ਉਹ ਮਰਸੀਆ-ਗੋ ਬਣਨ ਦਾ ਜਤਨ ਨਹੀਂ ਕਰਦਾ, ਤੇ ਜਿਹੜਾ ਅਨੀਸ ਵਾਂਗ ਮਰਸੀਏ ਲਿਖਣ ਵਿਚ ਨਿਪੁਨ ਹੈ, ਉਹ ਗ਼ਜ਼ਲ ਨੂੰ ਹੱਥ ਨਹੀਂ ਪਾਉਂਦਾ। ਨਸਰ ਲਿਖਣ ਵਾਲਾ ਕਦੀ ਨਜ਼ਮ ਵਲ ਨਹੀਂ ਜਾਂਦਾ, ਸਗੋਂ ਉਹ ਆਪਣੀ ਨਸਰ ਨੂੰ ਕਾਵਿਕ ਬਣਾਉਣ ਵਲ ਵਧੇਰਾ ਧਿਆਨ ਦਿੰਦਾ ਹੈ, ਲਗ ਭਗ ਸੰਸਾਰ ਦੇ ਹਰ ਸਾਹਿਤ ਦਾ ਏਹੀ ਹਾਲ ਹੈ ਤੇ ਇਨ੍ਹਾਂ ਲੀਹਾਂ ਪੁਰ ਚਲਦਿਆਂ ਹੀ ਕਲਾਕਾਰਾਂ ਨੇ ਆਪਣੇ ਆਪਣੇ ਵਿਸ਼ੇਸ਼ ਖੇਤਰਾਂ ਵਿਚ ਪ੍ਰਸਿਧੀ ਤੇ ਨਾਮਣਾ ਹਾਸਲ ਕੀਤੇ।

ਪਰੰਤੂ ਅਜ ਜਦ ਅਸੀਂ ਪੰਜਾਬੀ ਕਲਾਕਾਰ-ਸੰਸਾਰ ਨੂੰ ਵੇਖਦੇ ਹਾਂ, ਤਾਂ ਆਪਣੇ ਸਾਹਿਤਕਾਰਾਂ ਤੇ ਕਲਾਕਾਰਾਂ ਦੀ ਸਥਿਤੀ ਤੇ ਮਾਨਸਕ ਬਣਤਰ ਪੁਰ ਤਰਸ ਆਉਂਦਾ ਹੈ। ਇਥੇ ਹਰ ਕਲਾਕਾਰ, ਕਵੀ, ਨਾਟਕਕਾਰ, ਵਾਰਤਕ ਲਿਖਾਰੀ, ਦਾਰਸ਼ਨੀ, ਗਲਪਕਾਰ, ਜੀਵਨੀ ਰਚਨਹਾਰਾ ਤੇ ਪਤਾ ਨਹੀਂ ਹੋਰ ਕੀ ਕੀ ਹੈ। ਹਰ ਸਾਹਿਤਕਾਰ ਆਪਣੀ ਨਵੀਂ ਪੁਸਤਕ ਛਾਪਣ ਸਮੇਂ ਟਾਈਟਲ ਦੇ ਪਿਛਲੇ ਪਤਰੇ ਪੁਰ ਜਲੀ ਹਰਫ਼ਾਂ ਵਿਚ ਆਪਣੇ ਬਹੁ-ਵਿਸਥਾਰ ਖੇਤਰ ਦੀ ਨੁਮਾਇਸ਼ ਕਰਦਾ ਹੈ ਤੇ ਇਹ ਲਿਖਣ ਵਿਚ ਗੌਰਵ ਤੇ ਪ੍ਰਸੰਨਤਾ ਅਨੁਭਵ ਕਰਦਾ ਹੈ ਕਿ ਉਹ ਕਵੀ ਵੀ ਹੈ, ਕਹਾਣੀਕਾਰ ਵੀ ਅਤੇ ਬੜੇ ਫ਼ਖ਼ਰ ਨਾਲ ਇਸ਼ਤਿਹਾਰ ਦਿਤਾ ਜਾਂਦਾ ਹੈ:—

'ਇਸੇ ਕਲਮ ਤੋਂ; 'ਕਵਿਤਾ' ਵਾਰਤਕ ਕਹਾਣੀ, ਨਾਟਕ ਤੇ ਨਾਵਲ' ਆਦਿ, ਤੇ ਹਰ ਸਿਰਲੇਖ ਹੇਠ ਦਰਜਨਾਂ ਪੁਸਤਕਾਂ ਦੇ ਨਾਮ ਦਿਤੇ ਤੇ ਗਿਣੇ ਜਾਂਦੇ ਹਨ। ਅਸੀਂ ਇਹ ਨਹੀਂ ਕਹਿੰਦੇ, ਕਿ ਇਕ ਕਲਾਕਾਰ ਬਹੁ-ਵਿਸਥਾਰਤ ਸਾਹਿਤਕਾਰ ਨਹੀਂ ਹੋ ਸਕਦਾ, ਪਰੰਤੂ ਅਜਿਹੀਆਂ ਮਿਸਾਲਾਂ ਬਹੁਤ ਘਟ ਇਸ ਸਿਧਾਂਤ ਦੀ ਪੁਸ਼ਟੀ ਕਰਨ ਵਿਚ ਹੋਥ

ਆਉਂਦੀਆਂ ਹਨ। ਆਮ ਤੌਰ ਤੇ ਵੇਖਿਆ ਗਿਆ ਹੈ, ਕਿ ਹਰ ਸਾਹਿਤਕਾਰ ਇਕੋ ਤੇ ਕੇਵਲ ਇਕੋ ਸਾਹਿਤ-ਖੇਤਰ ਦਾ ਸ਼ਾਹਸਵਾਰ ਹੁੰਦਾ ਹੈ, ਪਰ ਉਹ ਆਪਣਾ ਘੋੜਾ ਹਰ ਸਾਹਿਤ-ਨਖਾਸ ਵਿਚ ਦੌੜਾਉਣ ਲਈ ਉਤਾਵਲਾ ਹੁੰਦਾ ਹੈ, ਤੇ ਹਰ ਦੂਜੇ ਖੇਤਰ ਵਿਚ ਬੁਰੀ ਤਰ੍ਹਾਂ ਨਾਕਾਮ ਹੁੰਦਾ ਹੈ। ਸੇਖੋਂ ਨਾਟਕਕਾਰ ਦੇ ਰੂਪ ਵਿਚ ਪੰਜਾਬੀ ਜਗਤ ਸਾਮ੍ਹਣੇ ਆਇਆ, ਅਜ ਉਹ ਨਾਟਕਕਾਰ ਵੀ ਹੈ, ਕਹਾਣੀਕਾਰ ਵੀ, ਆਲੋਚਕ ਵੀ ਤੇ ਸ਼ਾਇਦ ਕਵੀ ਵੀ। ਡਾ. ਦਰਦੀ ਕਵੀ ਦੇ ਰੂਪ ਵਿਚ ਪ੍ਰਗਟਿਆ ਪਰ ਉਸ ਨੇ ਛੇਤੀ ਹੀ ਆਪਣਾ-ਖੇਤਰ ਬਦਲ ਲਿਆ। ਨਾਨਕ ਸਿੰਘ ਜਿਨਾਂ ਨਿਪੁੰਨ ਨਾਵਲਕਾਰ ਹੈ, ਉਨਾਂ ਉਹ ਕਹਾਣੀਕਾਰ ਨਹੀਂ, ਪਰ ਫਿਰ ਵੀ ਉਸ ਨੇ ਕਹਾਣੀ ਦੀਆਂ ਮੋੜਾਂ ਖਿਚਣੀਆਂ ਸ਼ੁਰੂ ਕਰ ਦਿਤੀਆਂ। ਗੁਰਬਖ਼ਸ਼ ਸਿੰਘ ਇਕ ਮਹਾਨ ਵਾਰਤਕ ਲਿਖਾਰੀ ਸੀ, ਤੇ ਹੈ, ਜਿਸ ਨੇ ਉਸ ਨੂੰ ਇਕ ਸੁੰਦਰ ਕਹਾਣੀਕਾਰ ਬਣਾ ਦਿਤਾ। ਪਰ ਉਸ ਨੇ ਨਾਟਕ ਦੀ ਦੁਨੀਆ ਵਿਚ ਵੀ ਆ ਪੈਰ ਪਸਾਰੇ, ਜਿਸ ਵਿਚ ਉਹ ਕਿੰਨਾ ਕੁ ਸਫਲ ਹੋਇਆ, ਅਸੀਂ ਕਹਿ ਨਹੀਂ ਸਕਦੇ। ਦੁੱਗਲ ਇਕ ਚੰਗਾ ਕਹਾਣੀ-ਕਾਰ ਤੇ ਨਾਟਕਕਾਰ ਹੈ, ਪਰ ਉਹ ਵੀ ਪਹਿਲਾਂ ਕਵੀ ਦੇ ਰੂਪ ਵਿਚ ਹੀ ਸਾਡੇ ਸਾਮ੍ਹਣੇ ਆਇਆ ਸੀ। ਅਜਿਹੀਆਂ ਅਣਗਿਣਤ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ, ਜਿਥੇ ਪੰਜਾਬੀ ਸਾਹਿਤਕਾਰਾਂ ਨੇ ਇਕ ਖੇਤਰ ਛਡ ਕੇ ਦੂਜੇ ਮੈਦਾਨ ਮਾਰਨ ਦੇ ਨਿਸਫਲ ਜਤਨ ਕੀਤੇ। ਕੀ ਇਹ ਚੰਗਾ ਨਾ ਹੁੰਦਾ, ਕਿ ਉਹ ਆਪਣੇ ਉਸ ਖੇਤਰ ਵਿਚ ਹੀ ਮਸ਼ਕ ਜਾਰੀ ਰਖਦੇ, ਜਿਸ ਲਈ ਉਨ੍ਹਾਂ ਦੀ ਪ੍ਰਸਿਧੀ ਤੇ ਵਿਸ਼ੇਸ਼ਤਾਈ ਤਸਲੀਮ ਕੀਤੀ ਜਾ ਚੁਕੀ ਸੀ। ਸਾਡਾ ਵਿਸ਼ਵਾਸ਼ ਹੈ, ਕਿ ਭਾ. ਵੀਰ ਸਿੰਘ ਕੇਵਲ ਕਵੀ ਸੀ ਤੇ ਇਸੇ ਖੇਤਰ ਵਿਚ ਉਸ ਨੂੰ ਸ਼ੁਹਰਤ ਹਾਸਲ ਹੋਈ, ਭਾਵੇਂ ਉਹ ਵਾਰਤਕ ਲਿਖਾਰੀ, ਨਾਟਕਕਾਰ ਤੇ ਕੋਸ਼ਕਾਰ ਵੀ ਬਣਨ ਦਾ ਜਤਨ ਕਰਦਾ ਰਿਹਾ। ਅਜ ਪ੍ਰੋ. ਪ੍ਰੀਤਮ ਸਿੰਘ ਇਕ ਸ਼੍ਰੋਮਣੀ ਆਲੋਚਕ ਹੈ, ਪਰ ਜੇ ਕਲ ਨੂੰ ਏਹੋ ਪ੍ਰੋ. ਪ੍ਰੀਤਮ ਸਿੰਘ ਕਵਿਤਾ ਜਾਂ ਨਾਟਕ ਵਲ ਹੱਥ ਵਧਾਉਣ ਲਗ ਜਾਵੇ ਤਾਂ ਨਿਰਸੰਦੇਹ ਉਹ ਬੁਰੀ ਤਰ੍ਹਾਂ ਮੂੰਹ ਪਰਨੇ ਡਿਗੇ ਗਾ। ਏਹੋ ਹਾਲ ਡਾ. ਦਰਦੀ ਤੇ ਹੋਰਨਾਂ ਦੂਜੇ ਪਾਰਖੂਆਂ ਦਾ ਹੋ ਸਕਦਾ ਹੈ। ਇਸ ਲਈ ਅਸੀਂ ਬੜੀ ਨਿਮਰਤਾ ਸਹਿਤ ਆਪਣੇ ਸਾਹਿਤਕਾਰ ਲਿਖਾਰੀਆਂ ਪਾਸ ਬਿਣੈ ਕਰਾਂਗੇ, ਕਿ ਉਹ ਬਹੁ-ਵਿਸ਼ਥਾਰੀ ਬਣਨ ਦੀ ਥਾਂ ਆਪਣੇ ਆਪਣੇ ਨਿਪੁੰਨ ਖੇਤਰ ਵਿਚ ਵਿਸ਼ੇਸ਼-ਕਰਨ ਵਲ ਵਧੇਰੇ ਧਿਆਨ ਦੇਣ। ਪ੍ਰੋ. ਮੋਹਨ ਸਿੰਘ ਤੇ ਅੰਮ੍ਰਿਤਾ ਮੁਖ ਕਰਕੇ ਕਵੀ ਹਨ ਤੇ ਇਨ੍ਹਾਂ ਨੂੰ ਕਵੀ ਹੀ ਰਹਿਣਾ ਚਾਹੀਦਾ ਸੀ, ਪਰ ਇਨ੍ਹਾਂ ਵੀ ਆਪਣੀ ਕਲਾਮਈ ਕਲਮ ਦੀ ਅਜੋਗ ਵਰਤੋਂ ਕਰਕੇ ਦੂਜੇ ਖੇਤਰਾਂ ਵਿਚ ਦਦਨਾਵਾਂ ਕੀਤੀਆਂ। ਕੀ ਪ੍ਰੋ. ਮੋਹਨ ਸਿੰਘ ਜਾਂ ਅੰਮ੍ਰਿਤਾ ਕਦੀ ਕਹਾਣੀਕਾਰਾਂ ਦੇ ਦਬਰ ਵਿਚ ਜਾਂ ਗਲਪ-ਸਾਹਿਤ ਵਿਚ ਆਪਣਾ ਉਜਿਹਾ ਅਸਥਾਨ ਬਣਾ ਸਕੇ ਜਾਂ ਕਦੀ ਬਣਾ ਸਕਣਗੇ, ਜਿਹੜਾ ਉਨ੍ਹਾਂ ਦਾ ਕਾਵਿ-ਖੇਤਰ ਵਿਚ ਹੈ? ਸਾਡਾ ਉਤਰ ਇਕ ਵਡੇ ਨਾਂਹ ਵਿਚ ਹੈ। ਇਸ ਲਈ ਕਿਉਂ ਨਾ ਉਹ ਪੰਜਾਬੀ-ਸੰਸਾਰ ਨੂੰ ਆਪਣੀ ਵਿਸਮ-ਮਈ ਕਵਿਤਾ ਰਾਹੀਂ ਹੀ ਅਮੀਰ ਤੇ ਮਾਲਾਮਾਲ ਕਰਨ? ਨਿਰਸੰਦੇਹ ਇਸ ਤਰ੍ਹਾਂ ਤੇ ਇਸੇ ਵਿਚ ਹੀ ਪੰਜਾਬੀ ਦੁਨੀਆ ਦਾ ਭਲਾ ਤੇ ਲਾਭ ਹੈ।

ਦੂਜੀ ਵਡੀ ਦੌੜ ਸਾਡੇ ਲੇਖਕਾਂ ਦੀ ਆਪਣੀਆਂ ਰਚਨਾਵਾਂ ਦੀ ਸੰਖਿਆ ਵਧਾਉਣ ਵਲ ਹੈ। ਹਰ ਲਿਖਾਰੀ ਚਾਹੁੰਦਾ ਹੈ, ਕਿ ਉਹ ਦਰਜਨ ਕੁ ਕ੍ਰਿਤ-ਬੱਚੀਆਂ ਦਾ ਪਿਤਾ ਅਖਵਾਏ, ਪਰੰਤੂ ਜਿਵੇਂ ਆਰਥਕ ਦੁਨੀਆ ਵਿਚ ਬਹੁਤੀ ਔਲਾਦ ਪਿਤਾ ਨੂੰ ਲੈ ਬਹਿੰਦੀ ਹੈ, ਤੇ ਆਮ ਤੌਰ ਤੇ ਅੱਧ-ਨੰਗੀ, ਅੱਧ-ਭੁਖੀ ਰਹਿੰਦੀ ਹੈ ਇਸੇ ਤਰ੍ਹਾਂ ਉਨ੍ਹਾਂ ਦੀਆਂ ਵਧਦੀਆਂ ਰਚਨਾਵਾਂ ਦਾ ਹਸ਼ਰ ਹੁੰਦਾ ਹੈ। ਇਸ ਲਈ ਅਸੀਂ ਆਪਣੇ ਸੁਹਿਰਦ ਸਾਹਿਤ ਸਿਰਜਣਹਾਰਿਆਂ ਨੂੰ ਬੜੇ ਸਤਿਕਾਰ ਨਾਲ ਅਜਿਹੀ ਦੌੜ ਨੂੰ ਸੁਸਤ ਤੇ ਹੌਲਿਆਂ ਕਰਨ ਲਈ ਪ੍ਰੇਰਾਂਗੇ। ਕਵੀ ਜਾਂ ਸਾਹਿਤਕਾਰ ਦੀ ਇਕੋ ਕ੍ਰਿਤ ਹੀ ਉਸ ਨੂੰ ਅਮਰ ਕਰਨ ਲਈ ਕਾਫ਼ੀ ਹੁੰਦੀ ਹੈ, ਬਸ਼ਰਤੇ-ਕਿ ਉਹ ਆਪਣੀ ਨਜ਼ੀਰ ਨਾ ਰਖਦੀ ਹੋਵੇ। ਸਾਰੀ ਆਯੂ ਵਿਚ ਜੇਕਰ ਇਕ ਸਾਹਿਤ ਰਚਣਹਾਰਾ ਪੰਜਾਬੀ ਸੰਸਾਰ ਨੂੰ ਇਕੋ ਮਹਾਨ ਰਚਨਾ ਦੇ ਸਕੇ ਤਾਂ ਉਹ ਉਨ੍ਹਾਂ ਦਰਜਨਾਂ ਰਚਨਾਵਾਂ ਨਾਲੋਂ ਕਿਧਰੇ ਵਧੇਰੀ ਕੀਮਤ ਤੇ ਮਹਾਨਤਾ ਰਖੇਗੀ, ਜਿਹੜੀਆਂ ਅੱਧ-ਪੜ੍ਹੀਆਂ ਤੇ ਅੱਧ-ਪਕੀਆਂ ਜਾਂ ਸੜੀਆਂ ਕਿਰਤਾਂ ਹੋ ਸਕਦੀਆਂ ਹਨ। ਇਸ ਲਈ, ਆਓ, ਅਸੀਂ ਆਪਣੇ ਆਪਣੇ ਖੇਤਰ ਵਿਚ ਵਿਸ਼ੇਸ਼-ਕਰਨ ਵਲ ਦੌੜੀਏ, ਨਾਂ ਕਿ ਹਰ ਸਾਹਿਤ-ਦੌੜ ਵਿਚ ਹਿੱਸਾ ਲੈਣ ਜਾਂ ਨਾਮ ਲਿਖਵਾਉਣ ਦਾ ਜਤਨ ਕਰੀਏ। ਹਰ ਕਾਰੀਗਰੀ ਦਾ ਕਾਰੀਗਰ ਕਿਸੇ ਵੀ ਸੁਚੱਜੀ ਕ੍ਰਿਤ ਦਾ ਕਾਰੀਗਰ ਨਹੀਂ ਬਣ ਸਕਦਾ, ਪਰੰਤੂ ਇਕੋ ਕ੍ਰਿਤ ਪੁਰ ਉਮਰਾਂ ਲਾ ਦੇਣ ਵਾਲਾ ਸਾਹਿਤਕਾਰ ਜਾਂ ਕਲਾਕਾਰ ਕਲਾ ਨੂੰ ਵੀ ਚਾਰ ਚੰਨ ਲਾ ਜਾਂਦਾ ਹੈ ਤੇ ਆਪ ਵੀ ਅਮਰ ਹੋ ਜਾਂਦਾ ਹੈ।

ਦੂਜੀ ਵਡੀ ਭੁਲ ਸਾਡੇ ਨਵ-ਪੁੰਗਰ ਦੇ ਲਿਖਾਰੀ ਜਾਂ

ਸਾਹਿਤਕਾਰ ਬਣ ਰਹੇ ਹਨ। ਹਰ ਪੁੰਗਰਦਾ ਕਵੀ, ਚਾਰ ਕਵਿਤਾਵਾਂ ਲਿਖਣ ਪਿਛੋਂ ਪ੍ਰੈਸ ਵਲ ਨੂੰ ਦੌੜਦਾ ਹੈ, ਹਰ ਕਹਾਣੀਕਾਰ ਇਕ ਅੱਧ ਕੱਚੀ ਪਿੱਲੀ ਕਹਾਣੀ ਕਿਸੇ ਗੁਮਨਾਮ ਰਸਾਲੇ ਵਿਚ ਛਪਵਾਉਣ ਪਿਛੋਂ ਆਪਣੀਆਂ ਕਹਾਣੀਆਂ ਦੇ ਸੰਗ੍ਰਹਿ ਛਾਪਣ ਦੀ ਕਰਦਾ ਹੈ। ਨਿਪੁੰਨਤਾ ਪਰਾਪਤ ਕੀਤੇ ਬਿਨਾ ਜਿਹੜੀ ਵੀ ਅਜਿਹੀ ਰਚਨਾ ਪਰਕਾਸ਼ਨ ਜਗਤ ਵਿਚ ਆਵੇਗੀ, ਉਸ ਦਾ ਕੋਈ ਵਡਾ ਮੁਲ ਨਹੀਂ ਪਵੇਗਾ। ਅਨੇਕਾਂ ਕਾਵਿ ਸੰਗ੍ਰਹਿ ਜਾਂ ਕਹਾਣੀਆਂ ਦੀਆਂ ਪੁਸਤਕਾਂ ਪਿਛੋਂ ਰੱਦੀ ਦੇ ਭਾ ਵਿਕਦੀਆਂ ਵੇਖੀਆਂ ਸੁਣੀਆਂ ਜਾਂਦੀਆਂ ਹਨ। ਫਿਰ ਇਥੇ ਹੀ ਬਸ ਨਹੀਂ, ਹਰ ਨਵ-ਪੁੰਗਰਦਾ ਸਾਹਿਤਕਾਰ ਆਪਣੀ ਕਚੇਰੀ ਰਚਨਾ ਨੂੰ ਛਾਪਣ ਸਮੇਂ ਵਡੇ ਵਡੇ ਕਲਾਕਾਰਾਂ ਜਾਂ ਪ੍ਰਸਿਧ ਵਿਅਕਤੀਆਂ ਪਾਸੋਂ ਮੁਖ-ਬੰਧ, ਭੂਮਿਕਾ ਤੇ ਦੋ-ਸ਼ਬਦ ਲਿਖਵਾਉਣ ਲਈ ਤਰਲੇ ਲੈਂਦਾ ਹੈ ਤੇ ਚਾਹੁੰਦਾ ਹੈ, ਕਿ ਮੁਖ-ਬੰਧ ਵਿਚ ਉਸ ਨੂੰ ਵਾਰਸ ਜਾਂ ਭਾ. ਵੀਰ ਸਿੰਘ ਦੇ ਬਰੋਬਰ ਦਾ ਕਿਹਾ ਜਾਵੇ। ਸਾਨੂੰ ਇਹ ਵੀ ਲਿਖਣ ਵਿਚ ਰਤਾ ਸੰਕੋਚ ਨਹੀਂ, ਕਿ ਸਾਡੇ ਸ੍ਰੋਮਣੀ ਸਾਹਿਤਕਾਰ ਨਵ-ਪੁੰਗਰਦੇ ਰਚਨਹਾਰੇ ਦੀ ਖ਼ੁਸ਼ਾਮਦ ਜਾਂ ਪ੍ਰਸੰਸਾ ਲਈ ਉਸ ਦੀ ਕ੍ਰਿਤ ਦੀ ਮਹਾਨਤਾ ਦਸਣੋਂ ਸੰਕੋਚ ਨਹੀਂ ਕਰਦੇ। ਸਾਡੇ ਪਾਸ ਇਕ ਅਜਿਹੇ ਨਵ-ਪੁੰਗਰਦੇ ਕਵੀ ਦੀ ਛਪ ਰਹੀ ਪੁਸਤਕ ਦੇ ਕੁਝ ਫਰਮੇ ਇਸ ਲਈ ਭੇਜੇ ਗਏ, ਕਿ ਅਸੀਂ ਉਸ ਦੀ ਭੂਮਿਕਾ ਅਰਥਾਤ ਪ੍ਰਸੰਸਾ ਲਿਖ ਦੇਈਏ। ਸਾਡੀ ਈਮਾਨਦਾਰਾਨਾ ਰਾਏ ਵਿਚ ਉਸ ਵਿਚ ਬਹੁਤ ਉਣਤਾਈਆਂ ਸਨ, ਜਿਨ੍ਹਾਂ ਨੂੰ ਅਸਾਂ ਸਾਫ ਸਾਫ ਲਿਖ ਦਿਤਾ ਤੇ ਕਿਹਾ ਕਿ ਜਦ ਤਕ ਭਾਸ਼ਾ ਦੀਆਂ ਅਜਿਹੀਆਂ ਗ਼ਲਤੀਆਂ ਸ਼ੁਧ ਨ ਕਰ ਲਈਆਂ ਜਾਣ, ਇਹ ਪੁਸਤਕ ਜਾਂ ਕਾਵਿ ਸੰਗ੍ਰਹਿ ਨ ਛਪਵਾਇਆ ਜਾਵੇ। ਪਰੰਤੂ ਸਾਡੀ ਹੈਰਾਨੀ ਦੀ ਹੱਦ ਨ ਰਹੀ, ਜਦ ਅਗਲੇ ਮਹੀਨੇ ਹੀ ਉਹ ਪੁਸਤਕ 'ਦਾਗ਼' ਨਾਮ ਹੇਠ ਛਪਕੇ ਪੁਸਤਕ-ਮੰਡੀ ਵਿਚ ਵੀ ਆ ਗਈ, ਤੇ ਉਸ ਦੀ ਭੂਮਿਕਾ ਇਕ ਨਹੀਂ, ਤਿੰਨ ਚਾਰ ਸ੍ਰੋਮਣੀ ਸਾਹਿਤਕਾਰਾਂ ਦੇ ਪ੍ਰਸੰਸਾ ਭਰੇ ਵਿਚਾਰਾਂ ਨਾਲ ਅਲੰਕ੍ਰਿਤ ਵੇਖੀ, ਹਾਲਾਂ ਕਿ ਉਹ ਬਹੁਤ ਹੱਦ ਤਕ ਦਾਗ਼ੀ ਸੀ। ਕੀ ਸਾਡੇ ਨਵ-ਪੁੰਗਰਦੇ ਰਚਨਹਾਰਿਆਂ ਦਾ ਇਹ ਫਰਜ਼ ਨਹੀਂ ਕਿ ਉਹ ਅਜਿਹੇ ਸੰਗ੍ਰਹਿ ਛਾਪ ਕੇ ਪੰਜਾਬੀ ਸਾਹਿਤ ਨੂੰ ਦਾਗ਼ਦਾਰ ਨ ਕਰਨ। ਅਤੇ ਕੀ ਸਾਡੇ ਆਲੋਚਕਾਂ ਦਾ ਇਹ ਧਰਮ ਨਹੀਂ, ਕਿ ਉਹ ਹਰ ਐਰੇ ਗੈਰੇ ਦੀ ਲਿਖਤ ਦੀ ਭੂਮਿਕਾ ਲਿਖਣ ਲਗਿਆਂ ਈਮਾਨਦਾਰੀ ਤੋਂ ਕੰਮ ਲੈਣ। ਲਿਖਣਹਾਰੇ ਨੂੰ ਕੀ ਤੇ ਕਾਹਲੀ ਲੋੜ ਹੈ, ਕਿ ਉਹ ਆਪਣੀ ਪੁਸਤਕ ਪਾਠਕਾਂ ਤਕ ਪੁਜਣ ਤੇ ਉਨ੍ਹਾਂ ਦਾ ਪ੍ਰਤਿਕਰਮ ਵੇਖਣ ਤੋਂ ਪਹਿਲਾਂ ਹੀ ਕਿਸੇ ਇਕ ਵਡੇ ਲੇਖਕ ਦੇ ਵਿਚਾਰ, ਜਿਹੜੇ ਬਹੁਤ ਘਟ ਸਚਿਆਈ ਪੁਰ ਨਿਰਭਰ ਹੁੰਦੇ ਹਨ, ਪੁਸਤਕ ਦੇ ਮੁਹਰੇ ਪਾਠਕਾਂ ਲਈ ਠੋਸ ਦੇਵੇ।

ਅਸੀਂ ਨਵ-ਪੁੰਗਰਦੇ ਸਾਹਿਤ-ਸਿਰਜਣੀਆਂ ਪਾਸ ਪੁਰਜ਼ੋਰ ਅਪੀਲ ਕਰਾਂਗੇ, ਕਿ ਉਹ ਸਬਰ, ਸੰਤੋਖ, ਠਰੰਮੇ, ਗੰਭੀਰਤਾ ਤੇ ਸਿਆਣਪ ਤੋਂ ਕੰਮ ਲੈਣ। ਆਪਣੀਆਂ ਕ੍ਰਿਤਾਂ ਨੂੰ ਮਾਂਜਣ, ਸਵਾਰਨ ਤੇ ਆਪਣੇ ਵਿਸ਼ੇਸ਼ ਸਾਹਿਤ-ਖੇਤਰ ਵਿਚ ਲਗਾਤਾਰ ਮਸ਼ਕ ਦੁਆਰਾ ਨਿਪੁੰਨਤਾ ਹਾਸਲ ਕੀਤੇ ਬਿਨਾ ਪੁਸਤਕਾਂ ਛਾਪਣ ਦੀ ਕਾਹਲ ਨ ਕਰਨ। ਅਜਿਹੀਆਂ ਕੱਚੀਆਂ ਪਿੱਲੀਆਂ ਪੁਸਤਕਾਂ ਉਨ੍ਹਾਂ ਨੂੰ ਉਜਾਗਰ ਕਰਨ ਦੀ ਥਾਂ ਉਨ੍ਹਾਂ ਨੂੰ ਸਾਹਿਤ-ਸੰਸਾਰ ਵਿਚ ਅਛੂਤਾਂ ਵਾਲੀ ਪਦਵੀ ਤਾਂ ਭਾਵੇਂ ਪਰਦਾਨ ਕਰ ਦੇਣ, ਉਨ੍ਹਾਂ ਨੂੰ ਸਾਹਿਤ-ਆਕਾਸ਼ ਪੁਰ ਕਦੀ ਵੀ ਚਮਕਣ ਯੋਗ ਨਹੀਂ ਬਣਨ ਦੇਣਗੀਆਂ। ਚੜ੍ਹਦੇ ਚੰਨ ਨੇ ਕਦੀ ਕਾਹਲ ਨਹੀਂ ਕੀਤੀ ਕਿ ਉਹ ਦੂਜੇ ਦਿਨ ਹੀ ਸਾਰੇ ਆਕਾਸ਼ ਨੂੰ ਰੋਸ਼ਨ ਕਰ ਦੇਵੇ। ਉਸ ਲਈ ਪੂਰਨ ਚਾਨਣੀ ਪਰਾਪਤ ਕਰਨ ਖ਼ਾਤਰ ਪੂਰੇ ਪੰਦਰਾਂ ਦਿਨਾਂ ਦੀ ਲੋੜ ਤੇ ਘਾਲ ਜ਼ਰੂਰੀ ਹੁੰਦੀ ਹੈ।

ਕੀ ਸਾਡੇ ਬਹੁ-ਵਿਸਥਾਰੀ ਤੇ ਨਵ-ਪੁੰਗਰਦੇ ਲੇਖਕ ਸਾਡੇ ਇਨ੍ਹਾਂ ਵਿਚਾਰਾਂ ਵਲ ਧਿਆਨ ਦਿੰਦੇ ਹਨ ਜਾਂ ਨਹੀਂ? ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ, ਪਰੰਤੂ ਅਸੀਂ ਏਸ ਕਵੀਆਂ ਨੂੰ ਜ਼ਰੂਰ ਬਿਨੈ ਕਰਾਂਗੇ, ਕਿ ਉਹ ਹਰ ਨਵ-ਪੁੰਗਰਦੇ ਸਾਹਿਤਕਾਰ ਨੂੰ ਸ੍ਰੋਮਣੀ ਸਾਹਿਤਕਾਰ ਬਣਨ ਤੋਂ ਪਹਿਲਾਂ ਹੀ ਟੀਸੀ ਪੁਰ ਨ ਚੜ੍ਹਾ ਦੇਣ, ਇਸ ਤਰ੍ਹਾਂ ਉਹ ਆਪ ਹੌਲੇ ਹੁੰਦੇ ਹਨ, ਤੇ ਦੋ ਚਾਰ ਅਜਿਹੀਆਂ ਭੂਮਿਕਾਵਾਂ ਲਿਖਣ ਉਪ੍ਰੰਤ ਉਹ ਵੀ ਦੂਜੇ ਤੇਜਾ ਸਿੰਘ ਵਾਲੀ ਸ਼ੁਹਰਤ ਤੇ ਪਦਵੀ ਪਰਾਪਤ ਕਰ ਲੈਣਗੇ। ਜਿਨ੍ਹਾਂ ਦੇ ਪੁਸਤਕ-ਪਹਿਲਾਂ ਦਿਤੇ ਵਿਚਾਰਾਂ ਦਾ ਕੋਈ ਮੁੱਲ ਵੀ ਨਹੀਂ ਪਵੇਗਾ। ਆਲੋਚਨਾ ਜਾਂ ਸਾਹਿਤਕ ਪ੍ਰਸੰਸਾ ਕੇਵਲ ਚੰਗੇ ਸ਼ਬਦਾਂ ਰਾਹੀਂ ਹੀ ਨਹੀਂ ਦਿਤੀ ਜਾ ਸਕਦੀ, ਉਹ ਉਣਤਾਈਆਂ ਤੇ ਕਮਜ਼ੋਰੀਆਂ ਪ੍ਰਗਟ ਕਰਨ ਨਾਲ ਸਗੋਂ ਵਧੇਰੇ ਪ੍ਰਭਾਵਸ਼ਾਲੀ ਤੇ ਸ਼ਕਤੀਮਾਨ ਸਾਬਤ ਹੁੰਦੀ ਹੈ ਤੇ ਉਨ੍ਹਾਂ ਦੀ ਸਾਹਿਤਕ ਈਮਾਨਦਾਰੀ ਦੀ ਸਾਖੀ ਭਰਦੀ ਹੈ।

ਆਸ ਹੈ ਸਾਡੇ ਅਨੇਕ ਸਾਹਿਤਕਾਰ ਤੇ ਪ੍ਰਸਿਧ ਭੂਮਕਈਏ ਪੰਜਾਬੀ ਸਾਹਿਤ ਨੂੰ ਅਜਿਹੀ ਦਾਗ਼ ਲਾਉਣੋਂ ਬਚਾਉਣਗੇ ਤੇ ਪੰਜਾਬੀ ਜਗਤ ਨੂੰ ਨਿਪੁੰਨ, ਸੁਚੱਜਾ, ਸੁਲਝਿਆ ਹੋਇਆ, ਪ੍ਰਬੀਨ, ਪੱਕਾ ਤੇ ਸਦਾ-ਰਹਿਣਾ ਸਾਹਿਤ ਪੇਸ਼ ਤੇ ਪਰਦਾਨ ਕਰਨ ਵਿਚ ਸਹਾਈ ਹੋਣਗੇ।

ਜੀਤ ਸਿੰਘ ਸੀਤਲ

ਇਹ ਅੰਕ

ਫ਼ਰਵਰੀ ਦੇ ਨਿਕੇ ਜਿਹੇ ਮਹੀਨੇ ਵਾਂਗ ਇਹ ਫ਼ਰਵਰੀ ੧੯੬੧ ਦਾ ਅੰਕ ਵੀ ਆਕਾਰ ਵਿਚ ਛੋਟਾ ਹੈ, ਪਰ ਜਿਵੇਂ ਫਰਵਰੀ ਦਾ ਮਹੀਨਾ ਆਉਣ ਵਾਲੇ ਬਹਾਰ ਦੇ ਮਹੀਨਿਆਂ ਦਾ ਪੇਸ਼ਰੌ ਹੁੰਦਾ ਹੈ, ਇਵੇਂ ਹੀ ਸਾਡਾ ਇਹ ਅੰਕ ਆਉਣ ਵਾਲੇ ਮਾਰਚ ਦੇ ਵਿਸ਼ੇਸ਼ ਅੰਕ '੧੯੬੦ ਦਾ ਪੰਜਾਬੀ ਸਾਹਿਤ' ਤੇ ਮਈ ਦੇ ਮਹਾਨ 'ਟੈਗੋਰ ਅੰਕ' ਦਾ ਸੂਚਕ ਹੈ। ਇਸ ਅੰਕ ਵਿਚ ਅਸੀਂ ਦਸ ਕੁ ਨਿਕੇ ਨਿਕੇ ਪਰ ਨਿੱਗਰ ਸਾਹਿਤਕ ਲੇਖ ਦੇ ਰਹੇ ਹਾਂ। ਕਸ਼ਮੀਰ ਸਾਡੇ ਦੇਸ਼ ਦਾ ਰਿਸ਼ੀਆਂ ਵਰਗਾ ਬਜ਼ੁਰਗਾਨਾ ਸਿਰ ਹੈ, ਜਿਸ ਦੀਆਂ ਚਿੱਟੀਆਂ ਲਿਟਾਂ ਵਿਚੋਂ ਦੁੱਧ ਦੀਆਂ ਨਦੀਆਂ ਵਗ ਵਗ ਉਤਰੀ ਭਾਰਤ ਦੀ ਮਿੱਟੀ ਨੂੰ ਸੋਨਾ ਬਣਾਉਂਦੀਆਂ ਨਹੀਂ ਥੱਕਦੀਆਂ। ਇਸ ਸੁੰਦਰਤਾ ਤੇ ਗੁਰਬਤ ਦੇ ਦੇਸ਼ ਦੀ ਝਲਕ ਪੰਜਾਬੀ ਕਵਿਤਾ ਦੇ ਸ਼ੀਸ਼ੇ ਵਿਚੋਂ ਡਾ. ਜੀਤ ਸਿੰਘ ਸੀਤਲ ਨੇ ਆਪਣੀ ਸਰੋਦੀ ਸ਼ੈਲੀ ਸਹਿਤ ਦਰਸਾਉਣ ਦਾ ਜਤਨ ਕੀਤਾ ਹੈ।

ਪੰਜਾਬੀ ਸਾਹਿਤ ਦੀ ਰੂਪ ਰੇਖਾ ਨਿਕਲਣੀ ਹੈ। ਇਸ ਹਾਲੀ ਪੱਕੀ ਰੇਣਾ ਹੈ, ਇਸ ਦੇ ਆਦਿ, ਮੂਲ, ਜਾਂ ਸੋਮਿਆਂ ਤਕ ਲੈ ਜਾਣ ਵਾਲੇ ਧਾਗੇ ਘਟ ਹੀ ਮਿਲਦੇ ਹਨ। ਇਸ ਤੰਦ ਨੂੰ ਸ੍ਰੀ ਨਰੇਂਦਰ ਧੀਰ ਨੇ 'ਪੰਜਾਬੀ ਦੁਨੀਆ' ਦੇ ਅਗਸਤ, ੧੯੬੦ ਅੰਕ ਵਿਚ ਛੋਹਿਆ ਸੀ, ਉਸੇ ਤੰਦ ਨੂੰ 'ਪੰਜਾਬੀ ਬੋਲੀ ਬਾਰੇ ਨੋਟ: ੨' ਲੇਖ ਲਮੇਰਿਆਂ ਖੜਦਾ ਹੈ। ਇਹ ਪੁਰਾਤਨ ਤੇ ਪਰਮਾਣੀਕ ਕਾਲ ਨੂੰ ਆਪਣੇ ਅੰਦਰ ਲਪੇਟਦਾ ਹੈ ਤੇ ਇਸ ਦੇ ਅਨ੍ਹੇਰੇ ਪਖ ਨੂੰ ਉਜਾਗਰ ਕਰਨ ਦਾ ਸਫਲ ਜਤਨ ਹੈ। ਇਸੇ ਲੜੀ ਦਾ ਤੀਜਾ ਲੇਖ 'ਆਧੁਨਿਕ ਕਾਲ' ਦਾ ਵਰਣਨ ਹੈ, ਜਿਸ ਨੂੰ ਅਸੀਂ ਕਿਸੇ ਅਗਲੇਰੇ ਅੰਕ ਵਿਚ ਦਿਆਂਗੇ।

ਜੇਹਾ ਕਿ ਅਸਾਂ ਦਸੰਬਰ, ੧੯੬੦ ਦੇ ਅੰਕ ਦੇ ਸੰਪਾਦਕੀ ਵਿਚ ਆਪਣੇ ਸਤਿਕਾਰ ਯੋਗ ਲੇਖਕਾਂ ਤੇ ਸੁਹਿਰਦ ਪਾਠਕਾਂ ਦਾ ਧਿਆਨ ਪੰਜਾਬੀ ਅਧਿਆਤਮਕ ਸਾਹਿਤ ਵਲ ਦਵਾਇਆ ਸੀ, ਤੇ ਸੰਕੇਤ ਕੀਤਾ ਸੀ, ਕਿ ਅਸੀਂ ਹਰ ਮਹੀਨੇ ਇਕ ਨ ਇਕ ਲੇਖ ਅਜਿਹਾ ਦੇਣ ਦੀ ਪੂਰੀ ਕੋਸ਼ਿਸ਼ ਕੀਤਾ ਕਰਾਂਗੇ, ਉਸੇ ਦੇ ਪ੍ਰੀਣਾਮ ਵਜੋਂ ਸਾਨੂੰ ਪ੍ਰਸੰਨਤਾ ਤੇ ਮਾਣ ਹੈ ਕਿ ਅਸੀਂ ਪ੍ਰਸਿਧ ਹੋਏ ਲੇਖਕ ਸ੍ਰੀ ਹਜ਼ਾਰਾ ਸਿੰਘ ਜੀ ਦਾ ਇਕ ਲੇਖ 'ਆਸਾ ਦੀ ਵਾਰ' ਦੇ ਰਹੇ ਹਾਂ, ਜਿਹੜਾ ਸਾਹਿਤਕ ਵਿਸ਼ਲੇਸ਼ਣ ਦੇ ਨਾਲ ਨਾਲ ਇਸ ਮਹਾਨ ਵਾਰ ਦਾ ਦਾਰਸ਼ਨਕ ਅਧਿਐਨ ਵੀ ਕਿਹਾ ਜਾ ਸਕਦਾ ਹੈ। ਸਾਡੀ ਇਛਾ ਹੈ, ਕਿ ਸਾਰੀਆਂ ਹੀ ਸ਼੍ਰੋਮਣੀ ਬਾਣੀਆਂ ਦਾ ਸਾਹਿਤਕ ਨਿਰੀਖਣ ਅਸੀਂ ਵਾਰੋ ਵਾਰੀ ਦੇਂਦੇ ਰਹੀਏ।

ਪੰਜਾਬੀ ਦੇ ਬਹੁਤ ਸਾਰੇ ਗੁੱਝੇ ਲਿਖਾਰੀਆਂ ਤੇ ਕਵੀਆਂ ਆਦਿ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਹਾਲੀ ਤਕ ਪਾਰਖੂਆਂ ਦੀ ਨਜ਼ਰੋਂ ਓਹਲੇ ਹੀ ਪਈਆਂ ਹਨ। ਅਸੀਂ ਜਤਨ ਕਰਦੇ ਹਾਂ, ਕਿ ਪੰਜਾਬੀ ਦੁਨੀਆ ਰਾਹੀਂ ਅਜਿਹੇ ਗੁਮਨਾਮ ਤੇ ਗੁਝੇ ਕਵੀਆਂ ਤੇ ਲਿਖਾਰੀਆਂ ਦੀ ਪਾਠਕਾਂ ਨਾਲ ਜਾਣ ਪਛਾਣ ਕਰਾਈ ਜਾਵੇ। ਇਸ ਵੇਰ ਬਾਵਾ ਬਲਵੰਤ ਜੀ ਦਾ ਵਿਸਥਾਰਕ ਲੇਖ 'ਗੁਰਾਂ ਦਿਤਾ ਸੋ ਖੰਨਾ' ਪੁਰ ਦਿਤਾ ਜਾ ਰਿਹਾ ਹੈ, ਜਿਸ ਵਿਚ ਸੂਝਵਾਨ ਲੇਖਕ ਨੇ ਉਨ੍ਹਾਂ ਦੀ ਕਵਿਤਾ ਦੀਆਂ ਵਿਸ਼ੇਸ਼ਤਾਈਆਂ ਵੀ ਉਜਾਗਰ ਕਰਨ ਦਾ ਕਾਮਯਾਬ ਉਪਰਾਲਾ ਕੀਤਾ ਹੈ।

ਸਾਡੀ ਅਜੋਕੀ ਗੱਦ ਹਾਲੀ ਅੰਞਾਣੀ ਬਾਲੜੀ ਹੈ। ਇਸ ਨੂੰ ਪੂਰਨ ਸਿੰਘ ਤੇ ਭਾ. ਵੀਰ ਸਿੰਘ 'ਕੁਝ ਸਮਾਂ' ਖਿਡਾ ਗਏ, ਪਰੰਤੂ ਇਹ ਹਾਲਾਂ ਰਿੜ੍ਹਨਾ ਵੀ ਨਹੀਂ ਸਿਖੀ। ਆਧੁਨਿਕ ਗੱਦ ਅਤੇ ਗੱਦਕਾਰਾਂ ਪੁਰ ਸ੍ਰੀ ਸੁਖਪਾਲਵੀਰ ਸਿੰਘ ਹਸਰਤ ਜੀ ਦਾ ਇਹ ਸੰਖਿਪਤ ਜੇਹਾ ਲੇਖ ਹੈ, ਜਿਹੜਾ ਵਰਤਮਾਨ ਪੰਜਾਬੀ ਗੱਦ-ਸੰਸਾਰ ਪੁਰ ਇਕ ਪੰਛੀ-ਝਾਤ ਹੈ, ਇਸ ਤੋਂ ਅਜ ਦੀ ਪੰਜਾਬੀ ਗੱਦ ਦੀ ਦਸ਼ਾ ਸਹਿਜੇ ਹੀ ਦਿਸ ਜਾਂਦੀ ਹੈ। ਅਸੀਂ ਆਪਣੇ ਸਰਬੰਗੀ ਕਲਾਕਾਰ ਲੇਖਕਾਂ ਪਾਸ ਖਿਮੇਂ ਕਰਾਂਗੇ ਕਿ ਉਹ ਪੰਜਾਬੀ ਗੱਦ ਨੂੰ ਉੱਨਤ ਕਰਨ ਤੇ ਸਰੋਦੀ, ਸਾਦਾ ਤੇ ਭਾਵ—ਜਨਕ ਬਣਾਉਣ ਵਲ ਉਚੇਚਾ ਧਿਆਨ ਦੇਣ। ਪੰਜਾਬੀ ਗਿਆਨ ਵਿਗਿਆਨ ਦੀਆਂ ਸਿਖਰਾਂ ਨੂੰ ਉਚੇਰੀ ਗੱਦ ਹੀ ਛੁਹ ਸਕਦੀ ਹੈ।

ਲੋਕ ਅਖਾਣ ਤੇ ਲੋਕ ਗੀਤ ਹਰ ਸਾਹਿਤ ਦਾ ਵਡਮੁਲਾ ਖ਼ਜ਼ਾਨਾ ਹੋਇਆ ਕਰਦੇ ਹਨ। ਸਾਡੀ ਇਹ ਕੋਸ਼ਿਸ਼

ਦੀ ਹੈ ਕਿ ਹਰ ਅੰਕ ਵਿਚ ਇਕ ਨ ਇਕ ਅਜਿਹਾ ਲੇਖ ਜ਼ਰੂਰ ਦਿਤਾ ਜਾਵੇ ਜਿਸ ਵਿਚ ਇਸ ਕੀਮਤੀ ਖ਼ਜ਼ਾਨੇ ਦੇ ਬਹੁ-ਮੁਲੇ ਹੀਰੇ ਮੋਤੀ ਆਪਣੀ ਆਭਾ ਦੀ ਝਾਅ ਮਾਰਦੇ ਦਿਸਣ । ਇਸ ਵਾਰ ਵੀ ਅਸੀਂ ਦੋ ਅਜਿਹੇ ਲੇਖ ਦੇ ਰਹੇ ਹਾਂ । ਇਕ ਸ੍ਰੀ ਤਖਤ ਸਿੰਘ ਜੀ ਦਾ 'ਲੋਕ ਅਖਾਣ ਕਸਵੱਟੀ ਤੇ' ਅਤੇ ਦੂਜਾ ਸ੍ਰੀ ਹਰਕੇਸ਼ ਸਿੰਘ ਕਹਿਲ ਦਾ 'ਲੋਕ-ਗੀਤਾਂ ਵਿਚ ਬਾਬਲ' । ਹਲਕੇ ਸਾਹਿਤਕ ਲੇਖ ਹੋਣ ਕਾਰਨ ਪਾਠਕ ਇਨ੍ਹਾਂ ਦਾ ਰਸ ਸੁਭਾਵਕ ਹੀ ਮਾਣ ਸਕਣਗੇ ।

ਟੈਗੋਰ ਦੀ ਸੌ ਬਰਸੀ ਇਸ ਸਾਲ ਮਈ ਵਿਚ ਆ ਰਹੀ ਹੈ, ਜਿਸ ਮਹੀਨੇ ਅਸੀਂ ਟੈਗੋਰ ਦਾ ਵਿਸ਼ੇਸ਼ ਅੰਕ ਵੀ ਕੱਢ ਰਹੇ ਹਾਂ । ਇਸ ਮਹਾਨ ਕਲਾਕਾਰ, ਸਾਹਿਤਕਾਰ ਦੇਸ਼ ਭਗਤ, ਤੇ ਮਾਨਵਤਾ ਦੇ ਕਵੀ ਦੀ ਯਾਦ ਨੂੰ ਸੁਰਜੀਵਤ ਤੇ ਤਾਜ਼ਾ ਰਖਣ ਲਈ ਅਸੀਂ ਦਸੰਬਰ ੬੦ ਤੋਂ ਹੀ ਹਰ ਮਹੀਨੇ 'ਟੈਗੋਰ ਪਾਠ' ਹੇਠ ਟੈਗੋਰ ਦੀ ਕਿਸੇ ਨ ਕਿਸੇ ਰਚਨਾ ਦਾ ਅਨੁਵਾਦ ਦੇਂਦੇ ਆ ਰਹੇ ਹਾਂ । ਇਸ ਅੰਕ ਵਿਚ ਅਸੀਂ ਸ੍ਰੀ ਜਗਜੀਤ ਸਿੰਘ 'ਅਨੰਦ' ਦਾ ਟੈਗੋਰ ਅਨੁਵਾਦ 'ਵੀਰਾਨ ਵਿਚ' ਦੇ ਸਿਰਲੇਖ ਹੇਠ ਦੇ ਰਹੇ ਹਾਂ । ਇਹ ਸਿੱਧਾ ਮੂਲ ਅਥਵਾ ਬੰਗਾਲੀ ਤੋਂ ਉਲਥਾਇਆ ਹੋਣ ਕਾਰਨ ਆਪਣੇ ਅਸਲ ਰੰਗ ਨੂੰ ਪਕਿਆਂ ਰੱਖ ਸਕਿਆ ਹੈ । ਸਾਨੂੰ ਵਿਸ਼ਵਾਸ ਹੈ ਪਾਠਕ ਇਸ ਦੇ ਸਾਹਿਤਕ ਸੁਆਦ ਨੂੰ ਚੱਖ ਸਕਣਗੇ ।

ਜਨ-ਪਾਠਕ ਭਾਗ, ਜਿਸ ਨੇ ਸ਼ੀਘਰ 'ਜਨ-ਸਾਹਿਤ' ਮਾਸਕ ਪੱਤਰ ਵਿਚ ਬਦਲ ਜਾਣਾ ਹੈ, ਨੂੰ ਅਸੀਂ ਇਸ ਵਾਰ ਵੀ ਕਈ ਇਕ ਸੁਭਾਗੀ ਸਾਹਿਤਕਾਰਾਂ, ਕਵੀਆਂ ਤੇ ਲੇਖਕਾਂ ਦੀਆਂ ਮੌਲਕ ਰਚਨਾਵਾਂ ਨਾਲ ਭਾਗ ਲਾ ਸਕੇ ਹਾਂ । ਇਸ ਭਾਗ ਵਿਚ ਭਾਗ ਲੈਣ ਵਾਲਿਆਂ ਵਿਚੋਂ ਸਰਵ ਸ੍ਰੀ ਅਵਤਾਰ ਸਿੰਘ ਅਜ਼ਾਦ, ਡਾ. ਆਰ. ਐਲ. ਆਹੂਜਾ, ਪਿਆਰਾ ਸਿੰਘ ਪਦਮ, ਗੁਲਵੰਤ ਫ਼ਾਰਗ, ਈਸ਼ਰ ਸਿੰਘ ਤਾਂਘ, ਸਰਬੰਸ, ਤਾਰਾ ਸਿੰਘ ਕੋਮਲ, ਸ਼ਾਕਿਰ ਪੁਰਸ਼ਾਰਥੀ ਰਾਜ ਦੁਲਾਰ, ਪਿਆਰੇ ਲਾਲ ਅਮਰ ਆਦਿ ਦੇ ਨਾਮ ਖਾਸ ਕਰ ਕੇ ਵਰਣਨ ਯੋਗ ਹਨ । ਸਾਨੂੰ ਪੂਰਨ ਆਸ ਹੈ, ਪੰਜਾਬੀ-ਸਾਹਿਤ ਪ੍ਰੇਮੀ ਇਸ ਅੰਕ ਨੂੰ ਇਕ ਨਿਕਾ ਜੇਹਾ ਪਰ ਕੀਮਤੀ ਹੀਰਾ ਸਮਝ ਕੇ ਇਸ ਨੂੰ ਸਰਮਾਇਆ—ਡੱਬੀ ਵਿਚ ਸਾਂਭ ਸਾਂਭ ਰਖਣਗੇ ।

ਜ. ਸ. ਸ.

ਪੰਜਾਬੀ ਸਾਹਿਤ

'ਪੰਜਾਬੀ ਸਾਹਿਤ' ਤੇ ਡੂੰਘੀ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਇਸ ਦੀ ਰਚਨਾ ਦੀ ਪਰੇਰਨਾ ਸਾਡੇ ਬਲਵੰਤ, ਸਿੱਧੇ ਸਾਦੇ, ਸਾਦ-ਮੁਰਾਦੇ, ਪਵਿੱਤਰ ਹਿਰਦੇਵਾਨ ਪੰਜਾਬੀਆਂ ਨੂੰ ਚਾਰ ਚੀਜ਼ਾਂ ਨੇ ਦਿੱਤੀ ਹੈ: ਸੁਹੱਪਣ ਤੇ ਸੂਰਬੀਰਤਾ ਨੇ, ਆਤਮ-ਵਾਦ ਤੇ ਪ੍ਰਾਕਰਮ ਦੀ ਸਮਾਂਦਰੂ ਰੁਚੀ ਨੇ । ਪੰਜਾਬ-ਸਰਹਦੀ ਸੂਬਾ ਹੈ, ਏਸ ਕਰਕੇ ਪੰਜਾਬੀਆਂ ਨੂੰ ਸਦਾ ਤੋਂ ਬਾਹਰਲਿਆਂ ਦਿਆਂ ਹੱਲਿਆਂ ਤੇ ਉਨ੍ਹਾਂ ਦੀ ਲੁੱਟ-ਮਾਰ ਸਾੜ-ਫੂਕ ਕਤਲ, ਬੇ-ਅਬਰੋਈ ਦਾ ਸਾਹਮਣਾ ਕਰਨਾ ਪਿਆ ਹੈ । ਨਿੱਤ ਦਿਆਂ ਪੁਆੜਿਆਂ ਤੋਂ ਬਚਾਉ ਦੀ ਪ੍ਰਬਲ ਇੱਛਾ ਨੇ ਹਰੇਕ ਪੰਜਾਬੀ ਵਿਚ ਬਹਾਦਰੀ, ਜੀਵਨ ਉਤੇ ਚੌੜੀ ਦਿੱਠ, ਨਿਰੋਇਆ, ਦੇਸ-ਪਿਆਰ ਤੇ ਭਾਵੇ ਵਾਹਿਗੁਰੂ ਦਾ ਭੈ ਭਰ ਦਿਤਾ ਹੈ । ਸਾਡੇ ਸੰਤ ਸਿਪਾਹੀ ਪੰਜਾਬੀ ਸ਼ਿੰਗਾਰ ਰਸ ਦਿਆਂ ਰੰਗਾਂ ਅਤੇ ਸਾਬਤ ਵਿਸ਼ਵਾਸ ਦੀਆਂ ਜੋਸ਼-ਦਿਵਾਊ ਖੁਸ਼ਬੋਈਆਂ ਉਤੇ ਝੂਲ ਝੂਲ ਪੈਂਦੇ ਆਏ ਹਨ । ਸਾਡਾ ਰਾਗ ਤੇ ਸਪਸ਼ਟ ਜੀਵਨ-ਸਿਧਾਂਤ ਦੇ ਮੇਲ ਤੋਂ ਕਲਪਨਾ-ਭਰਿਆ ਸਾਹਿਤ, ਜਿਸ ਵਿਚ ਵਿਸ਼ੇਸ਼ ਥਾਂ ਹੈ ਲੋਕ-ਕਾਵਿ ਨੂੰ, ਅਤੇ ਸਰਬ-ਜਨਕ ਸਦਾਚਾਰ ਨੂੰ, —ਦੈਵੀ ਸੁੰਦਰਤਾ ਤੇ ਸੁੰਦਰ ਦੇਵੱਤ ਦੇ ਪਿਆਰ ਰੂਪੀ ਬੀਜ ਦਾ ਵਿਸਮਾਦ-ਉਪਜਾਊ ਫਲ ਹੈ ।

(ਡਾ. ਮੋਹਨ ਸਿੰਘ)

ਪੰਜਾਬੀ ਕਵਿਤਾ
ਵਿਚ
ਕਸ਼ਮੀਰ

ਜ. ਸ. ਸ.

"ਕਸ਼ਮੀਰ ਜੇਹਾ ਕੋਈ ਮੁਲਕ ਨਾਹੀਂ
ਨਹੀਂ ਚਾਨਣਾ ਚੰਨ ਦੇ ਨੂਰ ਜੇਹਾ"
(ਵਾਰਸ-ਹੀਰ)

ਦਰਿਆ ਅਟਕ ਦੇ ਪੂਰਬ ਤੇ ਰਾਵੀ ਦੇ ਪੱਛਮ ਵਲ ਨੂੰ ੮੦੯੦੦ ਵਰਗ ਮੀਲਾਂ ਪੁਰ ਫੈਲਿਆ ਹੋਇਆ ੩੨°੧੧' ਤੋਂ ੩੬°੫੮' ਲੰਮਕਾਰ ਤੇ ੭੩°੨੬' ਤੋਂ ੮੦°੩੦' ਵਿਥਕਾਰ ਵਿਚ ਸਥਿਰ ਇਕ ਵਿਸ਼ਾਲ ਬਹੁ-ਮੰਜ਼ਲੇ ਮਕਾਨ ਵਾਂਗ ਪੌੜੀਓਂ ਪੌੜੀ ਉਚਾ ਆਕਾਸ਼ਾਂ ਵਲ ਨੂੰ ਵਧਦਾ ਉਠਦਾ ਜਾਂਦਾ ਦੇਸ਼ ਕਸ਼ਮੀਰ ਹੈ—ਜਿਸ ਦਾ ਬੂਹਾ ਜੰਮੂ ਹੈ ਤੇ ਜਿਸ ਦਾ ਮੱਥਾ ਦੱਖਣ ਵੱਲ ਨੂੰ ਪੰਜਾਬ ਦੇ ਜਿਹਲਮ, ਗੁਜਰਾਤ, ਸਿਆਲਕੋਟ ਤੇ ਗੁਰਦਾਸਪੁਰ ਦੇ ਜ਼ਿਲਿਆਂ ਨੂੰ ਆਪਣੇ ਪੈਰਾਂ ਵਿਚ ਵਿਛਿਆ ਵੇਖਦਾ ਹੈ। ਪੀਰ ਪੰਜਾਲ ਇਸ ਦੀ ਬਰਫ਼ਾਨੀ ਟੋਪੀ ਹੈ, ਜਿਸ ਦੀਆਂ ਧੌਲੀ ਧਾਰ ਪਹਾੜੀਆਂ ਕੋਹ ਕਾਫ਼ ਵਾਂਗ ਪਵਿੱਤਰ ਤੇ ਸੁੰਦਰਤਾ-ਭਰਪੂਰ ਹਨ। ਵਾਰਸ ਨੂੰ ਹੀਰ ਜੱਟੀ ਸ਼ਾਇਦ ਇਸੇ ਲਈ ਧਰਤੀ ਕਸ਼ਮੀਰ ਦੀ ਧੌਲੀ-ਧਾਰ ਜਾਪਦੀ ਸੀ ਜਿਸ ਦਾ ਇਕਬਾਲ ਉਹ ਸੈਦੇ ਦੇ ਮੂੰਹੋਂ ਜੋਗੀ ਰਾਂਝੇ ਅਗੇ ਇਉਂ ਕਰਵਾਉਂਦਾ ਹੈ:—

"ਸਾਹੁ ਹੀਰ ਜੱਟੀ ਧੌਲੀ-ਧਾਰ ਦਿਸੇ,
ਕੋਹ ਕਾਫ਼ ਤੇ ਧਰਤ ਕਸ਼ਮੀਰ ਦੀ ਜੀ।"

ਪ੍ਰੋ. ਮੋਹਨ ਸਿੰਘ ਨੂੰ ਇਸ ਦੇ ਚਾਰ ਚੁਫੇਰੇ ਉਚੇ ਪਰਬਤ ਘਾਵਾਂ ਦੀ ਮਖ਼ਮਲੀ ਪੋਸ਼ਾਕ ਨਾਲ ਕਜੇ ਪੈਰਾਂ ਵਿਚ ਪਈ ਜ਼ੰਜੀਰਾਂ ਵਾਂਗ ਵਲ ਖਾਂਦੀਆਂ ਨਦੀਆਂ ਕੋਲੋਂ ਇੰਜ ਖਲੋਤੇ ਦਿਸਦੇ ਹਨ, ਜਿਵੇਂ ਇਹ ਜੁਗਾਂ ਜੁਗਾਂਤਰਾਂ ਤੋਂ ਇਸ ਧਰਤੀ ਦੇ ਮੋਹ-ਬੰਧਨ ਨਾਲ ਜਕੜੇ ਗਏ ਹੋਣ:—

'ਚਾਰ ਚੁਫੇਰੇ ਪਰਬਤ ਉਚੇ
ਨਾਲ ਘਾਵਾਂ ਦੇ ਕਜੇ
ਏਨ੍ਹਾਂ ਨਦੀਆਂ ਦੇ ਮੋਹ-ਬੰਧਨ
ਖੜ੍ਹੇ ਜੁਗਾਂ ਤੋਂ ਬਝੇ।'

ਇਸ 'ਟੁਕੜੀ ਜੁਗ ਤੋਂ ਨਿਆਰੀ' ਦੇ ਰਮਣੀਕ ਚੌਗਿਰਦੇ ਫੈਲੇ ਨੂੰ ਭਾਈ ਵੀਰ ਸਿੰਘ ਵੀ ਅਸਮਾਨੀ ਛੁਹ ਤੇ ਅਰਸ਼ੀ ਰਮਜ਼ਾਂ ਦੀ ਤਾਰਿਆਂ-ਵੱਤ ਜੜੀ ਝਿਮੀ ਨਾਲ ਲਪੇਟਿਆ ਵੇਖਦਾ ਹੈ। ਉਸ ਲਈ ਇਹ ਕਸ਼ਮੀਰ-ਧਰਤ ਦਾ ਟੋਟਾ ਅਸਮਾਨੋਂ ਉਤਰਿਆ ਜਾਪਦਾ ਹੈ; ਉਹ ਲਿਖਦਾ ਹੈ:—

"ਜਿਸ ਥਾਵੇਂ ਧਰਤੀ ਤੇ ਆ ਕੇ
ਇਹ ਮੁੱਠ ਡਿਗੀ ਸਾਰੀ
ਉਹ ਥਾਉਂ ਕਸ਼ਮੀਰ ਬਣ ਗਿਆ
ਟੁਕੜੀ ਜਗ ਤੋਂ ਨਿਆਰੀ।"

ਅਸਮਾਨੀ-ਛੁਹ ਦੇ ਚਾਨਣੇ ਵਿਚ ਕੁਦਰਤੀ ਤੇ ਲਿਸ਼ਕ ਪੁਸ਼ਕ ਕੇ ਸੰਵਰੀ ਧਰਤ ਦੀ ਹਿੱਕ ਚੋਂ ਆਕਾਸ਼ੀ ਰਮਜ਼ ਫੁੱਟ ਫੁੱਟ ਚਮਕਣ ਤੇ ਨਿਕਲਣ ਨੂੰ ਕਰਦੀ ਹੈ:—

"ਹੈ ਧਰਤੀ ਪਰ ਛੁਹ ਅਸਮਾਨੀ
ਸੁੰਦਰਤਾ ਵਿਚ ਲਿਸ਼ਕੇ।
ਧਰਤੀ ਦੇ ਰਸ, ਸੁਆਦ, ਨਜ਼ਾਰੇ,
ਰਮਜ਼ ਅਰਸ਼ ਦੀ ਚਮਕੇ।"

ਪ੍ਰੋ. ਮੋਹਨ ਸਿੰਘ ਅਨੁਸਾਰ ਤਾਂ ਇਥੋਂ ਦੇ ਪਾਣੀਆਂ ਦੀ ਹਿੱਕ ਨੂੰ ਵੀ ਮਾਨੋ ਅੱਗ ਲਗੀ ਹੋਵੇ ਤੇ ਉਹ ਬਰਫ਼ ਵਤ ਜੰਮੀ ਹੋਣ ਪੁਰ ਵੀ ਲਾਲ ਰੱਤੀ ਹੋ ਮੱਚ ਉਠਦੀ ਹੈ:—

"ਲੱਗੀ ਅੱਗ ਪਾਣੀ ਦੀ ਹਿੱਕ ਨੂੰ
ਬਰਫ਼ਾਂ ਹੋਈਆਂ ਰੱਤੀਆਂ।"

ਚਹੁੰ ਪਾਸੇ ਸ਼ਰਾਬੀ ਨਰਗਸਾਂ, ਹਰੀਆਂ ਲਗਰਾਂ ਵੱਤ ਅੰਗੂਰੀ ਵੇਲਾਂ, ਤੇ ਸੰਧੂਰ ਵਰਗੇ ਘਾਹਾਂ ਨੂੰ ਵੇਖ ਕੇ ਮਖ਼ਮਲੀ ਫ਼ਰਸ਼ ਵੀ ਨਾਦਮ ਤੇ ਸ਼ਰਮਸਾਰ ਹੋ ਨੀਵੀਂ ਪਾ ਲੈਂਦੇ ਹਨ। ਡਾ. ਫ਼ਕੀਰ ਮੁਹੰਮਦ ਕਹਿੰਦਾ ਹੈ:—

"ਕਿਧਰੇ ਮਸਤੀ ਸ਼ਰਾਬ ਦੀ ਵਿਚ ਨਰਗਸ,
ਵੇਲਾਂ ਕਿਤੇ ਸਰਸਬਜ਼ ਅੰਗੂਰ ਦੀਆਂ।
ਫ਼ਰਸ਼ ਮਖ਼ਮਲੀ ਵੇਖ ਕੇ ਹੋਵੇ ਨਾਦਮ,
ਤੇਰੇ ਘਾਹ ਵਿਚ ਸਿਫ਼ਤਾਂ ਸੰਧੂਰ ਦੀਆਂ।"

ਪ੍ਰਾਕ੍ਰਿਤਕ ਹੁਸਨ ਕਿਸੇ ਨਸ਼ਿਆਈ ਮੁਟਿਆਰ ਵਾਂਗ ਇਥੇ ਅੰਗੜਾਈਆਂ ਲੈਂਦਾ ਆਪਣੇ ਪ੍ਰਸਤਾਰਾਂ ਨੂੰ ਮਾਣੋਂ ਦਾਵਤੇ ਅਮਲ ਦੇ ਰਿਹਾ ਹੁੰਦਾ ਹੈ । ਇਸ ਦੀਆਂ ਹਰੀਆਂ ਹਰੀਆਂ ਬੂਟੀਆਂ ਮਾਣੋਂ ਕਾਦਰ ਨੇ ਸ਼ੀਸ਼ੇ ਵਿਚ ਪਰੀਆਂ ਲਾਹ ਕੇ ਰੱਖ ਦਿੱਤੀਆਂ ਹੋਣ । ਦਰਸ਼ਨ ਸਿੰਘ ਅਵਾਰਾ ਇਸ ਭਾਵ ਨਾਲ ਇਉਂ ਪ੍ਰਭਾਵਤ ਹੋਇਆ ਹੈ:—

> 'ਨਿਤ ਹੁਸਨ ਲਵੇ ਅੰਗੜਾਈਆਂ,
> ਕਸ਼ਮੀਰਾ ਤੇਰੇ ਥਲ ਵਿਚ ।
> ਇਹ ਬੂਟੀਆਂ ਹਰੀਆਂ ਭਰੀਆਂ,
> ਇਹ ਸ਼ੀਸ਼ੇ ਉਤਰੀਆਂ ਪਰੀਆਂ।'

ਇਨ੍ਹਾਂ ਨੂੰ ਵੇਖ ਕਵੀ ਦੀ ਅੱਖ ਆਪਣੇ ਅੰਦਰਲੇ ਤੋਂ ਸੈਨਤਾਂ ਮਾਰਦੀ ਬੁਝ ਪੁਛ ਰਹੀ ਹੁੰਦੀ ਹੈ ਕਿ:—

> ਅੱਖ ਵੇਖੇ ਤੇ ਦਿਲ ਪੁਛੇ
> ਇਹ ਕੀਕਰ ਜੀਵਨ ਜਲ ਵਿਚ
> ਨਿਤ ਹੁਸਨ ਲਵੇ ਅੰਗੜਾਈਆਂ.......

ਇਕ ਦਰਸ਼ਕ ਲਈ ਤਾਂ ਇਥੇ ਪ੍ਰਾਕ੍ਰਿਤਕ ਹੁਸਨ ਰਮਣੀਕ ਇਕੱਲ ਤੇ ਵਿਸਮਾਦੀ ਏਕਤਾ ਵਿਚ ਰਾਸ ਰਚਾਈ ਬੈਠਾ ਦਿਸਦਾ ਹੈ:—

> ਕੁਣ ਇਹ ਉਚੀ ਪਧਰਾਈ
> ਹੁਸਨਾਂ ਨੇ ਰਾਸ ਰਚਾਈ
> ਰਚਿਐ ਇਕ ਅਜਬ ਕਲਾ-ਘਰ
> ਨਿਹਲੀ ਰਮਣੀਕ ਇਕੱਲ ਵਿਚ

ਕਵੀ ਇਸ ਦੀਆਂ ਲੰਮੀਆਂ ਮੁਟਿਆਰ-ਚੀਲ੍ਹਾਂ ਦੇ ਕਲਾਵੇ ਵਿਚ ਖਿਚੀਂਦਾ ਆਪ ਮੁਹਾਰਾ ਉਨ੍ਹਾਂ ਦੀ ਗਲਵਕੜੀ ਲੋੜਦਾ ਹੈ । ਆਕਾਸ਼ੀ ਧੁੰਦ ਦੀ ਚਾਦਰ ਤੇ ਛੁਕਲ ਵੇਖ ਕੇ ਉਸ ਨੂੰ ਠੰਡ ਪੈ ਜਾਂਦੀ ਹੈ । ਪ੍ਰੋ. ਮੋਹਨ ਸਿੰਘ ਦੇ ਅਨੁਭਵ ਇਸ ਦੀ ਅਜਿਹੀ ਪ੍ਰਾਕ੍ਰਿਤਕ ਸੁੰਦਰਤਾ ਨੂੰ ਵਰਤਸਵਰਥ ਵਾਂਗ ਮਹਿਸੂਸਦੇ ਹਨ : ਉਹ ਉਸ ਦੀਆਂ ਉਚਾਣਾਂ ਵਿਚ ਘੁੰਮਿਆਂ ਇਉਂ ਆਪ-ਮੁਹਾਰਾ ਬੋਲ ਉਠਦਾ ਹੈ:—

> 'ਲੰਮੀਆਂ ਚੀਲ੍ਹਾਂ ਤਾਈਂ ਕਿਧਰੇ
> ਲੈਂਦਾ ਵਿਚ ਕਲਾਵੇ;
> ਕਿਧਰੇ ਧੁੰਦਾਂ ਨਾਲ ਫਿਰਾਂ ਮੈਂ
> ਭਰਦਾ ਠੰਢੇ ਹਾਵੇ ।'

ਚਵ੍ਹਾਂ ਪਾਸੇ ਅਜੜੀਆਂ ਤੇ ਚਰਵਾਹਿਆਂ ਦੇ ਗੀਤ ਉਸ ਦੇ ਕੰਨਾਂ ਵਿਚ ਮਦ-ਮਾਖਿਉਂ ਚੋਂਦੇ ਹਨ ਤੇ ਇਸੇ ਮਸਤ ਹਲੋਰੇ ਵਿਚ ਉਹ ਇਕ ਸ਼ੇਖ ਲਾੜੇ ਵਾਂਗ ਸੁਹਾਗ ਰਾਤ ਨੂੰ ਫੁਲ-ਬਹੂਆਂ ਦੇ ਮੁਖੜੇ ਤੋਂ ਸਾਵੀ ਸਾੜ੍ਹੀ ਦਾ ਪਲੂ ਸਰਕਾਂਦਾ ਆਪਣੀਆਂ ਅਖ-ਹਰਨੀਆਂ ਨੂੰ ਚਾਰ ਚਾਰ ਨਹੀਂ ਰਜਦਾ । ਉਹ ਲਿਖਦਾ ਹੈ :—

> 'ਚਰਵਾਹਿਆਂ ਤੋਂ ਸੁਣ ਕੇ ਕਿਧਰੇ
> ਮਿਠੇ ਗੀਤ ਪਹਾੜੀ
> ਫੁਲ-ਬਹੂਆਂ ਦੇ ਮੂੰਹ ਤੋਂ ਕਿਧਰੇ
> ਪੂੰਹਦਾ ਸਾਵੀ ਸਾੜ੍ਹੀ ।'

ਅਜਿਹੀ ਸੁੰਦਰਤਾ ਨੂੰ ਵੇਖ ਵੇਖ ਕੌਣ ਰਜਿਆ ?

> 'ਚਰ ਚਰ ਹੁਸਨ ਮੇਰੀਆਂ ਅੱਖਾਂ
> ਰੱਜੀਆਂ ਨਹੀਂ ਸ਼ਨ ਹਾਲਾਂ ।'

ਤਾਹੀਏਂ ਤਾਂ ਇਸ ਧਰਤ ਦੇ ਜ਼ਹਿਰ-ਮੋਹਰੇ ਰੰਗੇ ਪਾਣੀਆਂ ਉਥੇ ਸਵੇਰ ਦਾ ਬੈਠਾ ਕਵੀ ਤਰਕਾਲਾਂ ਪਾ ਦੇਂਦਾ ਹੈ—ਤੇ ਇਨ੍ਹਾਂ ਜ਼ਹਿਰ-ਮੋਹਰੇ ਪਾਣੀਆਂ ਚੋਂ ਅੰਮ੍ਰਿਤ ਪੀ ਪੀ ਖੀਵਾ ਹੋ ਹਿਲ ਨਹੀਂ ਸਕਦਾ:—

> 'ਜ਼ਹਿਰ-ਮੋਹਰੇ ਪਾਣੀਆਂ ਦੇ ਕੰਢੇ
> ਪੈ ਗਈਆਂ ਤਰਕਾਲਾਂ ।'

ਇਹ ਪ੍ਰਾਕ੍ਰਿਤਕ ਸੁੰਦਰਤਾ ਆਪਣੇ ਪਰਬਤਾਂ ਜਿਡੇ ਖ਼ਿਆਲ ਉਤਪਨ ਕਰਦੀ ਹੈ—ਇਹ ਆਪ ਸਦਾ ਬਸੰਤੀ ਖੇੜੇ ਵਿਚ ਖਿੜੀ ਰਹਿੰਦੀ ਹੈ—ਇਸ ਦੇ ਬਾਲ-ਵਰੇਸ ਦੀ ਜਵਾਨੀ ਕਦੀ ਢਲਦੀ ਨਹੀਂ । ਗਿਆਨੀ ਗੁਰਦਿੱਤ ਸਿੰਘ 'ਛਾਵਾਂ' ਦੇ ਦੇਸ ਵਿਚ ਲਿਖਦਾ ਹੈ:—

> 'ਪਰਬਤਾਂ ਵਾਂਗ ਖ਼ਿਆਲ ਅਣਛੋਹੇ
> ਫੁਟਣ ਛਾਵਾਂ ਦੇ ਲਾਵੇ
> ਸਦਾ ਬਸੰਤ ਸਦਾ ਹੀ ਖੇੜੇ,
> ਸਦਾ ਹੀ ਬਾਲ-ਵਰੇਸ ।'

ਕਸ਼ਮੀਰ ਦੇਸ਼ ਦੀ ਬਾਬਤ ਜਹਾਂਗੀਰ ਬਾਦਸ਼ਾਹ ਕਹਿੰਦਾ ਸੀ, ਕਿ ਜੇਕਰ ਇਥੇ ਸੜੇ ਝੁਲਸੇ ਪਰਾਂ ਵਾਲਾ ਮੁਰਦਾ ਪੰਛੀ ਵੀ ਆ ਜਾਵੇ ਤਾਂ ਉਹ ਵੀ ਨੌ-ਬਰ-ਨੌ ਹੋ ਜਾਂਦਾ ਹੈ । ਉਸ ਦੇ ਨਵੇਂ ਖੰਭ ਨਿਕਲ ਆਉਂਦੇ ਹਨ । ਡਾ. ਫ਼ਕੀਰ ਮੁਹੰਮਦ, ਪ੍ਰਸਿੱਧ ਪੰਜਾਬੀ ਕਵੀ ਇਸੇ ਭਾਵ ਨੂੰ ਇੰਜ ਪ੍ਰਗਟਾਉਂਦੇ ਹਨ:—

> 'ਇਕ ਇਕ ਤੇਰਾ ਪਾਸਾ ਉਹ ਬਲੰਦ ਪਾਸਾ
> ਪਸਤੀ ਵਿਚ ਦੁਨੀਆਂ ਦੇ ਨਜ਼ੀਰ ਦਿੱਸੀ ।

ਤੇਰੀ ਆਬ ਹਵਾ ਵਿਚ ਮੁਰਦਿਆਂ,
ਦਮੇਂ ਈਸਾ ਦੀ ਐਕ ਤਾਸੀਰ ਦਿੱਸੀ ।'

ਇਸ ਨੂੰ ਜੱਨਤ, ਜੱਨਤ-ਨਜ਼ੀਰ ਤੇ ਬਹਿਸ਼ਤ ਕਿਹਾ ਗਿਆ ਹੈ । ਸਵਰਗਵਾਸੀ ਪੰਜਾਬੀ ਬੁਲਬੁਲ ਫ਼ੀਰੋਜ਼ਦੀਨ ਸ਼ਰਫ਼ ਨੂੰ ਇਹ ਜੱਨਤ ਨਜ਼ੀਰ ਹੋਣ ਤੋਂ ਛੁਟ ਜ਼ਿੰਦਾ ਦਿਲਾਂ ਲਈ ਹੁਸਨ ਦੀ ਤਸਵੀਰ ਵੀ ਹੈ'—

'ਜ਼ਿੰਦਾ ਦਿਲਾਂ ਦੇ ਵਾਸਤੇ ਜੱਗ ਉਤੇ,
ਬੇਸ਼ਕ ਦੇਸ ਇਹ ਜੱਨਤ ਨਜ਼ੀਰ ਦਾ ਈ ।
ਸਾਫ਼ ਸ਼ਹਿਰ ਗਿਰਾਵਾਂ ਨੂੰ ਗਾਹ ਗਾਹ ਕੇ,
ਪਰਖ ਲਿਆ ਮੈਂ ਹੁਸਨ ਕਸ਼ਮੀਰ ਦਾ ਈ ।'

ਭਾਵੇਂ ਡਾ. ਫ਼ਕੀਰ ਮੁਹੰਮਦ ਫ਼ਕੀਰ ਨੂੰ ਇਸ ਜੱਨਤ ਦੀ ਨਜ਼ੀਰ ਕੋਈ ਤੇ ਕਿਧਰੇ ਨਹੀਂ ਮਿਲਦੀ :—

"ਤੈਨੂੰ ਕਿਵੇਂ ਮੈਂ ਜੱਨਤ ਨਜ਼ੀਰ ਆਖਾਂ,
ਜੱਨਤ ਹੋਵੇ ਤੇ ਹੋਵੇ ਨਜ਼ੀਰ ਤੇਰੀ ।"

ਇਸ ਧਰਤ ਦੇ ਪਾਣੀਆਂ ਵਿਚ ਚੰਦ ਸੂਰਜ ਤੇ ਤਾਰਿਆਂ ਦੀਆਂ ਡਾਰਾਂ ਆਕਾਸ਼ੋਂ ਆ ਆ ਤਾਰੀਆਂ ਲਾਉਂਦੀਆਂ, ਕਦੀ ਡੁਬਦੀਆਂ ਤੇ ਕਦੇ ਉਭਰਦੀਆਂ ਦਿਸਦੀਆਂ ਹਨ । ਇਸੇ ਕਰਕੇ ਗਿ. ਗੁਰਦਿੱਤ ਸਿੰਘ ਨੂੰ ਇਹ ਧਰਤ ਪੁਰ ਸੁਰਗ ਰਚਿਆ ਦਿਸਦਾ ਹੈ :—

'ਚੰਦ ਸੂਰਜ ਤਾਰਿਆਂ ਦੀਆਂ ਡਾਰਾਂ,
ਆ ਤਾਰੀਆਂ ਲਾਣ ।
ਧਰਤੀ ਉਤੇ ਸੁਰਗ ਵੇਖਿਆ,
ਵਿਚ ਕਸ਼ਮੀਰ ਦੇ ਆਣ ।'

ਭਾਈ ਵੀਰ, ਸਿੰਘ ਜਿਸ ਨੇ ਪੂਰਨ ਇਕ ਮਹਾਨ ਕਾਵਿ-ਗ੍ਰੰਥ 'ਮਟਕ ਹੁਲਾਰੇ' ਇਸ ਸੁੰਦਰ ਸੁਹਣੀ ਧਰਤ ਪੁਰ ਰਚਣ ਦੀ ਪ੍ਰੇਰਨਾ ਪ੍ਰਾਪਤ ਕੀਤੀ, ਇਸ ਦੇ ਮਟਕ ਹਲੋਰੇ ਦੀ ਛੋਹ ਤੋਂ ਹੀ ਆਪਣੀ ਆਤਮਾ ਨੂੰ ਖੇੜੇ ਤੇ ਮਸਤੀ ਨਾਲ ਖੀਵਾ ਹੁੰਦਾ ਵੇਖਦਾ ਹੈ । ਉਸ ਦਾ ਦਿਲ ਉਸ ਤੋਂ ਵਿਛੜਨ ਲਗਿਆਂ ਦਿਲਗੀਰੀ ਵੀ ਖਾਂਦਾ ਹੈ, ਪਰ ਉਸ ਨੂੰ ਇਸ ਗੱਲ ਦਾ ਦੁਖ ਨਹੀਂ—ਉਸ ਨੂੰ ਸਦੀਵੀ ਖੇੜੇ ਤੇ ਮਟਕ ਹਲੋਰੇ ਦਾ ਸੰਗ ਸਾਥ ਮਿਲ ਚੁਕਾ ਹੁੰਦਾ ਹੈ:—

'ਸੋਹਣਿਆਂ ਤੋਂ ਜਦੋਂ ਵਿਛੜਨ ਲਗੀਏ,
ਦਿਲ ਦਿਲਗੀਰੀ ਖਾਵੇ ।
ਪਰ ਤੈਥੋਂ ਟੁਰਦਿਆਂ ਕਸ਼ਮੀਰੇ,
ਸਾਨੂੰ ਨ ਦੁਖ ਆਵੇ ।'

ਕਿਉਂ ਜੋ

'ਮਟਕ ਹਲੋਰਾ ਛੋਹ ਤੇਰੀ ਦਾ,
ਜੋ ਰੂਹ ਸਾਡੀ ਲੀਤਾ ।
ਖੇੜੇ ਵਾਲੀ ਮਸਤੀ ਦੇ ਰਿਹਾ,
ਨਾਲ ਨਾਲ ਪਿਆ ਜਾਵੇ ।

ਗਿਆਨੀ ਗੁਰਦਿੱਤ ਸਿੰਘ ਨੂੰ ਜਿਥੇ ਕਸ਼ਮੀਰ ਭਾਵਾਂ ਦਾ ਦੇਸ ਅਨੁਭਵ ਹੁੰਦਾ ਹੈ, ਉਥੇ ਉਹ ਵੀ ਉਸ ਨੂੰ ਛਡਦਿਆਂ ਦਿਲਗੀਰ ਹੋਣੋਂ ਨਹੀਂ ਰਹਿ ਸਕਿਆ :

'ਛਡਦਿਆਂ ਦਿਲ ਦਿਲਗੀਰ,
ਅਲਵਿਦਾ ! ਓ ! ਕਸ਼ਮੀਰ'

ਬੇਸ਼ਕ 'ਸੋਹਣੀ ਸ਼ੈ ਨੂੰ ਵੇਖ ਕੇ ਅੜਿਆ, ਕੌਣ ਰੀਝ ਨ ਜਾਵੇ' ਅਨੁਸਾਰ ਅਜੇਹੀ ਸੁੰਦਰ ਧਰਤ ਦੇ ਮਖ਼ਮਲੀ ਘਾਹਾਂ ਦੇ ਵਿਛੇ ਬਿਸਤਰਿਆਂ ਪੁਰ ਪਲਸੇਟੇ ਮਾਰਦਾ, ਕਿਹੜਾ ਪ੍ਰਾਣੀ ਇਸ ਸੁਖਾਸਨ ਨੂੰ ਛਡਣਾ ਕਬੂਲੇਗਾ ? ਇਸ ਤੋਂ ਵਿਛੜਨ ਲਗਿਆਂ ਹਰ ਕਵੀ ਤੇ ਸੁੰਦਰਤਾ-ਪ੍ਰੇਮੀ ਦਾ ਹਿਰਦਾ ਬਹਿ ਬਹਿ ਜਾਂਦਾ ਹੈ । ਉਹ ਤੁਰਦੇ ਹੋਏ ਵੀ ਉਸ ਹਰਨੀ ਵਾਂਗ ਮੁੜ ਮੁੜ, ਪਰਤ ਪਰਤ ਪਿਛਾਂ ਨੂੰ ਇਸ ਧਰਤ ਦੇ ਕੋਮਲ ਵਿਚ ਗੁੰਮ ਹੁੰਦੇ ਦ੍ਰਿਸ਼ਾਂ ਤੇ ਨਜ਼ਾਰਿਆਂ ਨੂੰ ਵੇਂਹਦਾ ਨਹੀਂ ਥਕਦਾ, ਜਿਸ ਦੇ ਜਿਗਰ ਦਾ ਟੋਟਾ ਕੋਈ ਹਰਨੋਟਾ ਦੂਰ ਪਿਛੇ ਗਵਾਚ ਗਿਆ ਹੋਵੇ । ਅਰਸ਼ੀ ਸੁੰਦਰਤਾ ਕਿਸ ਨੂੰ ਆਕਰਸ਼ਕ ਨਹੀਂ ਕਰਦੀ ?

ਪ੍ਰਾਕ੍ਰਿਤਕ ਸੁੰਦਰਤਾ ਤੋਂ ਛੁਟ ਕਸ਼ਮੀਰ ਆਪਣੇ ਪੰਜ-ਭੌਤਕ ਸੁਹੱਪਣ ਨਾਲ ਵੀ ਲਦਿਆ ਸੰਸਾਰ ਭਰ ਦੇ ਸੋਹਣਿਆਂ ਦਾ ਰੰਗ ਫਿੱਕਾ ਪਾ ਦਿੰਦਾ ਹੈ । ਕਸ਼ਮੀਰ ਦੇ ਹੁਸਨ ਦੀ ਤਾਂ ਮਾਨੋਂ ਕਿਸੇ ਰੱਬੀ ਨੱਕਾਸ਼ ਨੇ ਤਸਵੀਰ ਲਾਹ ਕੇ ਰਖ ਦਿੱਤੀ ਹੈ । ਹੀਰ ਦੀ ਸਿਫ਼ਤ ਕਰਨ ਲਈ ਵੀ ਵਾਰਸ ਦੀ ਕਲਮ-ਜੀਭ ਨੂੰ ਇਸੇ ਧਰਤ ਦੇ ਰੰਗ ਨਾਲ ਮਜੀਠ ਰੰਗਦੇ ਹਨ: —

ਉਹ ਹੀਰ ਦੀ ਤਸਵੀਰ ਵਿਚ ਇਸ ਰੰਗ ਨੂੰ ਇਉਂ ਭਰਦਾ ਹੈ:—

'ਲਕ ਚੀਨ ਕਸ਼ਮੀਰ ਤਸਵੀਰ ਜੱਟੀ,
ਕਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ ।'

ਪਤਲੇ ਨਾਜ਼ਕ ਲਕ ਤੋਂ ਬਿਨਾਂ ਕਸ਼ਮੀਰ ਰਾਣੀ ਦੀਆਂ ਕਸ਼ਮੀਰੀ ਸਿਉਆਂ ਵਰਗੀਆਂ ਭਖਦੀਆਂ ਲਾਲ ਗੁਲਾਬੀ ਭਾ ਮਾਰਦੀਆਂ ਗੱਲ੍ਹਾਂ ਨਾਲ ਵੀ ਉਪਮਾ ਦਿਤੀ ਗਈ ਹੈ । ਕਿਸ਼ਨ ਸਿੰਘ ਆਰਫ਼ ਹੀਰ ਦੀ ਸਿਫ਼ਤ ਵਿਚ ਇਨ੍ਹਾਂ ਸੋਹਣੇ ਸੁੰਦਰ ਰੰਗਾਂ ਨੂੰ ਇਉਂ ਵਰਤਦਾ ਤੇ ਭਰਦਾ ਹੈ ਜਿਵੇਂ ਕਾਦਰ ਦੀ ਕੁਦਰਤ ਦੀਆਂ

ਗੱਲ੍ਹਾਂ ਵਿਚੋਂ ਇਹ ਰੰਗ ਚੋ ਚੋ ਪੈਂਦਾ ਹੈ:—

'ਗੱਲ੍ਹਾਂ ਸਿਊ ਕਸ਼ਮੀਰ ਦੇ
ਸੋਹਣਾ ਸੁੰਦਰ ਰੰਗ'

ਤੇ ਅਜਿਹੇ ਰੰਗਾਂ ਦੀ ਲਾਲੀ ਨਾਲ ਕਿਹੜਾ ਪ੍ਰਾਣੀ ਜਾਂ ਪ੍ਰੇਮੀ ਮਸਤ ਤੇ ਖੀਵਾ ਨਹੀਂ ਹੋ ਉਠਦਾ:—

'ਵੇਖ ਕਿਸ਼ਨ ਸਿੰਘ ਮਸਤ ਸਭ
ਬਾਝ ਸ਼ਰਾਬੋਂ ਰੰਗ।'

ਕਿਰਪਾ ਸਾਗਰ 'ਲਕਸ਼ਮੀ ਦੇਵੀ' ਦੇ ਰੂਪ ਵਿਚ ਵੀ ਇਹੋ ਲਾਲ ਰੰਗ ਵੇਖਦਾ ਹੈ। ਲਕਸ਼ਮੀ ਦੇਵੀ ਦੀਆਂ ਗੱਲ੍ਹਾਂ ਦੀ ਲਾਲੀ ਇਉਂ ਫੁਟ ਫੁਟ ਨਿਕਲਦੀ ਭਾਸਦੀ ਹੈ:—

'ਗੱਲ੍ਹਾਂ ਉਤੇ ਲਾਲੀਆਂ, ਜੀਕਰ ਸੇਬ ਕਸ਼ਮੀਰ।
ਮੁਖੜਾ ਫੁਲ ਗੁਲਾਬ ਦਾ, ਨੂਰਾ ਚੁਸਤ ਸਰੀਰ।'

ਕਸ਼ਮੀਰੀ ਸਿਓਆਂ ਤੋਂ ਛੁਟ ਇਸ ਧਰਤੀ ਦਾ ਕੇਸਰ ਤੇ ਇਥੋਂ ਦੀਆਂ ਨਾਖਾਂ ਵੀ ਇਸ ਦੇ ਹੁਸਨ ਵਾਂਗ ਸਸਤੀਆਂ ਤੇ ਬਹੁਲਤਾ-ਭਰੀਆਂ ਹਨ।

ਭਾਈ ਵੀਰ ਸਿੰਘ ਨੇ ਇਸ ਖਿਆਲ ਨੂੰ ਦਰਦਮੰਦੀ ਦੀ ਕਲਮ ਨਾਲ ਇਉਂ ਚਿਤ੍ਰਿਆ ਹੈ:

'ਜਿਕਰ ਰੁਲਦੇ ਸੇਬ ਤੇ ਨਾਸ਼ਪਾਤੀਆਂ
ਵਿਚ ਗਿਰਾਂ ਕਸ਼ਮੀਰ,
ਤੀਕਰ ਰੁਲ ਰਹੀ
ਸੁੰਦਰਤਾ ਵਿਚ ਖਾਕ, ਲੀਰਾਂ ਪਾਟੀਆਂ।'

ਕਸ਼ਮੀਰ ਦੇ ਹੁਸਨ ਵਾਂਗ, ਉਥੋਂ ਦੀਆਂ ਵਸਤੂਆਂ ਦੀ ਵੀ ਕਦਰ ਕੀਮਤ ਕੋਈ ਨਹੀਂ ਪਾਉਂਦਾ—ਪਾਰਖੂ ਅੱਖ ਕਿਧਰੇ ਟਾਵੀਂ ਹੀ ਮਿਲਦੀ ਹੈ। ਇਥੋਂ ਦੀਆਂ ਨਾਖਾਂ ਕਿੰਨੀਆਂ ਸਸਤੀਆਂ ਹੁੰਦੀਆਂ ਹਨ, ਪ੍ਰੋ. ਮੋਹਨ ਸਿੰਘ ਦੀ ਜ਼ਬਾਨੀ ਸੁਣੋ!—

'ਸਾਡੀ ਗਲੀਓਂ ਬਾਹਰ
ਵੇਚੇ ਉਹ ਕਸ਼ਮੀਰੀ ਨਾਖਾਂ
ਇਕ ਪੈਸੇ ਦੀਆਂ ਚਾਰ।'

ਏਡੀ ਬੇਕਦਰੀ ਕਿਹੜਾ ਸੁੰਦਰਤਾ-ਪਸੰਦ ਹਿਰਦਾ ਜਰ ਸਕਦਾ ਹੈ। ਮੀਆਂ ਮੁਹੰਮਦ ਬਖ਼ਸ਼, ਜਿਹੜਾ ਮੀਰਪੁਰ ਕਸ਼ਮੀਰ ਦਾ ਹੀ ਵਸਨੀਕ ਸੀ, ਤੇ ਜਿਸ ਨੂੰ ਇਹ ਸ਼ਿਕਾਇਤ ਸੀ, ਕਿ ਉਸ ਦੀ ਕਵਿਤਾ ਦੀ ਉਸ ਦੇ ਆਪਣੇ ਮੁਲਕ ਵਿਚ ਕੋਈ ਕਦਰ ਪਾਉਣ ਵਾਲਾ ਨਹੀਂ, ਇਸ ਧਰਤੀ ਦੇ ਕੇਸਰ ਵਲ ਇਉਂ ਸੰਕੇਤ ਕਰਦਾ ਹੈ:—

'ਕੇਸਰ ਸਸਤਾ ਮਿਲੇ ਕਸ਼ਮੀਰੋਂ
ਪਸ਼ਮਲ ਲਾਹੌਰੋਂ
ਪਿਸਤਾ ਤੇ ਬਦਾਮ ਮੁਹੰਮਦ,
ਸਸਤੇ ਮਿਲਣ ਪਸ਼ੌਰੋਂ।'

ਸਿਊ, ਕੇਸਰ, ਅੰਗੂਰੀ ਬੇਲਾਂ, ਹਰੀਆਂ ਡਾਲਾਂ, ਨਾਖਾਂ ਤੇ ਦਾਖਾਂ ਦੇ ਸੰਕੇਤਾਂ ਤੋਂ ਛੁਟ ਪੰਜਾਬੀ ਕਵਿਤਾ ਵਿਚ ਸਾਨੂੰ ਕਸ਼ਮੀਰ ਦੇ ਹਾਤੋ ਤੇ ਉਥੋਂ ਦੀਆਂ ਸੁਆਣੀਆਂ ਬਾਰੇ ਵੀ ਇਸ਼ਾਰੇ ਮਿਲਦੇ ਹਨ। 'ਅਵਾਰਾ' ਹਾਤੋ ਨੂੰ ਸੁਤੀ ਨੀਂਦ ਤੋਂ ਜਗਾਉਂਦਾ ਹੈ ਤੇ ਪ੍ਰੋ. ਮੋਹਨ ਸਿੰਘ ਕਸ਼ਮੀਰ ਦੀਆਂ ਮੁਟਿਆਰਾਂ ਦੇ ਹਾਸੇ ਕੇਸਰ ਦਾ ਮੀਂਹ ਵਰਸਾਂਦੇ ਭਾਸਦੇ ਹਨ ਜਦ ਉਹ ਕਹਿੰਦਾ ਹੈ ਕਿ:

'ਖਿੜ ਖਿੜ ਹਸ ਪਈਆਂ ਮੁਟਿਆਰਾਂ
ਮੀਂਹ ਕੇਸਰ ਦਾ ਵਸਿਆ'

ਕਿਰਪਾ ਸਾਗਰ ਨੂੰ ਚਵ੍ਹਾਂ ਪਾਸੇ ਮੋਰਾਂ, ਚਕੋਰਾਂ ਦੇ ਮਿਠੇ ਬੋਲ ਸੁਣੀਂਦੇ ਹਨ, ਜਿਹੜੇ 'ਪਹਾੜਨ ਦੇ ਗੀਤ' ਵਿਚ ਇਕ ਥਕੇ ਟੁਟੇ ਸਿਪਾਹੀ ਨੂੰ ਮਿਠੀ ਨੀਂਦ ਸੁਆਲਣ ਲਈ ਲੋਰੀ ਦਾ ਕੰਮ ਦਿੰਦੇ ਹਨ। ਉਹ ਇਕ ਪਹਾੜਨ ਦੇ ਮੂੰਹੋਂ ਇਉਂ ਅਖਵਾਉਂਦਾ ਹੈ:—

'ਮੋਰਾਂ ਚਕੋਰਾਂ ਬਿਨ ਹੋਰ ਨ ਬੋਲ ਹੁੰਦੇ
ਵੀਰਾ ਵੇ।
ਮਿੱਠੀ ਮਿੱਠੀ ਬੋਲੀ ਪ੍ਰਾਤਾਕਾਲ,
ਸਿਪਾਹੀਆ।
ਸੌਂ ਜਾ ਤੂੰ ਸੌਂ ਜਾ, ਸੁਖਾਂ ਨਾਲ,
ਸਿਪਾਹੀਆ।

ਉਪ੍ਰੋਕਤ ਸੰਕੇਤਾਂ ਤੋਂ ਛੁਟ ਪੰਜਾਬੀ ਕਵਿਤਾ ਵਿਚ ਕਸ਼ਮੀਰ ਦੇ ਜਿਨ੍ਹਾਂ ਨਾਵਾਂ ਥਾਵਾਂ ਬਾਬਤ ਸੰਕੇਤ ਮਿਲਦੇ ਹਨ, ਉਨ੍ਹਾਂ ਵਿਚੋਂ ਮਾਰਤੰਡ, ਅਵੰਤੀਪੁਰਾ, ਮਟਨ ਸਾਹਿਬ, ਡਲ, ਨਸੀਮ ਬਾਗ, ਨਿਸ਼ਾਤ, ਸ਼ਾਲਾਮਾਰ, ਸ਼ਾਹੀ ਚਸ਼ਮਾ, ਡੱਲ ਹਾਰਵਨ, ਅਨੰਤਨਾਗ, ਗੰਧਕ ਚਸ਼ਮਾ, ਇਸ਼ਾਬਲ, ਵੈਰੀਨਾਗ ਤੇ ਪਹਿਲਗਾਮ ਅਤੇ ਛੇਵੇਂ ਗੁਰੂ, ਨੂਰਜਹਾਨ ਤੇ ਰਣਜੀਤ ਸਿੰਘ ਵਿਸ਼ੇਸ਼ ਕਰ ਕੇ ਵਰਣਨ ਯੋਗ ਹਨ। ਡਾ. ਵੀਰ ਸਿੰਘ ਦੇ 'ਮਟਕ ਹੁਲਾਰੇ', ਪ੍ਰੋ. ਮੋਹਨ ਸਿੰਘ ਦਾ 'ਕੁਸੰਭੜਾ' ਤੇ 'ਅਵਾਰਾ' ਦੀ 'ਹਲਚਲ' ਤੇ 'ਗੁਸਤਾਖ਼ੀਆਂ' ਆਪਣੀ ਕਾਵਿ-ਉਂਗਲ ਨਾਲ ਇਨ੍ਹਾਂ ਨਾਵਾਂ ਥਾਵਾਂ ਵਲ ਇਸ਼ਾਰਾ ਕਰਦੀਆਂ ਮਿਲਦੀਆਂ ਹਨ।

ਇਸ ਲਈ ਕਸ਼ਮੀਰ ਜਿਥੇ ਸ੍ਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨੂੰ ਆਪਣੀ ਅਮਰ ਪੁਸਤਕ 'ਡਿਸਕਵਰੀ ਆਫ਼ ਇੰਡੀਆ' ਵਿਚ ਸਿਆਲੇ ਵਿਚ ਹਿਮਾਲੀ ਟੋਪੀ ਪਾਈ ਤੇ ਬਹਾਰ ਵਿਚ ਫੁੱਲਾਂ ਨਾਲ ਲੱਦੀ, ਤੇ ਨਦੀ ਨਾਲਿਆਂ ਨਾਲ ਰੱਸੀ ਟੱਪਣ ਖੇਡਦੀ ਵਾਦੀ ਜਾਪਦੀ ਹੈ, ਉਥੇ, ਪੰਜਾਬੀ ਕਵਿਤਾ ਵਿਚ ਇਹ ਹੁਸਨਾਂ ਦਾ ਦੇਸ, ਸਭ ਤੋਂ ਚੰਗੇਰਾ ਮੁਲਖ ਦਰਸਾਇਆ ਗਿਆ ਹੈ, ਜਿਸ ਦੀ ਵਾਦੀ ਦੁਧੀਆ ਪਲੱਛ ਦੇ ਭੋਛਲਾਂ ਨਾਲ ਢੱਕੀ ਮੁਟਿਆਰ ਵਾਂਗ ਹਰੇ ਮਖ਼ਮਲੀ ਪਿੜ ਵਿਚ ਚੰਨ ਤਾਰਿਆਂ ਦੀ ਡੋਲੀ 'ਚੋਂ ਉਤਰ ਕੇ ਨਦੀ ਨਾਲਿਆਂ ਤੇ ਡਲ-ਝੀਲ ਵੰਗ ਕਿਕਲੀ ਪਾਂਦੀ ਨਹੀਂ ਥਕਦੀ, ਤੇ ਜਿਸ ਦਾ ਕੇਸਰ ਵਰਗਾ ਹਾਸਾ ਯਾਤਰੂਆਂ ਨਾਲ ਆਪ-ਮੁਹਾਰੇ ਖਿੜ ਖਿੜ ਹਸਣ ਪੁਰ ਮਜਬੂਰ ਕਰ ਦਿੰਦਾ ਹੈ। ਲੰਮੀਆਂ ਉਚੀਆਂ ਚੀਲਾਂ ਨੰਗੀ) ਹਵਾ ਦੀ ਮਿਜ਼ਰਾਬ ਪੁਰ ਮਧੁਰ ਰਾਗ ਛੇੜਦੀਆਂ ਹਨ ਤੇ ਜੋਗੀ ਚਨਾਰ ਅਲਖ ਜਗਾਂਦੇ ਹਨ। ਇਸ ਦੇ ਅਰੋਗ ਪਾਣੀਆਂ ਦੇ ਚਸ਼ਮੇ ਬਰਫ਼ ਵਾਂਗ ਜੰਮੇ ਹੋਏ ਹਿਰਦਿਆਂ ਨੂੰ ਪਿਆਰ-ਅੱਗ ਨਾਲ ਪਿਘਲਾ ਤੇ ਗਰਮਾ ਦੇਂਦੇ ਹਨ। ਪੰਜਾਬੀ ਕਵਿਤਾ ਕਸ਼ਮੀਰ ਦੀ ਗੁੰਮ ਹੁੰਦੀ ਕਲਾ ਤੇ ਇਸ ਦੇ ਪ੍ਰਾਚੀਨ ਹੁਨਰ ਨੂੰ ਅਲੋਪ ਹੁੰਦਾ ਵੇਖ ਹਰਖ ਖਾਂਦੀ ਹੈ। ਇਸ ਮਿਠੇ ਮੇਵਿਆਂ ਭਰੇ ਦੇਸ਼ ਤੋਂ ਪ੍ਰਭਾਵਤ ਹੋ ਕੇ ਹੀ ਸ਼ਾਇਦ ਇਕ ਅਜਿਹਾ ਨਵਾਂ ਕਸ਼ਮੀਰ ਬਣਾਉਣ ਦੀ ਲਾਲਸਾ ਡਾ. ਵੀਰ ਸਿੰਘ ਵਿਚ ਵੀ ਉਤਪੰਨ ਹੋਣੋਂ ਨ ਰਹਿ ਸਕੀ। ਇਸ ਲਈ ਉਸੇ ਕਵੀ ਦੇ ਸ਼ਬਦਾਂ ਵਿਚ, ਆਓ, ਅਸੀਂ ਵੀ ਇਸ ਕਸ਼ਮੀਰ ਨੂੰ ਅਪਣਾਈਏ ਤੇ ਭਾਰਤ ਰਾਣੀ ਦੇ ਸਿਰ ਇਸ ਦਾ ਸੁੰਦਰ ਛਤਰ ਰਖ ਕੇ ਫੁਲਾਂ ਨਾਲ ਜੜੇ ਮੁਕਟ ਤੇ ਸਿਹਰੇ ਨੂੰ ਇਸ ਦੇ ਮੁਖੜੇ ਪੁਰ ਪਲਮਦਾ ਵੇਖ ਇਸ ਦੇ ਸਦਾ ਸੁਹਾਗ ਗਾਈਏ:—

'ਆਪਾ ਹੋਰ ਵਿਛਾ ਕੇ ਸਹੀਓ,
ਅਸਾਂ ਨਵਾਂ ਕਸ਼ਮੀਰ ਬਣਾਇਆ।
ਗਾਓ ਸੁਹਾਗ ਨੀ ਸਹੀਓ ਸੁਹਣਾ,
ਕਦੇ ਸੈਰ ਕਰਨ ਚਲ ਆਏ।'

ਸ਼ਾਲਾ!

ਅਜਿਹੇ ਭਾਵਾਂ, ਹੁਸਨਾਂ ਤੇ ਪ੍ਰਾਕ੍ਰਿਤਕ ਦਾਤਾਂ ਨਾਲ ਲੱਦੇ ਕਸ਼ਮੀਰ ਦੀ ਕਾਵਿ-ਸੈਰ ਹਰ ਪੰਜਾਬੀ ਨਹੀਂ ਹਰ ਭਾਰਤੀ ਨੂੰ ਨਸੀਬ ਹੋਵੇ—ਕਿਉਂ ਜੋ ਕਸ਼ਮੀਰ ਭਾਰਤ ਦੀ ਜਿੰਦ-ਜਾਨ ਹੈ—ਉਸ ਦੀ ਅਮਰ ਆਤਮਾ ਹੈ ਜਿਸ ਦੀ ਧੜਕਣ ਅਸੀਂ ਨਿਤ ਆਪਣੇ ਅੰਦਰ ਧੜਕਦੀ ਅਨੁਭਵ ਕਰਦੇ ਹਾਂ।

(ਆ. ਇੰ. ਰੇਡੀਓ, ਜਾਲੰਧਰ
ਦੇ ਧੰਨਵਾਦ ਸਹਿਤ)

ਜੰਨਤ ਬੇ-ਨਜ਼ੀਰ

"ਤੈਨੂੰ ਕਿਵੇਂ ਮੈਂ ਜੰਨਤ ਨਜ਼ੀਰ ਆਖਾਂ ?
ਜੰਨਤ ਹੋਵੇ ਤੇ ਹੋਵੇ ਨਜ਼ੀਰ ਤੇਰੀ।"

[ਡਾ. ਫ਼ਕੀਰ ਮੁਹੰਮਦ]

ਪੰਜਾਬੀ ਬੋਲੀ ਬਾਰੇ—੨

ਨਰੇਂਦਰ ਧੀਰ

ਮਛਿੰਦਰ ਨਾਥ
(ਜਨਮ ੯੦੯-੯੪੦)

ਚਰਪਟ ਨਾਥ
(ਲਗ ਭਗ ੯੨੦)

ਗੋਰਖ ਨਾਥ

ਚੌਰੰਗੀ ਨਾਥ
(ਲਗ ਭਗ ੯੭੦)

ਰਤਨ ਨਾਥ (੧੦੦੦ ਦੇ ਲਗ ਭਗ)

ਭਰਥਰੀ ਧਰਮ ਦਾਸ*
→ ਬਿਸ਼ਨ ਦਾਸ
→ ਨਰਪਤੇ
→ ਦੂਰਦਾਸ
→ ਜੋਧਾ ਰਾਮ
→ ਮਥਰਾ ਦਾਸ ਜਾਂ ਸਿਧ ਸਵਾਈ
→ ਸਾਂਈ ਦਾਸ
→ ਭਵਾਨੀ ਦਾਸ
→ ਲਛਮਣ ਦਾਸ
→ ਧਰਮ ਦਾਸ
→ ਪੰਜਾਬ ਦਾਸ ਜਾਂ ਸਿਧ ਸਵਾਈ
→ ਗੁਸਾਈਂ ਸਾਈਂ ਦਾਸ
→ ਬ੍ਰਹਿਮਦਾਸ ਆਦਿ

---

* ਡਾ. ਮੋਹਨ ਸਿੰਘ ਦੀ ਪੁਸਤਕ ਪੰਜਾਬੀ ਸਾਹਿਤ ਦੀ ਮੁਖਤਸਰ ਤਾਰੀਖ ਵਿਚੋਂ ।

ਗੋਰਖ ਅਧਿਆਤਮਿਕ ਕਵੀ ਸਨ, ਉਹਨਾਂ ਦੀ ਭਾਸ਼ਾ ਉਤੇ ਫ਼ਾਰਸੀ ਦਾ ਪ੍ਰਭਾਵ ਵੀ ਸੀ। ਗੁਰੂ ਪੁੰਨਿਆਂ ਦੇ ਦਿਨ ਨੇਪਾਲ ਵਿਚ ਗੋਰਖ ਅਤੇ ਮਛਿੰਦਰ ਦੀ ਪੂਜਾ ਹੁੰਦੀ ਹੈ। ਆਪ ਦੇ ਸ਼ਿਸ਼ਾਂ ਵਿਚੋਂ ਰਾਜਾ ਗੋਪੀ ਚੰਦ ਭਰਥਰੀ, ਚਰਪਟ ਰਤਨ ਨਾਥ ਅਤੇ ਚੌਰੰਗੀ ਨਾਥ ਸਨ। ਕੁਝ ਲੋਕ ਰਤਨ ਨਾਥ ਨੂੰ ਆਪ ਦਾ ਗੁਰਭਾਈ ਵੀ ਮੰਨਦੇ ਹਨ। ਆਪ ਦੇ ਜਨਮ ਕਾਲ ਦੇ ਸੰਬੰਧ ਵਿਚ ਭੀ ਵਿਦਵਾਨਾਂ ਦੇ ਵਖੋ ਵਖਰੇ ਵਿਚਾਰ ਹਨ। ਮਹਾਂ ਪੰਡਿਤ 'ਰਾਹੁਲ ਸਾਂਕ੍ਰਿਤਿਆਯਨ' ਉਹਨਾਂ ਦਾ ਜਨਮ ਕਾਲ ੮੦੯ ਈ. ਮੰਨਦੇ ਹਨ ਅਤੇ ਪੰਜਾਬੀ ਦੇ ਪ੍ਰਸਿਧ ਵਿਦਵਾਨ ਡਾ. ਮੋਹਨ ਸਿੰਘ ੮੪੦ ਈ. ਮਿਥਦੇ ਹਨ। ਆਚਾਰੀਆ ਹਜ਼ਾਰੀ ਪ੍ਰਸਾਦ ਦਵੇਦੀ ਦੇ ਮਤਾਂ ਅਨੁਸਾਰ ਆਪ ਦਾ ਰਚਨਾ ਕਾਲ ਨਾਵੀਂ ਸਦੀ ਸੀ। ਕੁਝ ਵੀ ਹੋਵੇ, ਪਰ ਇਹ ਤਾਂ ਸਾਰੇ ਹੀ ਵਿਦਵਾਨ ਇਕ ਮਤ ਹੋਕੇ ਕਹਿੰਦੇ ਹਨ ਕਿ ਗੋਰਖ ਨੇ ਨਾਵੀਂ ਸਦੀ ਵਿਚ ਆਪਣੀ ਸਾਹਿੱਤ ਰਚਨਾ ਕੀਤੀ। ਉਹਨਾਂ ਦੀ ਮੁਖ ਕਰਮ ਭੂਮੀ ਪੰਜਾਬ, ਗੁਜਰਾਤ ਅਤੇ ਮੱਧ ਭਾਰਤ ਹੀ ਰਹੀ। ਇਹ ਹੀ ਲਗ ਭਗ ਸਾਰੇ ਹੀ ਵਿਦਵਾਨਾਂ ਦਾ ਮਤ ਹੈ।

ਗੋਰਖ ਦੇ ਸੰਬੰਧ ਵਿਚ ਕਬੀਰ, ਸਨਕ, ਸੁਨੰਦਨਾਂ, ਜੈਦੇਵ, ਅਤੇ ਨਾਮਦੇਵ ਆਦਿ ਲੋਕ ਕਵੀਆਂ ਨੇ ਭੀ ਆਪਣੀਆਂ ਰਚਨਾਵਾਂ ਵਿਚ ਚਰਚਾ ਕੀਤੀ ਹੈ। ਕਬੀਰ ਗੋਰਖ ਨੂੰ ਅਵਧੂਤ ਕਹਿੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਭੀ ਗੋਰਖ ਨੂੰ ਔਧੂ ਜਾਂ ਅਉਧੂ ਆਦਿ ਸ਼ਬਦਾਂ ਨਾਲ ਯਾਦ ਕੀਤਾ ਹੈ। ਗੁਰੂ ਨਾਨਕ ਨੇ ਸਿੱਧ ਗੋਸ਼ਟ ਵਿਚ ਹੀ ਨਹੀਂ, ਸਗੋਂ ਰਾਮਕਲੀ ਮਹੱਲਾ (੧), ਰਾਗ ਆਸਾ, ਜਪੁਜੀ ਸਾਹਿਬ, ਆਦਿ ਅਨੇਕ ਥਾਵਾਂ ਉਤੇ ਗੋਰਖ ਦੀ ਚਰਚਾ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਨਾਥ ਸੰਪ੍ਰਦਾਈ ਜੋਗੀਆਂ ਦੇ ਸੰਬੰਧ ਵਿਚ ਲਿਖਿਆ ਹੈ।

ਗੋਰਖ ਦੀ ਭਾਸ਼ਾ ਵਿਚ ਫ਼ਾਰਸੀ ਦੇ ਸ਼ਬਦ ਭੀ ਟਾਵੇਂ ਟਾਵੇਂ ਵਰਤੇ ਗਏ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਇਹ ਸ਼ਬਦ ਵਰਤੋਂ ਵਿਚ ਆਉਣ ਲਗ ਪਏ ਸਨ। ਵੇਖੋ :—

'ਮਹਿਲ ਕੀ ਜਬ ਖਬਰ ਪਾਈ
ਜ਼ਿੰਦ ਕੀ ਨੇ ਖ਼ਾਕ ਬਾਈ।'
'ਬਾਘਿਨੀ ਜਿੰਦ ਲੇਈ,
ਬਾਘਿਨੀ ਬਿੰਦ ਲੇਈ
ਬਾਘਿਨੀ ਹਮਾਰੀ ਕਾਇਆ।'
'ਮਾਇਆ ਜ਼ੋਰ ਕਰੈ ਮੈਂ ਠਾਕਰ,
ਮਾਇਆ ਗਏ ਕਹਾਵੈ ਚਾਕਰ।'
'ਸੁਨ ਰੇ ਬਾਬਾ ਚੁਨੀਆ ਮੁਨੀਆ।
ਉਲਟ ਭੇਦ ਸਿਊਂ ਉਲਟੀ ਦੁਨੀਆ।'

ਉਪ੍ਰੋਕਤ ਪੰਗਤੀਆਂ ਵਿਚ ਮਹਿਲ, ਜ਼ਿੰਦ, ਜ਼ੋਰ, ਚਾਕਰ, ਬਾਬਾ ਅਤੇ ਦੁਨੀਆਂ ਆਦਿ ਸ਼ਬਦ ਫ਼ਾਰਸੀ ਦੇ ਹਨ।

ਗੋਰਖ ਨਾਥ ਤੋਂ ਪਿਛੋਂ ਚਰਪਟ ਦਾ ਕਾਵਿ ਮਿਲਦਾ ਹੈ, ਉਹ ਦਸਵੀਂ ਸਦੀ ਦੇ ਲਗ ਭਗ ਚੰਬਾ ਵਿਚ ਪੈਦਾ ਹੋਏ ਸਨ। ਚੰਬਾ ਦਾ ਰਾਜਾ ਸਾਹਿਲਾ ਵਰਮਾ ਉਹਨਾਂ ਦਾ ਚੇਲਾ ਸੀ। ਚੰਬਾ ਨਗਰ ਕਿਹਾ ਜਾਂਦਾ ਹੈ ਕਿ ਲਗ ਭਗ ੯੨੦ ਈ. ਦੇ ਲਾਗੇ ਚਾਗੇ ਵਸਾਇਆ ਗਿਆ ਸੀ। ਉਸ ਨੇ ਵੀਹ ਵਰ੍ਹੇ ਤਾਈਂ ਉਥੇ ਰਾਜ ਕੀਤਾ। ਉਸ ਤੋਂ ਪਿਛੋਂ ੯੪੦ ਈ. ਵਿਚ ਆਪਣੇ ਪੁਤਰ 'ਯੁਗਾ ਕਰ-ਵਰਮਾ' ਨੂੰ ਰਾਜ ਦੇ ਕੇ ਆਪ ਜੋਗੀ ਬਣ ਗਿਆ। ਕਿਹਾ ਜਾਂਦਾ ਹੈ ਕਿ ੯੨੦ ਈ. ਦੇ ਲਗ ਭਗ ਚੁਰਾਸੀ ਸਿੱਧ ਜੋਗੀ ਚੰਬਾ ਵਿਚ ਬ੍ਰਹਿਮ ਪੁਰਾ ਨਾਂ ਦੀ ਜਗ੍ਹਾ ਉਤੇ ਆਏ ਸਨ, ਉਹਨਾਂ ਵਿਚ ਚਰਪਟ ਨਾਥ ਵੀ ਸਨ। ਇਨ੍ਹਾਂ ਨਾਥਾਂ ਦਾ ਚੰਬਾ ਉਤੇ ਵਧੇਰਾ ਪ੍ਰਭਾਵ ਰਿਹਾ ਜਾਪਦਾ ਹੈ। ਉਥੋਂ ਦਾ ਇਕ ਸਿੱਕਾ ਜਿਸ ਨੂੰ ਚਕਲੀ ਕਿਹਾ ਜਾਂਦਾ ਹੈ (ਤਿੰਨ ਚਕਲੀ—ਇਕ ਆਨਾ) ਦੇ ਉਤੇ ਭੀ ਪਾਟੇ ਹੋਏ ਕੰਨ ਦੀ ਮੂਰਤੀ ਮਿਲਦੀ ਹੈ। ਈ. ਸੰਨ ੧੦੦੦ ਦੇ ਲਾਗੇ ਚਾਗੇ ਇਸੇ ਪ੍ਰਵਾਰ ਦਾ ਇਕ ਦੂਜਾ ਪ੍ਰਸਿਧ ਰਾਜਾ 'ਸਾਲਿਵਾਨ' ਜਾਂ ਸਲਵਾਨ ਭੀ ਹੋਇਆ ਹੈ। ਵਿਦਵਾਨਾ ਦਾ ਮਤ ਹੈ ਕਿ ਸਲਵਾਨ ਉਤੇ ਉਜੈਨ ਦੇ ਪ੍ਰਸਿਧ ਰਾਜਾ ਭੋਜ ਵਿਕਰਮਾਜੀਤ ਨੇ (੧੦੧੬ ਤੋਂ ੧੧੨੬) ਹਮਲਾ ਕੀਤਾ ਸੀ। ਸਲਵਾਨ ਨੇ ਕਸ਼ਮੀਰ ਦੇ ਰਾਜਾ ਤੋਂ ਮਦਦ ਲੈ ਕੇ ਉਸ ਨੂੰ ਹਰਾਇਆ। ਇਸੇ ਸਲਵਾਨ ਦਾ ਪੁਤਰ ਪੂਰਨ ਸੀ, ਜੋ ਕੁਝ ਕਾਲ ਉਪਰੰਤ ਨਾਥ ਬਣ ਗਿਆ ਤੇ ਚੌਰੰਗੀ ਨਾਥ ਨਾਂ ਨਾਲ ਪ੍ਰਸਿਧ ਹੋਇਆ।

ਚਰਪਟ ਨਾਥ ਆਪਣੇ ਆਪ ਨੂੰ ਕੇਵਲ ਜੋਗੀ ਹੀ ਨਹੀਂ, ਸਗੋਂ ਆਤਮ ਯੋਗਿਨ ਮੰਨਦੇ ਸਨ। ਇਹਨਾਂ ਦੀਆਂ ਰਚਨਾਵਾਂ ਉਤੇ ਪੰਜਾਬੀ ਦੀ ਪੂਰੀ ਪੂਰੀ ਛਾਪ ਨਜ਼ਰ ਆਉਂਦੀ ਹੈ। ਹਾਸ ਅਤੇ ਵਿਅੰਗਿਆਤਮਕ ਢੰਗ ਨਾਲ ਆਪਣੀ ਗੱਲ ਨੂੰ ਸੰਖੇਪ ਕਰਕੇ ਦਰਸਾਉਣ ਵਿਚ ਚਰਪਟ ਮਾਹਿਰ ਸਨ। ਇਹਨਾਂ

ਦੀ ਕਾਵਿ-ਕਲਾ ਦੇ ਕਈ ਨਮੂਨੇ ਅਜ ਵੀ ਪ੍ਰਾਪਤ ਹੁੰਦੇ ਹਨ—

'ਭੱਟ ਤੀਰਥ ਬ੍ਰਾਹਿਮਣ ਕੇ ਕਰਮਾ,
ਪੁੰਨ ਧੰਨ ਖੱਤਰੀ ਕੇ ਧਰਮਾ।
ਵੰਜ ਬਪਾਰ ਵੈਸਨੋ ਕੇ ਕਰਮਾ,
ਸੇਵਾ ਭਾਵ ਸੂਦਰ ਕੇ ਧਰਮਾ।
ਚਾਰੋ ਵਰਨ ਇਹੋ ਚਾਰੋਂ ਕਰਮਾ,
ਚਰਪਟ ਪ੍ਰਣਵੇਂ ਸੁਣ ਹੋ ਸਿੱਧਾ,
ਮਨ ਵਸ ਕੀਏ ਜੋਗੀ ਕੇ ਧਰਮਾ।

... ...

ਸੋ ਕੁਛ ਜਰੋ ਜੋ ਬਹੁਰ ਨਾ ਜਰਨਾ,
ਸੋ ਜਲ ਤਰੋ ਜੋ ਬਹੁਰ ਨਾ ਤਰਨਾ।
ਜਿਹ ਕਸਰਤ ਸਬ ਪਾਵੈ ਚਰਪਟ,
ਪ੍ਰਣਮੇ ਫਿਰ ਗਰਭ ਨਾ ਆਵੇਂ।

.. .. ..

ਹੋਨੇ ਕਾਰਣ ਕਥੇ ਗਿਆਨ,
ਹੋਨੇ ਕਾਰਣ ਧਰੇ ਧਿਆਨ,
ਹੋਨੇ ਕਾਰਨ ਤੀਰ ਇਸਨਾਨ,
ਹੋਨੇ ਕਾਰਨ ਪੁੰਨ ਅਰ ਦਾਨ,
ਹੋਨੇ ਕਾਰਣ ਜੁਧ ਸੰਗਰਾਮ,
ਹੋਨੇ ਕਾਰਣ ਪਚ ਪਚ ਮੂਆ,
ਚਰਪਟ ਪ੍ਰਣਵੇਂ ਸੋਈ ਸਾਧੂ ਅਨਹੋਣੀ ਹੂਆ।

ਚਰਪਟ ਨਾਥ ਤੋਂ ਬਾਅਦ ਸਾਡੇ ਸਾਹਮਣੇ ਨਾਥ ਜੋਗੀਆਂ ਵਿਚ ਚੌਰੰਗੀ, ਅਤੇ ਰਤਨ ਨਾਥ ਜੀ ਦੀ ਕਾਵਿ ਰਚਨਾ ਆਉਂਦੀ ਹੈ। ਚੌਰੰਗੀ ਚਰਪਟ ਦੇ ਸਮਕਾਲੀ ਹੀ ਸਨ। ਕੁਝ ਵਿਦਵਾਨਾਂ ਦਾ ਮਤ ਹੈ ਕਿ ਚੌਰੰਗੀ ਨਾਥ, ਪੂਰਨ ਜਾਂ ਚਤਰੰਗ ਨਾਥ ਇਕੋ ਹੀ ਸਨ। ਇਹ ਪੂਰਨ ਸਿਆਲਕੋਟ ਦੇ ਰਾਜਾ ਸਲਵਾਨ ਦੇ ਪੁਤਰ ਸਨ। ਸ੍ਰੀ ਹਰੀ ਔਧ ਇਹਨਾਂ ਨੂੰ ਪੂਰਨ ਦੇ ਵਡੇ ਭਰਾ ਮੰਨਦੇ ਹਨ। ਵਧੇਰੇ ਕਰਕੇ ਵਿਦਵਾਨਾਂ ਦਾ ਇਹੋ ਮਤ ਹੈ ਕਿ ਪੂਰਨ ਹੀ ਕੁਝ ਕਾਲ ਉਪ੍ਰੰਤ ਚੌਰੰਗੀ ਨਾਥ ਜਾਂ ਚਤਰੰਗ ਨਾਥ ਦੇ ਨਾਮ ਨਾਲ ਪ੍ਰਸਿਧ ਹੋਇਆ। ਇਹਨਾਂ ਦਾ ਜੀਵਨ ਕਾਲ ੯੭੦ ਤੋਂ ੧੦੭੦ ਈ: ਦੇ ਮੱਧ ਵਿਚ ਦਾ ਮੰਨਿਆਂ ਜਾਂਦਾ ਹੈ। ਇਹਨਾਂ ਦੀ ਹਥ ਲਿਖੀ ਕਾਵਿ ਰਚਨਾ ਦੇ ਖਰੜੇ ਪੱਟੀ ਜ਼ਿਲਾ ਅੰਮ੍ਰਿਤਸਰ ਦੇ ਇਕ ਜੈਨ ਮੰਦਰ ਤੋਂ ਪ੍ਰਾਪਤ ਹੋਏ ਹਨ, ਜਿਹਨਾਂ ਵਿਚ ਨਾਥ ਬਾਣੀ ਹੈ। ਇਹਨਾਂ ਨੇ ਇਕ ਛੋਟਾ ਜਿਹਾ ਕਾਵਿ ਭੀ ਲਿਖਿਆ, ਜਿਹੜਾ ਪ੍ਰਾਣ 'ਪ੍ਰਾਣ ਸੰਗਲੀ' ਕਿਹਾ ਜਾਂਦਾ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਸਲੋਕ ਅਤੇ ਸ਼ਬਦ ਭੀ ਪ੍ਰਾਪਤ ਹੁੰਦੇ ਹਨ। ਉਦਾਹਰ ਵਜੋਂ ਇਹਨਾਂ ਦਾ ਇਕ ਪਦ ਹੇਠਾਂ ਲਿਖਿਆ ਜਾਂਦਾ ਹੈ।

'ਮਾਰਿਬਾ ਤੌਂ ਮਨ ਮੀਰ ਮਾਰਿਬਾ
ਲੂਟਿਬਾ ਪਵਨ ਭੰਡਾਰ।
ਸਾਧਿਵਾ ਤੋਂ ਪੱਚ ਤੱਤ ਸਾਧਿਵਾ,
ਸੇਵਾ ਤੋਂ ਨਿਰੰਜਨ ਨਿਰੰਕਾਰ।
ਮਾਲੀ ਲੌ ਭਲ ਮਾਲੀ ਲੌ,
ਸੀਂਚੈ ਸਹਿਜ ਕਿਆਰੀ,
ਉਨ ਮਨ ਕਲਾ ਏਕ ਪਹੁ ਪਨਿ,
ਪਾਇਲੇ ਆਵਾ ਗਵਨ ਨਿਵਾਰੀ।

ਚੌਰੰਗੀ ਤੋਂ ਬਾਅਦ ਰਤਨ ਨਾਥ ਹੋਇਆ, ਜਿਨ੍ਹਾਂ ਦਾ ਜੀਵਨ ਕਾਲ ਇਕ ਹਜ਼ਾਰ ਤੋਂ ੧੧੨੦ ਈ: ਦੇ ਮੱਧ ਮਿਥਿਆ ਜਾਂਦਾ ਹੈ। ਇਹਨਾਂ ਦੇ ਜਨਮ ਦੇ ਸਬੰਧ ਵਿਚ ਵਿਦਵਾਨਾਂ ਦੇ ਦੋ ਮਤ ਹਨ। ਕੁਝ ਕਹਿੰਦੇ ਹਨ ਕਿ ਉਹ ਬਠਿੰਡਾ ਦੇ ਨਿਵਾਸੀ ਸਨ ਅਤੇ ਕੁਝ ਉਹਨਾਂ ਨੂੰ ਨਿਪਾਲ ਦਾ ਕਸ਼ੱਤਰੀ ਰਾਜ ਕੁਮਾਰ ਵੀ ਦਸਦੇ ਹਨ। ਰਤਨ ਨਾਥ ਦੇ ਉਪਾਸ਼ਕ ਕੇਵਲ ਹਿੰਦੂ ਹੀ ਨਹੀਂ ਸਨ, ਸਗੋਂ ਮੁਸਲਮਾਨ ਵੀ ਇਹਨਾਂ ਦੇ ਪੱਕੇ ਸ਼ਰਧਾਲੂ ਸਨ, ਇਸੇ ਕਰਕੇ ਉਹ ਹਾਜੀ ਰਤਨ ਬਾਬਾ ਰਤਨ ਜਾਂ ਪੀਰ ਰਤਨ ਦੇ ਨਾਉਂ ਨਾਲ ਵੀ ਪਰਸਿਧ ਸਨ। ਨਾ ਕੇਵਲ ਭਾਰਤ ਵਿਚ ਹੀ ਸਗੋਂ ਖੁਰਾਸਾਨ, ਕਾਬੁਲ, ਅਤੇ ਗ਼ਜ਼ਨੀ ਤੀਕ ਨਾਥ ਸੰਪ੍ਰਦਾਏ ਦਾ ਪ੍ਰਚਾਰ ਆਪ ਨੇ ਹੀ ਕੀਤਾ ਸੀ। ਕਾਬੁਲ ਦਾ ਬਾਦਸ਼ਾਹ ਆਪ ਦਾ ਸ਼ਿਸ਼ ਸੀ। ਆਪ ਨੇ ਉਸ ਤੋਂ ਕਾਬਲ ਅਤੇ ਜਲਾਲਾ ਬਾਦ ਵਿਚ 'ਸ਼ਿਵ ਮੰਦਰ ਦੀ ਸਥਾਪਨਾ ਕਰਵਾਈ ਸੀ ਅਤੇ ਮੰਦਰ ਦੇ ਨਾਉਂ ਜਾਗੀਰ ਵੀ ਲੁਆਈ। ਗ਼ਜ਼ਨੀ ਵਿਚ ਹੀ ਆਪ ਦਾ ਸੁਵਰਗਵਾਸ ਹੋਇਆ ਦੱਸਿਆ ਜਾਂਦਾ ਹੈ। ਪਸ਼ੌਰ ਤੋਂ ਲਗ ਭਗ ਦੋ ਮੀਲ ਦੂਰ ਆਪ ਨੇ ਇਕ ਥਾਂ ਧਰਮ ਸਾਲਾ ਨਾਮ ਦਾ ਵਸਾਇਆ ਸੀ। ਆਪ ਨੇ ਪੰਜਾਬੀ ਵਿਚ ਕੁਝ ਫੁਟਕਲ ਗੀਤ ਵੀ ਲਿਖੇ ਹਨ ਅਤੇ ਰਤਨ ਗਿਆਨ ਨਾਮ ਦੀ ਇਕ ਪੁਸਤਕ ਭੀ ਪ੍ਰਾਪਤ

ਹੁੰਦੀ ਹੈ ਜਿਸ ਵਿਚ ਮਛੰਦਰ ਅਤੇ ਗੋਰਖ ਦੇ ਵਿਚਕਾਰ ਹੋਈ ਗੱਲਬਾਤ ਨੂੰ ਕਾਵਿ-ਬੱਧ ਕੀਤਾ ਗਿਆ ਹੈ। ਇਹ ਪੁਸਤਕ 'ਰਸ਼ਮੇ ਨੂਰ ਪ੍ਰੈਸ ਅੰਮ੍ਰਿਤਸਰ' ਤੋਂ ਸੰਨ ੧੯੦੦ ਈ' ਵਿਚ ਪ੍ਰਕਾਸ਼ਤ ਹੋਈ ਦੱਸੀ ਜਾਂਦੀ ਹੈ। ਇਸੇ ਪੁਸਤਕ ਤੋਂ ਪਤਾ ਲਗਦਾ ਹੈ ਕਿ ਰਤਨ ਨਾਥ ਮਛੰਦਰ ਦੇ ਚੇਲੇ ਸਨ ਅਤੇ ਉਹ ਗੁਰੂ ਗੋਰਖ ਨੂੰ ਪਹਿਲੀ ਵਾਰ ਗੁਦਾਵਰੀ ਨਦੀ ਦੇ ਕੰਢੇ ਮਿਲੇ ਸਨ। ਕੁਝ ਵਿਚਾਰਵਾਨਾਂ ਦਾ ਮਤ ਹੈ ਕਿ ਰਤਨ ਗਿਆਨ ਪੁਸਤਕ ਦੇ ਲਿਖਾਰੀ ਬ੍ਰਹਿਮ ਦਾਸ ਜੀ ਸਨ। ਪਰ ਪ੍ਰਮਾਣੀਕ ਤੌਰ ਨਾਲ ਕਿਸੇ ਵਿਦਵਾਨ ਨੇ ਭੀ ਇਸ ਦਾ ਪੜਚੋਲਵਾਂ ਨਿਰਨਾ ਨਹੀਂ ਦਿਤਾ। ਰਤਨ ਨਾਥ ਤੋਂ ਪਿਛੋਂ ਨਾਥ ਸੰਪ੍ਰਦਾਈ ਦੌਰ ਕੋਈ ਵਿਦਵਾਨ ਪ੍ਰਾਪਤ ਨਹੀਂ ਹੁੰਦਾ।

ਰਾਜਸਥਾਨ ਅਤੇ ਹਿੰਦੀ ਦਾ ਪ੍ਰਸਿਧ ਕਵੀ ਚੰਦ ਬਰਦਾਈ (੧੨੨੫-੧੨੪੯ ਈ:) ਵੀ ਲਾਹੌਰ ਵਿਚ ਪੈਦਾ ਹੋਇਆ ਸੀ। ਢਾਈ ਹਜ਼ਾਰ ਪੰਨੇ, ੭੯ ਸਮੇਂ, ਜਾਂ ਸਰਗਾਂ ਦੇ ਪ੍ਰਬੰਧਾਤਮਕ ਮਹਾਂ ਕਾਵਿ 'ਪ੍ਰਿਥਵੀ ਰਾਜ ਰਾਸੋ' ਦਾ ਲਿਖਾਰੀ ਇਹੋ 'ਚੰਦ' ਸੀ, ਜਿਹੜਾ ਹਿੰਦੀ ਦੇ ਵੀ ਮੁਢਲੇ ਲੇਖਕਾਂ ਵਿਚ ਯਾਦ ਕੀਤਾ ਜਾਂਦਾ ਹੈ। ਅਸਲ ਵਿਚ ਰਾਸੋ ਰਾਜ ਸਥਾਨੀ ਭਾਸ਼ਾ ਦਾ ਹੀ ਗਰੰਥ ਮੰਨਿਆ ਜਾਂਦਾ ਹੈ। ਪਰ ਕੁਝ ਵਿਦਵਾਨ 'ਚੰਦ' ਦਾ ਜਨਮ ਅਸਥਾਨ ਲਹਾਵਰ ਜਾਂ ਲਹੌਰ ਵਿਚ ਹੋਣ ਕਰਕੇ ਉਸ ਨੂੰ ਪੰਜਾਬੀ ਦਾ ਕਵੀ ਮੰਨਦੇ ਹੋਏ ਕਹਿੰਦਾ ਹਨ ਕਿ ਉਸ ਦੀ ਭਾਸ਼ਾ ਉਤੇ ਪੰਜਾਬੀ ਦੀ ਵੀ ਛਾਪ ਸੀ। ਵਿਦਵਾਨਾਂ ਦਾ ਇਹ ਨਿਸਚੈ ਮਤ ਹੈ ਕਿ 'ਰਾਸੋ' ਦਾ ਉਤ੍ਰਾਰਧ ਪਿਛਲਾ ਹਿੱਸਾ ਉਸ ਦੇ ਪੁਤਰ ਜਲਣ ਨੇ ਪੂਰਾ ਕੀਤਾ ਸੀ। 'ਰਾਸੋ' ਦਾ ਰਚਨਾ ਕਾਲ ਅਤੇ ਉਸ ਦੀਆਂ ਇਤਿਹਾਸਕ ਸਚਾਈਆਂ ਅਜੇ ਤਕ ਵੀ ਵਾਦ ਵਿਵਾਦ ਦਾ ਵਿਸ਼ੇ ਬਣੀਆਂ ਹੋਈਆਂ ਹਨ। ਇਸ ਗਰੰਥ ਦੀ ਭਾਸ਼ਾ ਬੜੀ ਹੀ ਵਿਚੱਤ੍ਰ ਹੈ। ਇਸ ਵਿਚ ਪ੍ਰਾਕ੍ਰਿਤ ਅਤੇ ਅਪਭਰੰਸ਼ ਦੀ ਵਰਤੋਂ ਹੈ। ਸਰਸਾ, ਹਿਸਾਰ ਦੇ ਜੱਟ ਅਤੇ ਦਿੱਲੀ ਦੇ ਰਾਜਪੂਤਾਂ ਦੀ ਭਾਸ਼ਾ ਹੋਰ ਸੌਤ ਭਾਸ਼ਾ ਲਗ ਭਗ ਮਿਲਦੀਆਂ ਜੁਲਦੀਆਂ ਹਨ। ਇਸੇ ਕਰਕੇ ਪੰਜਾਬੀ ਦੇ ਵਿਦਵਾਨ ਚੰਦ ਨੂੰ ਪੰਜਾਬੀ ਦਾ ਕਵੀ ਵੀ ਮੰਨ ਲੈਂਦੇ ਹਨ। ਉਹਨਾਂ ਦਾ ਮਤ ਹੈ ਕਿ 'ਰਾਸੋ' ਅਸਲ ਵਿਚ ਪੰਜਾਬੀ ਦੇ ਢੰਗ ਨਾਲ ਲਿਖਿਆ ਗਿਆ ਹੈ। ਪਰ ਇਸ ਦਾ ਵਾਤਾਵਰਣ ਰਾਜਸਥਾਨੀ ਹੈ। ਇਸ ਸਬੰਧ ਵਿਚ ਡਾ. ਮੋਹਨ ਸਿੰਘ ਆਪਣੀ ਪੁਸਤਕ ਵਿਚ ਲਿਖਦੇ ਹਨ।

ਚੰਦ ਦੇ ਕਾਵਿ ਵਿਚ ਸਾਨੂੰ ਕਈ ਪੰਜਾਬੀ ਸ਼ਬਦ ਮਿਲਦੇ ਹਨ ਉਦਾਹਰਣਾ ਵਜੋਂ ਹੇਠ ਲਿਖੀਆਂ ਪੰਗਤੀਆਂ ਵੇਖੋ।

'ਆਪੇ ਸੁਗੰਧ ਤੱਦ ਕੁੱਸ ਜੁੱਗ,
ਸੱਤ ਅੱਠ ਖੰਡ ਕਰਿ ਅੰਗ ਅੱਖਿ
ਉਸੇ ਸੁਅੱਪ ਵਰ ਮੱਧਿ ਹਥ'।
ਮੌਨਿਕ੍ਰਿ ਸੁ ਈਸ ਧਰੀ ਬਰ ਖਸਾਏ,
ਸਤ ਅੱਧ ਪ੍ਰੱਤ ਅਵਤਰਨ ਕਾਏ'।

ਜਿਸ ਸਮੇਂ ਦਾ ਅਸੀਂ ਵਰਣਨ ਕਰ ਰਹੇ ਹਾਂ ਉਸ ਸਮੇਂ ਮੁਸਲਮਾਨਾਂ ਦੇ ਹਮਲੇ ਹੋ ਚੁਕੇ ਸਨ। ਈ. ਸੰਨ ੧੧੭੩ ਤੋਂ ੧੨੬੫ ਦੇ ਮੱਧ ਦਾ ਕਾਲ ਪ੍ਰਸਿਧ ਮੁਸਲਮਾਨ ਸੂਫੀ ਕਵੀ ਸ਼ਾ. ਫਰੀਦ ਸਾਹਿਬ ਦਾ ਮੰਨਿਆ ਜਾਂਦਾ ਹੈ। ਇਹ ਫਰੀਦ ਬਾਬਾ ਜਾਂ ਮਸਊਦ ਦੇ ਨਾਮ ਨਾਲ ਪ੍ਰਸਿਧ ਸਨ। ਫਰੀਦ ਸ਼ਕਰ ਗੰਜ ਵੀ ਇਹਨਾਂ ਨੂੰ ਹੀ ਕਿਹਾ ਜਾਂਦਾ ਹੈ। ਇਹ ਜ਼ਾਤੀ ਦੇ ਅਫ਼ਗਾਨ ਸਨ ਅਤੇ ਕੋਤਵਾਲ ਨਾਮ ਦੇ ਨਗਰ ਜ਼ਿਲਾ ਮੁਲਤਾਨ ਵਿਚ ਪੈਦਾ ਹੋਏ ਸਨ। ਆਪ ਦਿੱਲੀ ਅਤੇ ਹਾਂਸੀ ਆਦਿ ਸ਼ਹਿਰਾਂ ਵਿਚ ਰਹਿੰਦੇ ਰਹੇ। ਆਪ ਜੀ ਨੇ ਖੁਆਜਾ ਕੁਤਬਦੀਨ ਕਾਕੀ ਤੋਂ ਗਦੀ ਪ੍ਰਾਪਤ ਕੀਤੀ ਅਤੇ ਨਿਜ਼ਾਮਦੀਨ ਔਲੀਆ ਨੂੰ ਆਪਣੀ ਗਦੀ ਦਾ ਵਾਰਸ ਬਣਾਇਆ। ਇਹਨਾਂ ਦੇ ਹੀ ਸ਼ਿਸ਼ ਪ੍ਰਸਿਧ ਲੋਕ ਕਵੀ ਅਮੀਰ ਖੁਸਰੋ ਸਨ। ਆਪ ਜੀ ਉਤੇ ਹਿੰਦੂ ਮੁਸਲਮਾਨ ਅਤੇ ਸਿਖ ਸਮਾਨ ਸ਼ਰਧਾ ਰਖਦੇ ਹਨ! ਜਦੋਂ ਸੰਨ ੧੬੦੩ ਈ. ਵਿਚ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਸੰਗ੍ਰਿਹ ਕੀਤਾ ਗਿਆ ਤਾਂ ਫਰੀਦ ਜੀ ਦੇ ਕਾਵਿ ਨੂੰ ਵੀ ਉਸ ਵਿਚ ਸੰਮਿਲਤ ਕਰਨ ਦਾ ਲੋਭ ਨਹੀਂ ਸੀ ਛਡਿਆ ਜਾ ਸਕਿਆ। ਗੁਰੂ ਗਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਨੂੰ ਸਨਮਾਨ ਯੋਗ ਥਾਂ ਪ੍ਰਾਪਤ ਹੈ। ਆਪ ਨਾਲ ਲੋਕਾਂ ਨੂੰ ਇਨਾ ਡੂੰਘਾ ਪਿਆਰ ਸੀ ਕਿ ਉਹਨਾਂ ਇਹਨਾਂ ਦੀ ਬਾਣੀ ਨੂੰ ਹਿੰਦੀ ਲਿਪੀ ਵਿਚ ਹਥਾਂ ਨਾਲ ਲਿਖ ਕੇ ਸੰਗ੍ਰਹਿਤ ਕੀਤਾ, ਜਿਸ ਦੀਆਂ ਜਿਲਦਾਂ ਅਜ ਵੀ ਕਦੇ ਕਦੇ ਜੈ ਪੁਰ ਜੋਧ ਪੁਰ ਆਦਿ ਚੋ ਟਾਂਗੇ ਬਾਂਗੇ ਪ੍ਰਾਪਤ ਹੁੰਦੀਆਂ ਹਨ। ਫਰੀਦ ਹੀ ਪੰਜਾਬੀ ਦਾ ਉਹ ਪ੍ਰਥਮ ਕਵੀ ਹੈ, ਜਿਸ ਦੀ ਭਾਸ਼ਾ ਨੂੰ ਅਸੀਂ ਸੌ ਫੀ ਸਦੀ ਪੰਜਾਬੀ ਕਹਿ ਸਕਦੇ ਹਾਂ 'ਨਸੀਹਤ ਨਾਮਾ' ਆਪ ਜੀ ਦੀ ਬਾਣੀ ਦਾ ਇਕ ਅਦੁਤੀ ਨਮੂਨਾ ਹੈ। ਅਜ ਵੀ ਆਪ ਦੀ ਬਾਣੀ ਨੂੰ ਅਖਾਣਾ ਦੇ ਰੂਪ ਵਿਚ ਪੰਜਾਬ ਦਾ

'ਲੋਕ' ਬੇ-ਬਸ ਹੀ ਬੋਲ ਉਠਦਾ ਹੈ—

'ਫਰੀਦਾ ਮਾਉ ਮਰਿੰਦੀ ਕਮਲੀ,
ਜਿੰਨ ਜੀਵਨ ਰਖਿਆ ਨਾਉਂ।
ਜਾਂ ਦਿਨ ਪੁੰਨੇ ਮੌਤ ਦੇ,
ਨਾਂ ਜੀਵਨ ਨਾ ਨਾਉਂ।

— — — —

ਫਰੀਦਾ ਐਸਾ ਹੋਏ ਰਹੁ,
ਜੈਸਾ ਕੱਖ ਮਸੀਤ।
ਪੈਰਾਂ ਤਲੇ ਲਤਾੜੀਏ,
ਤੂੰ ਕਦੇ ਨਾ ਛੋੜੇਂ ਪ੍ਰੀਤ।

* * *

ਫਰੀਦਾ ਪਸਾਰ ਕੇ,
ਅਠੇ ਪਹਿਰ ਹੀ ਸਉਂ,
ਲੇਖਾ ਕੋਈ ਨਾ ਪੁਛਸੀ,
ਜੇ ਵਿਚੋਂ ਜਾਵੇਂ ਹਉਂ।

* * *

ਘੋਰੂ ਪਵਾਹੀ ਦਬ
ਜੇ ਸਾਈਂ ਲੋੜੇ ਸਭ,
ਇਕ ਛਿਜੈ ਬਿਆ ਲਤਾੜੀਐ
ਤਾਂ ਸਾਈਂ ਦੈ ਦਰ ਵਾੜੀਐ।

ਬਾਬਾ ਫਰੀਦ ਤੋਂ ਪਿਛੋਂ ਸਾਡੇ ਸਾਹਮਣੇ ਹਿੰਦੀ ਦਾ ਪ੍ਰਸਿਧ ਲੋਕ ਕਵੀ ਖੁਸਰੋ ਆਉਂਦਾ ਹੈ ਜਿਸ ਦੇ ਜਨਮ ਬਾਰੇ ਪੰਜਾਬੀ ਦੇ ਵਿਦਵਾਨਾਂ ਨੂੰ ਇਕ ਡੋਕਾ ਭਰਮ ਹੈ। ਖੁਸਰੋ ਦਾ ਜਨਮ ਪਟਿਆਲੀ ਨਾਮ ਦੇ ਪਿੰਡ ਜ਼ਿਲਾ ਏਟਾ ਉਤਰ ਪ੍ਰਦੇਸ਼ ਈ: ਸੰਨ ੧੨੫੩ ਵਿਚ ਹੋਇਆ ਸੀ। ਪਰ ਪੰਜਾਬੀ ਦੇ ਪ੍ਰਸਿਧ ਲੇਖਕ ਡਾ. ਮੋਹਨ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਅਦਬ ਦੀ ਮੁਖਤਸਿਰ ਤਾਰੀਖ' ਵਿਚ ਉਕਤ ਪਟਿਆਲੀ ਪਿੰਡ ਦਾ ਸੰਬੰਧ ਅਧੁਨਿਕ ਪਟਿਆਲਾ ਨਾਲ ਜੋੜਨ ਦਾ ਯਤਨ ਕੀਤਾ ਹੈ, ਜਿਹੜਾ ਕਿ ਨਿਰਮੂਲ ਹੈ ਕਿਉਂਕਿ ਪਟਿਆਲਾ ਤਾਂ 'ਪੱਤੀ ਬਾਬਾ ਆਲਾ' ਤੋਂ 'ਪਤੀਆਲਾ' ਫਿਰ ਇਸ ਦਾ ਰੂਪ 'ਪਟਿਆਲਾ' ਬਣ ਗਿਆ ਪ੍ਰਤੀਤ ਹੁੰਦਾ ਹੈ। ਭਾਵੇਂ ਖੁਸਰੋ ਹਿੰਦੀ ਪ੍ਰਦੇਸ਼ ਦੇ ਹੀ ਕਵੀ ਸਨ ਤਾਂ ਵੀ ਉਹਨਾਂ ਦੀਆਂ ਬੁਝਾਰਤਾਂ ਅਜ ਵੀ ਪੰਜਾਬੀ ਵਿਚ ਪ੍ਰਚੱਲਤ ਹਨ। ਉਹਨਾਂ ਨੇ ਪੰਜਾਬੀ ਵਿਚ ਇਕ ਵਾਰ ਵੀ ਲਿਖੀ, ਜਿਸ ਨੂੰ ਤੁਗਲਕ ਸ਼ਾਹ ਅਤੇ ਨਾਸ਼ਰਦੀਨ ਖੁਸਰੋ ਖਾਂ ਦੀ 'ਵਾਰ' ਕਿਹਾ ਜਾਂਦਾ ਹੈ। ਇਹ ਵਾਰ ਪੰਜਾਬੀ ਦੀ ਪ੍ਰਥਮ ਵਾਰ ਮੰਨੀ ਜਾਂਦੀ ਹੈ। ਉਹਨਾਂ ਨੇ ਲਗ ਭਗ ਬਾਰਾਂ ਸੌ ਤ੍ਰਾਸੀ ਵਿਚ ਕਾਵਿ ਰਚਨਾਂ ਅਰੰਭ ਕੀਤੀ। ਕੁਲ ਮਿਲਾਕੇ ੯੯ ਪੁਸਤਕਾਂ ਲਿਖੀਆਂ, ਜਿਨਾਂ ਵਿਚੋਂ ੨੨ ਪੁਸਤਕਾਂ ਹੁਣ ਵੀ ਪ੍ਰਾਪਤ ਹੁੰਦੀਆਂ ਹਨ। ਕੁਝ ਲੋਕ ਉਹਨਾਂ ਦੀਆਂ ਬੁਝਾਰਤਾਂ ਨੂੰ ਪੰਜਾਬੀ ਦਾ ਹੀ ਉਲਥਾ ਮੰਨਦੇ ਹਨ। ਪਰ ਇਸਦਾ ਪ੍ਰਮਾਣੀਕ ਵੇਰਵਾ ਕੋਈ ਵੀ ਨਹੀਂ ਦੇ ਸਕਿਆ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਕਈ ਲੱਖ ਸ਼ੇਅਰ ਲਿਖੇ ਸਨ। ਉਹਨਾਂ ਦੀਆਂ ਬੁਝਾਰਤਾਂ ਦੇ ਕੁਝ ਨਮੂਨੇ ਦੇਖੋ।

'ਚਾਰ ਪੁੱਤਰ ਮੇਰੇ ਅਬਲੇ ਸਬਲੇ,
ਚਾਰ ਪੁੱਤਰ ਮੇਰੇ ਮਿਟੀ ਚਖਣੇ,
ਦੋ ਪੁੱਤਰ ਮੇਰੇ ਖਲੇ ਮਨਾਰੇ।
ਦੋ ਪੁੱਤਰ ਵਿਚ ਲਸਕਣ ਤਾਰੇ। = ਮੱਝ

ਵਾਹ ਉਹ ਰਬਾ ਤੇਰੇ ਕੰਮ
ਅੰਦਰ ਹਡੀਆਂ ਬਾਹਰ ਚੰਮ। — ਖੁਰਮਾਨ ਜਾਂ ਛੁਹਾਰਾ

ਇਕ ਨਾਮ ਕਰਤਾਰੇ ਪਾਈਏ,
ਸ਼ਹੁ ਦਰਿਆ ਦੇ ਹੇਠ।
ਇਕ ਸੌ ਲੜਕਾ ਪੈਦਾ ਹੋਇਆ,
ਦੋ ਮਾਵਾਂ ਦੇ ਪੇਟ। = ਸਿੱਪੀ

ਦੋ ਕਲਬੂਤਰ ਉਡਦੇ ਜਾਂਦੇ,
ਖੰਭ ਉਹਨਾਂ ਦੇ ਕਾਲੇ,
ਚਾਲ ਉਹਨਾਂ ਦੀ ਅਟਕੀ ਮਟਕੀ,
ਰਬ ਉਹਨਾਂ ਨੂੰ ਪਾਲੇ। = ਅੱਖਾਂ

ਬਾਹਰੋਂ ਆਏ ਦੋ ਮਲੰਗ,
ਹਰੀਆਂ ਟੋਪੀਆਂ ਨੀਲੇ ਰੰਗ। = ਬਤਾਊਂ

ਖੂਹ ਵਿਚ ਟਾਂਡਾ, ਸਭ ਦਾ ਸਾਂਝਾ = ਹੁੱਕਾ

ਇਕ ਜਨਾਵਰ ਐਸਾ,
ਜਿਹਦੀ ਦੁਮ ਤੇ ਪੈਸਾ। — ਮੋਰ

ਇਕ ਜਨਾਵਰ ਅਸਲੀ,
ਜਿਹਦੀ ਨਾ ਹੱਡੀ ਨਾ ਪੱਸਲੀ। = ਜੋਕ ਗੰਡੋਆ

ਇਹੋ ਜਿਹੀਆਂ ਅਨੇਕ ਬੁਝਾਰਤਾਂ ਹਨ, ਜਿਹੜੀਆਂ ਖੁਸਰੋ ਦੀਆਂ ਦੱਸੀਆਂ ਜਾਂਦੀਆਂ ਹਨ। ਥਾਂ ਦੀ ਥੁੜ ਕਰਕੇ

ਇਹੋ ਵਿਸਥਾਰ ਨਾਲ ਲਿਖਣਾ ਉਚਿਤ ਪ੍ਰਤੀਤ ਨਹੀਂ ਹੁੰਦਾ। ਖੁਸਰੋ ਤੋਂ ਬਿਨਾਂ ਇਕ ਹੋਰ ਬੁਝਾਰਤ—ਲੇਖਕ ਦਾ ਪਤਾ ਮਿਲਦਾ ਹੈ, ਜਿਸ ਦਾ ਨਾਮ ਸ਼ਰਤਾ ਪੰਡਿਤ ਸੀ। ਇਹ ਪੰਡਿਤ ਸ਼ਰਤਾ ਨਿਸਚੇ ਹੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਇਆ ਸੀ। ਕਿਉਂ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਸ ਕਵੀ ਦਾ ਉਲੇਖ ਮਿਲਦਾ ਹੈ।—

'ਜੰਮੇ ਜੀਆ ਜਾਣੇ ਲੈ ਭਾਉ,
ਸੁਰਤਾ ਪੰਡਿਤ ਤਾ ਕਾ ਨਾਉ।
(ਮਲਾਰ ਮਹਲਾ ੧)

ਬਾਬਾ ਗੰਗਾ ਸਿੰਘ ਜੀ ਬੇਦੀ ਨੇ ਸਭ ਤੋਂ ਪਹਿਲਾਂ ਇਸ ਬੁਝਾਰਤ ਲੇਖਕ ਦਾ ਉਲੇਖ ਕੀਤਾ ਹੈ। ਅਤੇ ਅਨੇਕ ਬੁਝਾਰਤਾਂ ਵੀ ਇਕੱਤਰ ਕੀਤੀਆਂ ਹਨ। ਉਹਨਾਂ ਦਾ ਮਤ ਹੈ ਕਿ ਉਹ ਜ਼ਿਲਾ ਗੁਜਰਾਤ ਦਾ ਵਸਨੀਕ ਸੀ। ਉਸਦੀਆਂ ਬੁਝਾਰਤਾਂ ਇਸ ਪ੍ਰਕਾਰ ਦੀਆਂ ਹੁੰਦੀਆਂ ਸਨ, ਜਿਹੜੀਆਂ ਕਿ ਕੁਝ ਕਾਲ ਉਪਰੰਤ ਅਖਾਣਾ ਦੇ ਰੂਪ ਵਿਚ ਵਰਤੀਆਂ ਜਾਣ ਲਗ ਪਈਆਂ, ਜਿਵੇਂ—

'ਸੌ ਚਾਚਾ ਤੇ ਇਕ ਪਿਉ,
ਸੌ ਦਾਰੂ ਤੇ ਇਕ ਘਿਉ।'
ਸੌ ਵੈਰ ਤੇ ਇਕ ਸਿਉ।

ਇਸੇ ਤਰ੍ਹਾਂ—

'ਕੁੜੀਆਂ ਚਿੜੀਆਂ ਬੱਕਰੀਆਂ,
ਤਿੰਨੇ ਜਾਤਾਂ ਅੱਥਰੀਆਂ।'

ਖੁਸਰੋ ਅਤੇ ਵੇਦ ਤੋਂ ਪਿਛੋਂ ਸਾਡੇ ਸਾਹਮਣੇ ਇਕ ਹੋਰ ਕਵੀ ਮਸਊਦ ਆਉਂਦਾ ਹੈ, ਜਿਸ ਨੇ ਬਾਰਾਂ ਮਾਂਹ, ਸੱਤ ਵਾਰੇ ਅਤੇ ਅੱਖਰ ਗਿਆਨ ਆਦਿ ਲਈ ਕਾਵਿ ਰਚਨਾ ਕੀਤੀ। ਮਸਊਦ ਨੂੰ ਭੀ ਪੰਜਾਬੀ ਸਾਹਿੱਤ ਵਿਚ ਉਚੇਰੀ ਥਾਂ ਪ੍ਰਾਪਤ ਹੈ। ਮਸਊਦ ਤੋਂ ਪਿਛੋਂ ਸਿਖਾਂ ਦੇ ਪ੍ਰਥਮ ਗੁਰੂ (੧੪੬੯ ਤੋਂ ੧੫੩੯ ਈ.) ਵਿਚ ਜਨਮ ਮਹਾਰਾਜ ਭਗਤੀ ਮਾਰਗ ਦੇ ਕਵੀ ਸਨ। ਪੰਜਾਬੀ ਦੇ ਸਮਾਨ ਆਪ ਜੀ ਨੂੰ ਹਿੰਦੀ ਵਿਚ ਭੀ ਵਧੇਰਾ ਮਾਣ ਪ੍ਰਾਪਤ ਹੈ। ਆਪ ਜੀ ਨੂੰ ਭਗਤੀ ਮਾਰਗੀ ਗਿਆਨ ਸ਼੍ਰੇਣੀ ਸ਼ਾਖਾ ਦੇ ਕਵੀਆਂ ਵਿਚ ਮੁਖੀ ਮੰਨਿਆ ਜਾਂਦਾ ਹੈ। ਆਪ ਜੀ ਦੀਆਂ ਰਚਨਾਵਾਂ ਹਿੰਦੀ ਮਿਸਰਤ ਪੰਜਾਬੀ, ਅਪਭ੍ਰੰਸ਼ ਹਿੰਦਵੀ ਜਾਂ ਸਧੁਕੜੀ ਭਾਸ਼ਾ ਦੀਆਂ ਹੁੰਦੀਆਂ ਹਨ। ਨਾਨਕ ਜੀ ਦੀ ਕਾਵਿ ਕਲਾ ਦੇ ਸੈਂਕੜੇ ਪਦ ਸਾਨੂੰ ਮਿਲਦੇ ਹਨ, ਜਿਨ੍ਹਾਂ ਵਿਚੋਂ ਵਧੇਰੇ ਗੁਰੂ ਗ੍ਰੰਥ ਸਾਹਿਬ ਵਿਚ ਸੰਗ੍ਰਹਿਤ ਹਨ। ਕਿਹਾ ਜਾਂਦਾ ਹੈ ਕਿ ਸੁਮੇਰ ਪ੍ਰਬਤ ਉਤੇ ਗੁਰੂ ਨਾਨਕ ਦੇਵ ਜੀ ਚੁਰਾਸੀ ਸਿਧਾਂ ਨੂੰ ਮਿਲੇ ਸਨ, ਜਿਥੇ ਉਹਨਾਂ ਨੇ ਸਿੱਧਾਂ ਨਾਲ ਵਾਰਤਾ ਲਾਪ ਕੀਤਾ। ਇਹੋ ਵਾਰਤਾ ਲਾਪ ਸਿੱਧ ਗੋਸ਼ਟ ਵਿਚ ਅੰਕਿਤ ਹੈ, ਜਿਹੜਾ ਆਪਣਾ ਵਿਸ਼ੇਸ਼ ਮਹਾਨਤਾ ਰਖਦਾ ਹੈ। ਗੁਰੂ ਨਾਨਕ ਕਬੀਰ ਦੇ ਸਮਾਨ ਹਿੰਦੂ ਮੁਸਲਿਮ ਏਕਤਾ ਦੇ ਹਾਮੀ ਸਨ। ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਸਾਹਿਤਕ ਛੰਦਾ ਬੰਦੀ ਵਿਚ ਹੀ ਕਾਵਿ ਰਚਨਾ ਕੀਤੀ, ਸਗੋਂ ਉਸ ਕਾਲ ਦੇ ਲੋਕ ਛੰਦਾਂ ਵਿਚ ਭੀ ਕਾਵਿ ਰਚਨਾ ਕੀਤੀ ਅਤੇ ਵਧੇਰੀ ਗਿਣਤੀ ਵਿਚ ਲੋਕ ਸਾਹਿੱਤ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ ਜੀ ਦਾ ਇਕ ਪਦ ਵੰਨਗੀ ਵਜੋਂ ਹੇਠਾਂ ਦਿਤਾ ਜਾਂਦਾ ਹੈ—

'ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ,
ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥

ਉਪ੍ਰੋਕਤ ਸਲੋਕ ਵਿਚ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੀ ਭਾਸ਼ਾ ਠੇਠ ਪੰਜਾਬੀ ਨਹੀਂ ਸੀ, ਸਗੋਂ ਮਿਲੀ ਜੁਲੀ ਹੀ ਸੀ। ਇਸੇ ਤਰ੍ਹਾਂ ਦੀ ਭਾਸ਼ਾ ਸਾਨੂੰ ਕਬੀਰ ਜੀ ਦੀ ਵੀ ਮਿਲਦੀ ਹੈ, ਜਿਨ੍ਹਾਂ ਦਾ ਰਚਨਾ ਕਾਲ ੧੫੦੭ ਤੋਂ ੧੫੭੫ ਈ. ਮਿਥਿਆ ਜਾਂਦਾ ਹੈ। ਭਾਵੇਂ ਕਬੀਰ ਦਾ ਜਨਮ ਕਾਂਸ਼ੀ ਵਿਚ ਹੋਇਆ ਸੀ ਤਾਂ ਭੀ ਉਹਨਾਂ ਦੀ ਭਾਸ਼ਾ ਸਧੁਕੜੀ ਹੋਣ ਕਰਕੇ ਪੰਜਾਬੀ ਨਾਲ ਵਧੇਰੀ ਮਿਲਦੀ ਹੈ। ਕਬੀਰ ਦਾ ਕੁਝ ਕਾਵਿ ਗੁਰੂ ਗ੍ਰੰਥ ਸਾਹਿਬ ਵਿਚ ਭੀ ਸੰਗ੍ਰਹਿਤ ਹੈ। ਕਬੀਰ, ਨਾਨਕ, ਦਾਦੂ, ਰਵਦਾਸ, ਧਰਮ ਦਾਸ ਅਤੇ ਮਲੂਕ ਦਾਸ ਆਦਿ ਭਗਤ ਕਵੀ ਗਿਆਨਾ ਸ਼੍ਰੇਣੀ ਸ਼ਾਖਾ ਦੇ ਮੰਨੇ ਜਾਂਦੇ ਹਨ। ਲਗ ਭਗ ਇਹ ਸਾਰੇ ਕਵੀ ਰਹਸਵਾਦੀ ਵੀ ਮੰਨੇ ਜਾਂਦੇ

ਹਨ। ਰਹਸਵਾਦ ਦੇ ਭੀ ਦੋ ਭੇਦ ਹਨ—ਇਕ ਗਿਆਨਾ ਸ਼ੈਲੀ, ਦੂਜਾ ਪ੍ਰੇਮ ਮਾਰਗੀ।

ਰਹਸ ਵਾਦ

- ਗਿਆਨਾ ਸ਼ੈਲੀ
  - ਕਬੀਰ, ਨਾਨਕ, ਦਾਦੂ ਆਦਿ।
- ਪ੍ਰੇਮ ਮਾਰਗ
  - ਸ਼ਾਹ ਫ਼ਜ਼ਲ, ਬੁਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਆਦਿ।

ਨਾਨਕ ਅਤੇ ਕਬੀਰ ਦੇ ਰਹਸ ਵਾਦ ਜਾਂ ਭਗਤੀ ਮਾਰਗ ਨੂੰ 'ਨਿਰੰਜਨ ਬ੍ਰਹਿਮ' ਵੀ ਕਿਹਾ ਜਾਂਦਾ ਹੈ। ਸਾਧਾਰਨ ਤੌਰ ਨਾਲ ਨਿਰੰਜਨ ਬਾਦ ਨਿਰਗੁਣ ਬ੍ਰਹਿਮ ਅਤੇ ਵਿਸ਼ੇਸ਼ ਰੂਪ ਨਾਲ ਸ਼ਿਵ ਦਾ ਭੇਦ ਹੈ। ਓਅੰਕਾਰ ਦੇ ਪੰਜ ਪੰਡ ਹੁੰਦੇ ਹਨ, ਜਿਨ੍ਹਾਂ ਵਿਚ ਪੰਜ ਦੇਵਤਿਆਂ ਦਾ ਵਾਸ ਮੰਨਿਆਂ ਜਾਂਦਾ ਹੈ—

(੧) ਤਾਰਕ—ਬ੍ਰਹਿਮਾ

(੨) ਦੰਡ—ਵਿਸ਼ਨੂੰ

(੩) ਕੁੰਡਲੀ—ਰੁੱਦ੍ਰ

(੪) ਅਰਧ ਚੰਦ੍ਰ—ਈਸ਼ਵਰ

(੫) ਬਿੰਦੂ—ਇਸ ਤੋਂ ਭੀ ਉੱਤੇ ਨਿਰੰਜਨ ਬ੍ਰਹਿਮ ਹੈ, ਜਿਹੜਾ ਸ੍ਰਿਸ਼ਟੀ, ਸਥਿਤੀ ਅਤੇ ਪਰਲੋਂ ਦਾ ਕਾਰਣ ਹੈ। ਇਹੋ ਹੀ ਪ੍ਰਮ ਤੱਤ ਹੈ, ਜਿਹੜਾ ਸਤ ਗੁਰੂ ਦੀ ਕਿਰਪਾ ਤੋਂ ਹੀ ਪ੍ਰਾਪਤ ਹੁੰਦਾ ਹੈ।

ਕਬੀਰ ਦੀਆਂ ਉਲਟ ਬਾਸੀਆਂ ਸਾਹਿਤ ਦਾ ਇਕ ਵਿਸ਼ੇਸ਼ ਅੰਗ ਹੈ। ਜੋਗ ਅਤੇ ਤੰਤਰ ਸੰਪ੍ਰਦਾਏ ਦੀਆਂ ਰੀਤੀਆਂ ਦੇ ਅਨੁਸਾਰ ਜੋਗੀ ਅਤੇ ਤਾਂਤ੍ਰਿਕ ਲੋਕ ਆਪਣੇ ਸਿਧਾਂਤਾਂ ਨੂੰ ਦੁਨੀਆ ਦੇ ਸਾਹਮਣੇ ਉਲਟੇ ਰੂਪ ਵਿਚ ਰਖਦੇ ਸਨ। ਵਿਸ਼ਵ ਦਾ ਨਿਯਮ ਹੈ—ਅਰਥ, ਧਰਮ, ਕਾਮ ਅਤੇ ਮੋਖਸ਼। ਪਰ ਜੋਗੀਆਂ ਦਾ ਕੰਮ ਉਲਟ ਚੱਲ ਕਰਕੇ ਇਸ ਨੂੰ ਮੋਖਸ਼, ਧਰਮ, ਅਰਥ ਅਤੇ ਕਾਮ ਇਸ ਤਰ੍ਹਾਂ ਉਲਟੇ ਰੂਪ ਵਿਚ ਕਰਹਿਲ ਕੀਤਾ ਜਾਂਦਾ ਹੈ। ਕਿਉਂਕਿ ਜੋ ਮੂਰਖ ਹੈ ਉਸ ਨੂੰ ਉਤਮ ਬਾਂ ਦੇਣਾ ਹੀ ਚੰਗਾ ਸਮਝਿਆ ਗਿਆ। ਇਸ ਦਾ ਮਤਲਬ ਇਹ ਹੋਇਆ ਕਿ ਜੋਗੀ ਅਤੇ ਤਾਂਤ੍ਰਿਕ ਲੋਕ ਉਲਟੀਆਂ ਗੱਲਾਂ ਕਹਿਣ ਦੇ ਆਦੀ ਹੋ ਗਏ। ਇਥੇ ਅਸੀਂ ਇਹ 'ਵਾਦਾਂ' (isms) ਦੇ ਵਧੇਰੇ ਝਮੇਲਿਆਂ ਵਿਚ ਪੈਣਾ ਉਚਿਤ ਨਹੀਂ ਸਮਝਦੇ, ਇਸ ਕਰਕੇ ਕਬੀਰ ਜੀ ਦੇ ਕੁਝ ਪਦ ਦੇ ਕੇ ਉਹਨਾਂ ਵਿਚ ਪੰਜਾਬੀ ਦਾ ਪ੍ਰਭਾਵ ਦਸਕੇ, ਅਗੇ ਵਧਣਾ ਹੀ ਠੀਕ ਸਮਝਦੇ ਹਾਂ।

ਉੱਤੇ ਅਸੀਂ ਲਿਖ ਚੁਕੇ ਹਾਂ ਕਿ ਕਬੀਰ ਜੀ ਦੀ ਭਾਸ਼ਾ ਉਤੇ ਪੰਜਾਬੀ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਉਹਨਾਂ ਦੀ ਭਾਸ਼ਾ ਰਾਜਸਥਾਨੀ ਵੀ ਹੋ ਸਕਦੀ ਹੈ। ਪਰ ਇਤਿਹਾਸਕ ਸਚਾਈ ਇਹੋ ਹੀ ਹੈ ਕਿ ਕਬੀਰ ਜੀ ਪੰਜਾਬ ਵਿਚ ਭੀ ਵਸਦੇ ਰਹੇ ਹਨ। ਇਸੇ ਕਰਕੇ ਉਹਨਾਂ ਦੀ ਭਾਸ਼ਾ ਉਤੇ ਪੰਜਾਬੀ ਦਾ ਪ੍ਰਭਾਵ ਵੀ ਰਿਹਾ। ਹੇਠ ਲਿਖੇ ਪਦਾਂ ਵਿਚ ਪੰਜਾਬੀ ਦੀ ਵਰਤੋਂ ਵੇਖੋ।

ਦਾਤਾ ਤਰਵਰ ਦਇਆ ਫੁਲ,
ਉਪਕਾਰੀ ਜੀਵੰਤ।
ਪੰਛੀ ਚਲੇ ਦਿਸਾਵਰਾਂ,
ਬਿਰਖਾ ਸੁਫਲ ਫਲੰਤ।

.. .. ..

ਕਬੀਰ ਸੰਗਤ ਸਾਧ ਕੀ,
ਕਦੇ ਨਾ ਨਿਹਫਲ ਹੋਇ।
ਚੰਦਨ ਹੋਸੀ ਬਾਵਨਾ,
ਨੀਂਮ ਨਾ ਕਹਿਸੀ ਕੋਇ।

.. ..

ਕਾਇਤ ਕਾਗਦ ਕਾਢਿਆ,
ਲੇਖੇ ਵਾਰ ਨਾ ਪਾਰ।
ਜਬ ਲਗ ਸਾਂਸ ਸਰੀਰ ਮੇਂ,
ਤਬ ਲਗ ਰਾਮ ਸੰਭਾਰ।

... .

ਹਰ ਜੀ ਯਹੀ ਵਿਚਾਰਿਆ,
ਸਾਖੀ ਕਹੈ ਕਬੀਰ।
ਭਵ ਸਾਗਰ ਮੈਂ ਜੀਵ ਹੈਂ,
ਜੋ ਕੋਈ ਪਕੜੈ ਤੀਰ।

.. .. ..

ਐਸੀ ਬਾਣੀ ਬੋਲੀਏ,
ਮਨ ਕਾ ਆਪਾ ਖੋਏ ।
ਅਪਨਾ ਤਨੁ ਸੀਤਲ ਕਰੈ,
ਔਰਨ ਕੋ ਸੁਖ ਹੋਏ ।

ਉਤਲੇ ਪਦਾਂ ਵਿਚ ਅੰਕਿਤ ਸ਼ਬਦ ਪੰਜਾਬੀ ਦੇ ਹੀ ਹਨ । ਕਬੀਰ ਨੂੰ ਭਾਵੇਂ ਪੰਜਾਬੀ ਦਾ ਕਵੀ ਨਹੀਂ ਸੀ ਮੰਨਿਆ ਜਾਂਦਾ, ਪਰ ਉਹ ਹਨ ਪੰਜਾਬੀ ਦੇ ਹੀ ਕਵੀ ।

ਕਬੀਰ ਤੋਂ ਪਿਛੋਂ ਸਿਖਾਂ ਦੇ ਨੌਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਦਰਬਾਰੀ ਕਵੀ, ਬਾਬਾ ਸ੍ਰੀ ਚੰਦ, ਸਾਲਸ ਰਾਇ ਜੌਹਰੀ, ਭਾ. ਗੁਰਦਾਸ, ਛੱਜਾ, ਦਮੋਦਰ, ਹਿਰਦਾ ਰਾਮ, ਸੁਥਰਾ, ਛਜੂ ਭਗਤ, ਜੱਲ੍ਹਣ ਜਟ, ਵਲੀ ਰਾਮ, ਪੀਲੂ, ਬਾਬਾ ਲਾਲ ਜੀ, ਲਾਲਾ ਦਿਆਲ ਦਾਸ, ਕਾਨ੍ਹਾ, ਬੰਕਣ, ਚਤੁਰ ਦਾਸ ਆਦਿ ਵਖੋ ਵੱਖ ਭਗਤੀ ਮਾਰਗੀ ਕਵੀ ਹੋਏ ਹਨ, ਜਿਨ੍ਹਾਂ ਦੇ ਸੰਬੰਧ ਵਿਚ ਇਥੇ ਜ਼ਿਕਰ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ ।

ਇਹਨਾਂ ਤੋਂ ਪਿਛੋਂ ਸਾਡੇ ਸਾਹਮਣੇ ਸਵਛੰਦ ਵਾਦ, ਰੁਮਾਨੀ ਜਾਂ ਰੁਮਾਂਚਿਕ ਕਈ ਕਵੀ ਆਉਂਦੇ ਹਨ ਜਿਨ੍ਹਾਂ ਵਿਚੋਂ ਮੁਖ—ਸ਼ਾਹ ਹੁਸੈਨ, ਵਜੀਦ, ਪਠਾਣ, ਸ਼ਾਹ ਸ਼ਰਫ਼, ਲਤੀਫ਼, ਮੁਕਬਲ, ਬਰਖੁਰਦਾਰ, ਅਹਿਮਦ, ਕਾਦਰ ਯਾਰ, ਸੁਲਤਾਨ ਬਾਹੂ, ਬੁੱਲੇ ਸ਼ਾਹ, ਫ਼ਾਜ਼ਲ, ਹਾਮਦ ਆਦਿ ਹੋਏ ਹਨ । ਇਨਾਂ ਨੇ ਆਪਣੀ ਕਾਵਿ ਰਚਨਾ ਦਾ ਕਮਾਲ ਵਿਖਾ ਕਿ ਪੰਜਾਬੀ ਦਾ ਭੰਡਾਰ ਭਰਿਆ ਹੈ । ਸੱਸੀ ਪੁਨੂੰ, ਹੀਰ ਰਾਂਝਾ, ਯੂਸਫ਼ ਜ਼ੁਲੈਖਾਂ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਲੈਲਾ ਮਜਨੂੰ ਆਦਿ ਵਖੋਂ ਵਖ ਪ੍ਰੇਮ ਕਾਵਿ ਲਿਖੇ ਗਏ, ਜਿਹੜੇ ਪੰਜਾਬ ਜਨ ਪਦ ਦੇ ਅਮਰ ਕਾਵਿ ਮੰਨੇ ਜਾਂਦੇ ਹਨ । ਇਨ੍ਹਾਂ ਬਿਨਾਂ ਰਸਾਲੂ, ਰੋਡੀ, ਪੂਰਨ, ਭਰਥਰੀ, ਗੋਪੀ ਚੰਦ, ਕਾਮ ਰੂਪ ਕਾਮਲਤਾ, ਨਲ ਦਮਯੰਤੀ, ਸਿੰਘਾਸਨ ਬਤੀਸੀ, ਪ੍ਰੇਮ ਪਰੀਸੀ ਅਤੇ ਵਿਕ੍ਰਮ ਚੰਦ ਭੋਜ ਨਾਲ ਸੰਬੰਧ ਵਖੋ ਵਖ ਗਾਥਾਵਾਂ ਕਾਵਿ ਬੱਧ ਹੋਈਆਂ । ਸਿਕੰਦਰ ਅਤੇ ਗਰੀਸ ਨੂੰ ਲੈਕੇ ਵੀ ਦੋ ਵਾਰਾਂ ਲਿਖੀਆਂ ਗਈਆਂ, ਉਂਜ ਤਾਂ ਵਾਰਾਂ ਅਨੇਕ ਹੀ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਬਾਈ ਵਾਰਾਂ ਤਾਂ ਗੁਰੂ ਗਰੰਥ ਸਾਹਿਬ ਵਿਚ ਭੀ ਮਿਲਦੀਆਂ ਹਨ ।

(ਚਲਦਾ)

ਪੰਜਾਬੀ ਸਾਹਿਤ

ਤੇ

ਪੰਜਾਬੀ ਦੁਨੀਆ

ਸਬੰਧੀ ਵਧੇਰੀ ਜਾਣਕਾਰੀ ਲਈ ਸਿਧੇ ਡਾਇਰੈਕਟਰ, ਪੰਜਾਬੀ ਵਿਭਾਗ, ਪੰਜਾਬ, ਪਟਿਆਲਾ ਨਾਲ ਲਿਖਾ ਪੜ੍ਹੀ ਕਰੋ ।

ਸੰਪਾਦਕ

ਅਧਿਆਤਮਕ ਸਾਹਿਤ:

ਆਸਾ ਦੀ ਵਾਰ

(ਵਿਸ਼ੇ ਪੱਖ ਤੋਂ)

ਹਜ਼ਾਰਾ ਸਿੰਘ

ਆਸਾ ਦੀ ਵਾਰ ਆਸਾ ਰਾਗ ਵਿਚ ਲਿਖੀ ਗਈ ਹੈ । ਗੁਰੂ ਨਾਨਕ ਦੇਵ ਜੀ ਨੇ, ਪੂਰਵ ਪ੍ਰਚਲਤ ਵਾਰਾਂ ਦੇ ਬੀਰ ਰਸੀ ਵਿਸ਼ੈ ਨੂੰ ਛੱਡ ਅਧਿਆਤਮਕ ਵਾਰਾਂ ਲਿਖਣ ਵਿਚ ਪਹਿਲ ਕੀਤੀ । ਵਾਰ ਉਸ ਗੀਤ ਨੂੰ ਕਹਿੰਦੇ ਹਨ, ਜਿਸ ਵਿਚ ਕਿਸੇ ਜੋਧੇ ਜਾਂ ਸੂਰਬੀਰ ਦੀ ਉਸਤਤ ਵਰਣਨ ਹੋਵੇ ਅਤੇ ਉਸ ਦੇ ਕਾਰਨਾਮਿਆਂ ਤੇ ਵਡਿਆਈ ਦਾ ਉਲੇਖ ਹੋਵੇ । ਮਨੁੱਖ ਦਾ ਆਦਿ ਇਤਿਹਾਸ, ਹਰ ਦੇਸ਼ ਵਿਚ ਜੰਗਾਂ ਜੁੱਧਾਂ ਨਾਲ ਭਰਪੂਰ ਹੈ । ਇਸੇ ਕਾਰਨ ਹਰ ਸਾਹਿਤ ਵਿਚ ਬੀਰ ਕਾਵਿ ਨੂੰ ਇਕ ਨਵੇਕਲਾ ਸਥਾਨ ਪ੍ਰਾਪਤ ਹੁੰਦਾ ਰਿਹਾ ਹੈ । ਕੀ ਹਿੰਦੀ ਸਾਹਿਤ ਅਤੇ ਕੀ ਪੰਜਾਬੀ ਸਾਹਿਤ ਜਾਂ ਸੰਸਕ੍ਰਿਤ ਸਾਹਿਤ, ਮੁੱਢਲਾ ਸਾਹਿਤ ਬੀਰ ਸਾਹਿਤ ਹੀ ਮਿਲੇਗਾ । ਪੰਜਾਬੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮਨੁੱਖ ਨੂੰ ਨਾਇਕ ਦਾ ਸਥਾਨ ਪ੍ਰਾਪਤ ਰਿਹਾ ਹੈ। ਆਸਾ ਦੀ ਵਾਰ ਨੂੰ, ਇਸ ਪੱਖ ਤੋਂ ਵਿਚਾਰਿਆਂ ਸਪੱਸ਼ਟ ਹੁੰਦਾ ਹੈ, ਕਿ ਗੁਰੂ ਜੀ ਨੇ ਕੇਵਲ ਮਨੁੱਖੀ ਨਾਇਕ ਦੀ ਥਾਂ ਪ੍ਰਮਾਤਮਾ ਨੂੰ ਨਾਇਕ ਬਣਾਇਆ ਹੈ । ਉਸ ਦੀਆਂ ਵਡਿਆਈਆਂ, ਉਸ ਦੀਆਂ ਕਰਨੀਆਂ ਦੀ ਉਸਤਤ ਕੀਤੀ ਗਈ ਹੈ ਅਤੇ ਬੁਰਾਈ ਜਾਂ ਔਗਣਾਂ ਦਾ ਜਿਹੜੇ ਪ੍ਰਮਾਤਮਾ ਨੂੰ ਨਾ ਬੁਝਣ ਕਰਕੇ ਮਨੁੱਖਾਂ ਵਿਚ ਆ ਜਾਂਦੇ ਹਨ, ਖੰਡਨ ਕੀਤਾ ਹੈ । ਵਾਰ ਵਿਚ ਪ੍ਰਮੁਖ ਰੂਪ ਵਿਚ ਉਸਤਤ ਹੀ ਹੁੰਦੀ ਹੈ ਜਾਂ ਇਕ ਪ੍ਰਕਾਰ ਦਾ ਨਾਇਕ-ਗਾਇਨ ਹੀ ਹੁੰਦਾ ਹੈ । ਵਡਿਆਈ ਜਾਂ ਨੇਕੀ ਉਸ ਨਾਇਕ ਨੂੰ ਮੁਖ ਰਖਕੇ ਵਾਰ ਵਿਚ ਅੰਕਿਤ ਕੀਤੀ ਜਾਂਦੀ ਹੈ ਅਤੇ ਬੁਰਾਈ ਨੂੰ ਅੰਤਰੀਵ ਰਖਿਆ ਜਾਂਦਾ ਹੈ । ਮਨੁੱਖੀ ਜਾਂ ਦ੍ਰਿਸ਼ਟਮਾਨ ਬੀਰ ਰਸ ਦੀ ਥਾਂ ਇਸ ਅਧਿਆਤਮਕ ਵਾਰ ਵਿਚ ਅੰਤਰਮੁਖੀ ਬੀਰ ਰਸ ਜਾਂ ਠੀਕ ਸ਼ਬਦਾਂ ਵਿਚ ਸ਼ਾਂਤ ਰਸ ਜਿਹੜਾ ਪ੍ਰਮਾਤਮਾ ਦੀ ਉਸਤਤੀ ਤੋਂ ਉਪਜਦਾ ਹੈ, ਅੰਕਤ ਹੋਇਆ ਹੈ । ਭਾਵੇਂ ਇਸ ਵਾਰ ਦੀ ਬਣਤਰ ਆਪਣੇ ਪ੍ਰੰਪਰਕ ਰੂਪ ਵਿਚ ਅਤੇ ਸੁਰ ਵੀ ਪ੍ਰਚਲਿਤ ਹੈ, ਕੇਵਲ ਵਿਸ਼ੈ ਪੱਖ ਤੋਂ ਹੀ ਭਾਵ ਸ਼ਕਤੀਸ਼ਾਲੀ ਵਿਚਾਰਾਂ ਅਤੇ ਨਵੀਨਤਾ ਦੁਆਰਾ ਪਰੀਵਰਤਨ ਲਿਆਂਦਾ ਗਇਆ ਹੈ ।

"ਇਸ ਦ੍ਰਿਸ਼ਟਮਾਨ ਸੰਸਾਰ ਨੂੰ ਆਪ ਸਾਜ ਕੇ ਪ੍ਰਭੂ ਇਸ ਵਿਚ ਵਿਚਰ ਰਹਿਆ ਹੈ । ਮਨੁੱਖੀ ਜੀਵਨ ਉਸ ਦੀ ਰਚਨਾ ਹਨ । ਹਰੇਕ ਮਨੁੱਖ ਨੂੰ ਉਸ ਦੀ ਕਰਨੀ ਦਾ ਲੇਖਾ ਨਿਖੇੜਨਾ ਪੈਂਦਾ ਹੈ । ਮਨੁੱਖ ਉਸ ਦੀ ਅਸਲੀਅਤ ਨੂੰ ਭੁਲਣ ਕਾਰਨ ਅਤੇ ਸੰਸਾਰਕ ਭੋਗਾਂ ਵਿਚ ਗਲਤਾਨ ਰਹਿਣ ਕਾਰਨ ਜੀਵਨ ਵਿਅਰਥ ਹੀ ਗੁਆ ਲੈਂਦਾ ਹੈ । ਪਰੰਤੂ ਪ੍ਰਭੂ ਆਪ ਹੀ ਮਿਹਰ ਕਰ ਕੇ ਗੁਰੂ ਰਾਹੀਂ ਆਪਣੇ ਅਸਲੇ ਦੀ ਉਸ ਨੂੰ ਸੋਝੀ ਕਰਾਉਂਦਾ ਹੈ, ਤੇ ਉਹ ਜੀਵ ਹਉਮੈ ਦਾ ਤਿਆਗ ਕਰ 'ਨਾਮ' ਜਪਦਾ ਹੈ । ਜਿਨ੍ਹਾਂ ਨੂੰ ਸੋਝੀ ਹੋ ਜਾਂਦੀ ਹੈ, ਜਿਨ੍ਹਾਂ ਅਸਲੀਅਤ ਨੂੰ ਪਾ ਲਿਆ ਹੈ ਉਹ ਉਸ ਦੇ ਭਗਤ ਹਨ । ਉਹ ਔਗੁਣਾਂ ਦੇ ਨੇੜੇ ਨਹੀਂ ਜਾਂਦੇ, ਗੁਣਾਂ ਨਾਲ ਭਰਪੂਰ ਹਨ ਅਤੇ ਸੰਸਾਰ ਵਿਚ ਨਿਰਲੇਪ ਰਹਿੰਦੇ ਹਨ । ਸੋ ਸਭ ਉਸੇ ਦੀਆਂ ਵਡਿਆਈਆਂ ਹਨ । ਜੇ ਚੰਗੀ ਨਦਰਿ ਕਰੇ ਤਾਂ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ ਨਹੀਂ ਤਾਂ ਮਨੁੱਖ ਝੂਠ ਵਿਚ ਹੀ ਫਸਿਆ ਰਹਿੰਦਾ ਹੈ । ਮਨੁੱਖ ਨਾਸ਼ਮਾਨ ਹੈ, ਇਸ ਲਈ ਪ੍ਰਮਾਤਮਾ ਨੂੰ ਭੁਲਣਾ ਨਹੀਂ ਚਾਹੀਦਾ । ਮਮਤਾ ਜਾਂ ਅਹੰਕਾਰ ਵਿਚ ਫਸ ਮੰਦੇ ਪਾਸੇ ਨੂੰ ਨਾ ਤੁਰੀਏ, ਕਿਸੇ ਦਾ ਦਿਲ ਨਾ ਦੁਖਾਈਏ । ਮਨੁੱਖ ਨੂੰ ਚਿਰੰਤਨ ਸੱਤ ਅਤੇ ਸ਼ਾਸ਼ਵਤ ਧਰਮ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ । ਗੁਣਾਂ ਦੁਆਰਾ ਵਿਕਾਸ ਕਰ ਜੀਵਨ ਨੂੰ ਸੁਆਰਨਾ ਚਾਹੀਦਾ ਹੈ । ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ । ਉਹ ਕਰਤਾ ਹੈ, ਕਾਦਰ ਹੈ, ਕਰੀਮ ਹੈ, ਰਿਜ਼ਕ ਦੇਣ ਵਾਲਾ ਹੈ, ਉਸ ਬਿਨਾਂ ਮਨੁੱਖ ਦਾ ਕੋਈ ਆਸਰਾ ਨਹੀਂ । ਮਨੁੱਖੀ ਕਰਮ ਉਸ ਮੁਢੋਂ ਹੀ ਲਿਖ ਛਡੇ ਹਨ । ਜੋ ਉਹ ਕਰਦਾ ਹੈ, ਠੀਕ ਕਰਦਾ ਹੈ ।"

ਸਾਰੀ ਵਾਰ, ਜਿਸ ਦੀਆਂ ੨੪ ਪੌੜੀਆਂ ਹਨ, ਪ੍ਰਭੂ ਦੀ ਪ੍ਰਸ਼ੰਸਾ ਵਿਚ ਹੀ ਲਿਖੀ ਗਈ ਹੈ । ਇਸ ਦਾ ਵਿਸ਼ੈ ਰਹੱਸਵਾਦੀ ਹੈ । ਮੁਖ ਵਿਸ਼ੇ ਜਿਨ੍ਹਾਂ ਨੂੰ ਵੀ ਛੋਹਿਆ

ਗਇਆ ਹੈ ਉਨ੍ਹਾਂ ਦਾ ਵੀ ਸਬੰਧ ਪ੍ਰਮਾਤਮਾ ਦੀ ਅਸਲੀਅਤ ਨਾਲ ਹੀ ਹੈ । ਪ੍ਰਭੂ ਇਸ ਸ੍ਰਿਸ਼ਟੀ ਦਾ ਰਚਨਹਾਰਾ ਹੈ। ਮਨੁੱਖ ਦੇ ਗੁਣਾਂ ਔਗੁਣਾਂ ਨੂੰ ਵਾਚਦਾ ਹੈ । ਉਸ ਦੀ ਮਿਹਰ ਦੁਆਰਾ ਹੀ ਮਨੁੱਖ ਨੂੰ ਅਸਲੀਅਤ ਦਾ ਗਿਆਨ ਪ੍ਰਾਪਤ ਹੁੰਦਾ ਹੈ । ਗੁਰੂ ਪ੍ਰਭੂ ਦਾ ਰੂਪ ਹੈ ਜਿਹੜਾ ਸੱਚ ਜਾਣਦਾ ਹੈ ਅਤੇ ਸੱਚ ਦੀ ਸੋਝੀ ਕਰਾਉਂਦਾ ਹੈ । ਭਗਤ ਸੁਕ੍ਰਿਤ ਕਰਦੇ ਹਨ ਅਤੇ ਗੁਣਾਂ ਦੇ ਆਸਰੇ ਪ੍ਰਭੂ ਨੂੰ ਲੁਭਾਉਂਦੇ ਹਨ । ਵਡਿਆਈਆਂ ਪ੍ਰਮਾਤਮਾ ਆਪ ਦਿੰਦਾ ਹੈ । ਮਨੁੱਖ ਨੂੰ ਅਜੇਹੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਸਥਿਰਤਾ ਦੀਰਘ ਸਮੇਂ ਵਾਲੀ ਅਥਵਾ ਸਦਾ ਰਹਿਣ ਵਾਲੀ ਹੋਵੇ। ਸਮੁੱਚੇ ਰੂਪ ਵਿਚ ਪ੍ਰਭੂ ਦੇ ਸਰੂਪ ਦੀ ਵਿਆਖਿਆ ਅਤੇ ਮਨੁੱਖ ਦਾ ਵਿਸ਼ਲੇਸ਼ਣ ਹੀ ਵਾਰ ਦਾ ਪ੍ਰਧਾਨ ਵਿਸ਼ੈ ਹੈ । ਇਸ ਅਧਿਆਤਮਕ ਵਾਰ ਵਿਚ ਕੇਵਲ ਸਦੀਵੀ, ਅਮਰ ਅਤੇ ਚੰਗੇ ਪਾਸੇ ਨੂੰ ਹੀ ਉਘਾੜਿਆ ਗਇਆ ਹੈ, ਦੂਜੇ ਪਾਸੇ ਨੂੰ ਕੇਵਲ ਛੋਹਾਂ ਜਾਂ ਸੰਕੇਤਾਂ ਦੁਆਰਾ ਹੀ ਸਿਮਰਨ ਕਰਾਇਆ ਗਇਆ ਹੈ ।

ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਨਾਂ ਪਉੜੀਆਂ ਦੇ ਨਾਲ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਨੂੰ ਸ਼ਾਮਲ ਕੀਤਾ ਹੈ ਅਤੇ ਸਲੋਕਾਂ ਨੂੰ ਵਾਰ ਵਿਚ ਸ਼ਾਮਿਲ ਕਰਨਾ ਇਕ ਡੂੰਘੀ ਵਿਚਾਰ ਅਨੁਭਵ ਕਰਦਾ ਹੈ । ਸਲੋਕਾਂ ਦੇ ਮੁਖ ਵਿਸ਼ੈ ਪ੍ਰਭੂ ਦੀ ਪ੍ਰਕਿਰਤੀ ਉਸ ਦੇ ਅਮਰ, ਅਜਰ ਅਸ-ਤਿਤਵ, ਗਿਆਨ ਦੇ ਅਭਾਵ ਕਾਰਨ ਮਨੁੱਖ ਦਾ ਭਟਕਣਾ, ਸੱਚੀ ਸਿਫਤ, ਸਿਮਰਨ ਜਾਂ ਉਪਾਸਨਾ ਦੀ ਸੋਝੀ ਦੀ ਘਾਟ ਕਾਰਨ ਪਖੰਡ ਅਤੇ ਨਿਰਾਰਥਕ ਰਸਮਾਂ, ਮਨੁੱਖ ਦੇ ਮੂਲ ਗੁਣਾਂ ਅਤੇ ਪ੍ਰਮਾਤਮਾਂ ਦੀ ਉਸਤਤ ਹਨ । ਪ੍ਰਮੁਖ ਰੂਪ ਵਿਚ ਇਥੇ ਵੀ ਮਨੁੱਖ ਦੇ ਮੂਲ ਅਤੇ ਪ੍ਰਭੂ ਦੀ ਪਛਾਣ ਮੁਖ ਵਿਸ਼ੇ ਹਨ । ਜ਼ਰਾ ਹੋਰ ਸੂਖਮ ਵਿਚਾਰਾਂ ਦੁਆਰਾ ਪਤਾ ਲਗਦਾ ਹੈ ਕਿ ਪਉੜੀਆਂ ਵਿਚ ਪ੍ਰਭੂ ਦੇ ਰਹੱਸਵਾਦੀ ਰੂਪ ਵੱਲ ਵਧੇਰੇ ਜ਼ੋਰ ਹੈ । ਮਨੁੱਖ ਦੀ ਵੀ ਰਹੱਸਵਾਦੀ ਪ੍ਰਵਿਰਤੀ ਵੱਲ ਸੰਕੇਤ ਹੈ ਪਰ ਸਲੋਕਾਂ ਵਿਚ ਪ੍ਰਭੂ ਦੀ ਦ੍ਰਿਸ਼ਟਮਾਨ ਅਸਲੀਅਤ ਅਤੇ ਮਨੁੱਖ ਦੇ ਦਿਸਦੇ ਗੁਣਾਂ ਵੱਲ ਵਧੇਰੇ ਜ਼ੋਰ ਹੈ । ਪਉੜੀਆਂ ਵਿਚ ਪ੍ਰਭੂ ਦੇ ਰਹੱਸਵਾਦੀ ਗੁਣਾਂ ਦੀ ਉਸਤਤ ਹੈ । ਸਲੋਕਾਂ ਵਿਚ ਉਸ ਦੀ ਰਚੀ ਕੁਦਰਤ, ਸ੍ਰਿਸ਼ਟੀ ਅਤੇ ਨਿਯਮ ਬਧ ਖੇਡ ਦੀ ਉਸਤਤੀ ਹੈ । ਪਉੜੀਆਂ ਵਿਚ ਮਨੁੱਖ ਦੇ ਰਹੱਸਵਾਦੀ ਗੁਣ ਜਿਹੜੇ ਮੋਖ ਜਾਂ ਗਿਆਨ ਦੀ ਸੋਝੀ ਦੁਆਰਾ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦੀ ਉਸਤਤੀ ਹੈ, ਔਗੁਣਾਂ ਦਾ ਖੰਡਨ ਹੈ ਪਰ ਇਸ ਸਭ ਦਾ ਅਧਾਰ ਪ੍ਰਭੂ ਹੀ ਹੈ ਜਿਹੜਾ ਇਸ ਦਾ ਨਿਰਮਾਣ ਕਰ ਰਿਹਾ ਹੈ। ਸਲੋਕਾਂ ਵਿਚ ਮਨੁੱਖ ਦੇ ਆਤਮਕ ਗੁਣਾਂ ਤੇ ਜਿਹੜੇ ਅਸਲੀਅਤ ਦੀ ਸੋਝੀ ਰਾਹੀਂ ਵਿਕਸਿਤ ਹੁੰਦੇ ਅਤੇ ਔਗਣ, ਪਖੰਡ, ਭਰਮ ਜਿਹੜੇ ਅਗਿਆਨ ਕਾਰਨ ਉਸ ਵਿਚ ਪ੍ਰਵੇਸ਼ ਕਰਦੇ ਹਨ ਤੇ ਜ਼ੋਰ ਦਿੱਤਾ ਗਇਆ ਹੈ । ਇਸ ਤਰਕ ਤੋਂ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਵਾਰ ਦੇ ਰਹੱਸਵਾਦੀ ਵਿਸ਼ੇ ਦਾ ਸ਼ਲੋਕ ਸਮਾਜੀਕਰਣ (Socialization) ਹਨ । ਪ੍ਰਾਸਰੀਰਕ ਮੂਲ ਨੂੰ ਸਲੋਕਾਂ ਰਾਹੀਂ ਸਥੂਲ ਰੂਪ ਦਿੱਤਾ ਗਇਆ ਹੈ ਜਾਂ ਰਹੱਸਵਾਦੀ ਵਿਸ਼ੇ ਦੇ ਬੌਧਿਕ ਵਿਸ਼ਲੇਸ਼ਨ ਨੂੰ ਸਮਾਜਕ ਅਸਲੀਅਤ ਦੇ ਪ੍ਰਕਾਸ਼ ਵਿਚ ਪਰਖਿਆ ਗਇਆ ਹੈ।

ਵਾਰ ਦੀਆਂ ਸਾਰੀਆਂ ਪੌੜੀਆਂ ਦਾ ਇਕ ਕੇਂਦਰੀ ਵਿਚਾਰ ਪ੍ਰਭੂ ਦੇ ਮੂਲ ਅਤੇ ਉਸ ਦੀ ਉਸਤਤੀ ਦੁਆਲੇ ਨਿਰਮਾਣ ਕੀਤਾ ਗਇਆ ਹੈ ਪਰੰਤੂ ਸਲੋਕਾਂ ਦੇ ਵਿਸ਼ੇ ਬਿਲਕੁਲ ਅਡ ਅੱਡ ਪ੍ਰਤੀਤ ਹੁੰਦੇ ਹਨ । ਲੱਗ ਪੱਗ ਇਕ ਪੌੜੀ ਨਾਲ ਸਬੰਧਿਤ ਸਲੋਕ ਦਾ ਵਿਸ਼ੈ ਇਕ ਹੀ ਹੁੰਦਾ ਹੈ ਪਰੰਤੂ ਇਹ ਅਸੂਲ ਕਰੜਾਈ ਨਾਲ ਲਾਗੂ ਨਹੀਂ ਹੁੰਦਾ । ਕਈ ਵਾਰੀ ਸਲੋਕਾਂ ਦਾ ਵਿਸ਼ੈ ਅਗਲੀ ਪਉੜੀ ਦੇ ਸਲੋਕਾਂ ਨਾਲ ਅਗੇ ਤੋਰਿਆ ਹੁੰਦਾ ਹੈ ਜਿਵੇਂ ਕਿ ਅਗਿਆਨ ਅਤੇ ਸੂਤਕ ਦੇ ਵਿਸ਼ੇ ਹਨ । ਕਈ ਇਕੋ ਪਉੜੀ ਨਾਲ ਸਬੰਧਤ ਵਿਸ਼ੇ ਵੱਖ ਵੱਖ ਹਨ, ਜਿਵੇਂ ਕੂੜ ਅਤੇ ਸਚ ਇਕੋ ਪਉੜੀ ਨਾਲ ਸਬੰਧਤ ਦੋ ਵਿਸ਼ੇ ਹਨ ਪਰੰਤੂ ਡੂੰਘੇ ਵਿਸ਼ਲੇਸ਼ਨ ਦੁਆਰਾ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਸਲੋਕਾਂ ਨੂੰ ਇਕ ਅੰਤ੍ਰੀਵ ਵਿਚਾਰ ਧਾਰਾ ਵਿਚ ਪ੍ਰੋਇਆ ਗਿਆ ਹੈ। ਭਾਵੇਂ ਉਨ੍ਹਾਂ ਦੇ ਵਿਸ਼ੈ ਅੱਡ ਅੱਡ ਹਨ ਪਰੰਤੂ ਅੰਤਰੀਵ ਭਾਵ ਇਕ ਧੁਰੇ ਦੁਆਲੇ ਘੁੰਮਦੇ ਹਨ। ਸੋ ਪਉੜੀਆਂ ਨਾਲ ਸਲੋਕਾਂ ਦਾ ਸਬੰਧ ਵਿਸ਼ੈ ਕਰਕੇ ਨਹੀਂ ਅੰਤਰੀਵ ਭਾਵਾਂ ਦੀ ਸਮਾਨਤਾ ਕਰਕੇ ਹੈ । ਸਲੋਕਾਂ ਦੇ ਵਿਸ਼ਿਆਂ ਦਾ ਕ੍ਰਮ ਉਸੇ ਅੰਤਰੀਵ ਭਾਵਾਂ ਦੇ ਆਧਾਰ ਤੇ ਹੈ। ਪਉੜੀਆਂ ਨਾਲ ਸਿੱਧੇ ਤੌਰ ਤੇ ਸਲੋਕਾਂ ਨੂੰ ਸਬੰਧਤ ਨਹੀਂ ਕੀਤਾ ਜਾ ਸਕਦਾ ਸਗੋਂ ਅੰਤਰੀਵ ਵਿਉਂਤ ਦੁਆਰਾ ਹੀ ਸਬੰਧਤ ਕਰਨਾ ਚਾਹੀਦਾ ਹੈ ।

ਉਪਰੋਕਤ ਵਿਚਾਰ ਤੋਂ ਇਹ ਸਹਿਜੇ ਹੀ ਨਿਰਣਾ ਕੀਤਾ ਜਾ ਸਕਦਾ ਹੈ ਕਿ ਵਾਰ ਅਸਲ ਵਿਚ ਪਉੜੀਆਂ ਨਾਲ

ਸਬੰਧਤ ਹੈ ਨਾ ਕਿ ਸਲੋਕਾਂ ਨਾਲ। ਵਾਰ ਪਉੜੀਆਂ ਦੀ ਲਿਖੀ ਜਾਂਦੀ ਹੈ ਨਾ ਕਿ ਸਲੋਕਾਂ ਦੀ। ਜੇ ਇਸ ਪੱਖ ਨੂੰ ਉਹਲੇ ਕਰ ਵੀ ਦੇਈਏ ਤਾਂ ਵੀ ਕੇਂਦਰੀ ਭਾਵ ਦੇ ਆਧਾਰ ਤੇ ਇਹ ਨਿਰਣਾ ਕੀਤਾ ਜਾ ਸਕਦਾ ਹੈ ਕਿ ਵਾਰ ਦਾ ਸਬੰਧ ਪਉੜੀਆਂ ਨਾਲ ਹੈ। ਪਹਿਲੀ ਦਲੀਲ ਤਾਂ ਇਹ ਕਿ ਪਉੜੀਆਂ ਇਕ ਕੇਂਦਰੀ ਵਿਸ਼ੇ ਦੁਆਰਾ ਕ੍ਰਮਵਾਰ ਇਕ ਲੜੀ ਵਿਚ ਪਰੋਈਆਂ ਹੋਈਆਂ ਹਨ ਅਤੇ ਸਲੋਕ ਵੱਖੋ ਵੱਖ ਵਿਸ਼ੇ ਰਖਦੇ ਹਨ। ਵਿਸ਼ੇ ਦੇ ਆਧਾਰ ਤੇ ਉਨ੍ਹਾਂ ਨੂੰ ਕ੍ਰਮਵਾਰ ਇਕ ਸੂਤ੍ਰ ਵਿਚ ਨਹੀਂ ਪਰੋਇਆ ਜਾ ਸਕਦਾ। ਦੂਸਰੇ ਵਿਚਾਰ ਇਹ ਕਿ ਵਿਸ਼ੇ ਭਾਵੇਂ ਸਿੱਧੇ ਤੌਰ ਤੇ ਪਉੜੀਆਂ ਨਾਲ ਸਬੰਧਤ ਨਹੀਂ ਪਰ ਉਨ੍ਹਾਂ ਦੇ ਅੰਤਰੀਵ ਵਿਚਾਰ ਤੇ ਹੀ ਇਹਨਾਂ ਸਲੋਕਾਂ ਦੇ ਵਿਸ਼ੇ ਆਧਾਰਤ ਹਨ। ਇਹ ਵੱਖਰੀ ਗੱਲ ਹੈ ਕਿ ਸਲੋਕਾਂ ਦੇ ਵਿਸ਼ੇ ਹਰ ਪਉੜੀ ਨਾਲ ਕਰੜਾਈ ਨਾਲ ਸਬੰਧਤ ਨਹੀਂ ਕੀਤੇ ਜਾ ਸਕੇ ਪਰ ਆਧਾਰ ਉਨ੍ਹਾਂ ਦਾ ਅਵੱਸ਼ ਹੀ ਨੇੜੇ ਦੀਆਂ ਪਉੜੀਆਂ ਤੇ ਹੈ। ਤੀਸਰੀ ਦਲੀਲ ਇਹ ਪਉੜੀਆਂ ਦੇ ਕੇਂਦਰੀ ਵਿਚਾਰ ਦੁਆਲੇ ਹੀ ਇਨ੍ਹਾਂ ਵਿਸ਼ਿਆਂ ਦੀ ਤਰਤੀਬ ਅਤੇ ਵਿਉਂਤ ਹੁੰਦੀ ਗਈ ਹੈ। ਚੌਥੇ, ਵਿਸ਼ਿਆਂ ਦਾ ਪ੍ਰਸਪਰ ਸਬੰਧ ਵੀ ਕਿਸੇ ਅੰਤਰੀਵ ਅਤੇ ਕੇਂਦਰੀ ਵਿਸ਼ੇ ਤੇ ਨਹੀਂ ਸਗੋਂ ਪਉੜੀਆਂ ਵਾਲੇ ਕੇਂਦਰੀ ਵਿਸ਼ੇ ਤੇ ਹੈ। ਸੋ, ਇਨ੍ਹਾਂ ਤਰਕਾਂ ਦੁਆਰਾ ਇਹ ਨਿਰਣਾ ਸਪਸ਼ਟ ਹੋ ਜਾਂਦਾ ਹੈ ਕਿ ਅਸਲ ਵਾਰ ਪਉੜੀਆਂ ਦੀ ਹੈ ਨਾ ਕਿ ਸਲੋਕਾਂ ਦੀ।

ਪਰ ਨਾਲ ਹੀ ਪ੍ਰਸ਼ਨ ਇਹ ਉਠਦਾ ਹੈ ਕਿ ਸਲੋਕਾਂ ਦਾ ਕਲਾ ਪੱਖ ਤੋਂ ਫਿਰ ਵਾਰ ਵਿਚ ਕੀ ਸਥਾਨ ਹੈ? ਉਪਰ ਇਹ ਤਾਂ ਸਿੱਧ ਕੀਤਾ ਜਾ ਚੁੱਕਾ ਹੈ ਕਿ ਸਲੋਕ ਵਾਰ ਦੇ ਰਹਿਸਵਾਦੀ ਵਿਸ਼ੇ ਦਾ ਸਮਾਜੀਕਰਣ ਕਰਨ ਲਈ ਸੰਕਲਿਤ ਕੀਤੇ ਗਏ ਹਨ ਜਾਂ ਸੂਖਮ ਨੂੰ ਸਥੂਲ ਭਾਵ ਅ-ਸਰੀਰਕ ਨੂੰ ਸਰੀਰਕ ਆਧਾਰ ਦੇਣ ਲਈ ਜਾਂ ਬੌਧਿਕ ਵਿਸ਼ਲੇਸ਼ਣ ਨੂੰ ਸਮਾਜਿਕ ਪੁੱਠ ਦੇਣ ਲਈ ਪਰ ਇਨ੍ਹਾਂ ਤਿੰਨਾਂ ਦਾ ਆਧਾਰ ਵਿਸ਼ੇ ਪੱਖ ਤੋਂ ਹੀ ਹੈ। ਨਿਰੋਲ ਕਲਾ ਪੱਖ ਤੋਂ ਇਨ੍ਹਾਂ ਸਲੋਕਾਂ ਦਾ ਕੀ ਸਬੰਧ ਹੈ ਇਹ ਨਿਰਣਾ ਕਰਨ ਦੀ ਲੋੜ ਹੈ। ਉਪਰ ਇਹ ਵੀ ਵਿਚਾਰਿਆ ਗਿਆ ਹੈ ਕਿ ਸਲੋਕਾਂ ਦੇ ਵਿਸ਼ੇ ਪਉੜੀਆਂ ਲਈ ਹਨ। ਜੇਕਰ ਇਹ ਉਸ ਦੇ ਕੇਂਦਰੀ ਵਿਸ਼ੇ ਦਾ ਸੰਯੁਕਤ ਭਾਗ ਨਹੀਂ ਤਾਂ ਕਲਾ ਪੱਖ ਤੋਂ ਇਹ ਦੋਸ਼ ਜਾਪਦਾ ਹੈ। ਅਸਲ ਵਿਚ ਕਲਾ ਦੇ ਦੋ ਪੱਖ ਹੁੰਦੇ ਹਨ-ਕਲਾਤਮਕ ਅਤੇ ਕਲਾ ਉਦੇਸ਼। ਕਲਾ ਦਾ ਸਬੰਧ ਜੀਵਨ ਨਾਲ ਹੈ, ਜੀਵਨ ਨੂੰ ਕਲਾ ਵਿਚ ਹੀ ਬਣਾਇਆ ਜਾਂਦਾ ਹੈ ਅਤੇ ਇਸ ਵਿਸ਼ੇ ਰਾਹੀਂ ਕੋਈ ਉਦੇਸ਼ ਪੂਰਤੀ ਕੀਤੀ ਜਾਂਦੀ ਹੈ। ਅਤੇ ਇਹ ਕਲਾ ਦਾ ਉਦੇਸ਼ ਹੁੰਦਾ ਹੈ। ਕਲਾ ਦਾ ਸਿੱਧਾ ਸਬੰਧ ਤਾਂ ਵਿਸ਼ੇ ਨੂੰ ਕਲਾਤਮਕ ਰੂਪ ਦੇਣਾ ਹੈ। ਪਰ ਮਹਾਨ ਲਿਖਾਰੀ ਕਲਾ ਉਦੇਸ਼ ਲਈ ਕਈ ਵਾਰੀ ਕਲਾਤਮਕ ਪੱਖ ਨੂੰ ਕੁਰਬਾਨ ਕਰ ਦਿੰਦੇ ਹਨ ਜਾਂ ਕਲਾ-ਉਦੇਸ਼ ਨੂੰ ਪ੍ਰਧਾਨ ਮੰਨ ਕਲਾਤਮਕ ਪੱਖ ਨੂੰ ਪਿਛੋਕੜ ਵਿਚ ਰਖ ਲੈਂਦੇ ਹਨ। ਨਿਰਸੰਦੇਹ ਵਾਰ ਦਾ ਵਿਸ਼ੇ ਪਉੜੀਆਂ ਵਿਚ ਹੀ ਕਲਾਤਮਕ ਹੈ ਅਤੇ ਸਲੋਕਾਂ ਨੂੰ ਵਾਰ ਵਿਚ ਸੰਮਿਲਤ ਕਰਨਾ ਜੇ ਕਲਾਤਮਕ ਨਹੀਂ ਤਾਂ ਕਲਾ-ਉਦੇਸ਼ ਦੀ ਪੂਰਤੀ ਅਵੱਸ਼ ਹੈ। ਇਹ ਪੱਖ ਉਪਰ ਸਿਧ ਕੀਤਾ ਗਿਆ ਹੈ ਕਿ ਸਲੋਕਾਂ ਦਾ ਵਾਰ ਦੇ ਕੇਂਦਰੀ ਭਾਵ ਨਾਲ ਕਿੰਨਾ ਡੂੰਘਾ ਸਬੰਧ ਹੈ। ਦੂਸਰੇ ਵਾਰ ਦੇ ਸਾਧਾਰਣੀ ਕਰਣ ਲਈ ਰਹੱਸਵਾਦੀ ਵਿਸ਼ੇ ਦੀ ਕਲਾ-ਉਦੇਸ਼ ਪੂਰਤੀ ਸਲੋਕਾਂ ਬਿਨਾਂ ਨਹੀਂ ਸੀ ਹੋ ਸਕਦੀ ਅਤੇ ਇਹੀ ਇਸ ਦਾ ਮੰਤਵ ਜਾਪਦਾ ਹੈ। ਪਰੰਤੂ ਇਸ ਦਾ ਇਹ ਭਾਵ ਨਹੀਂ ਕਿ ਆਲੋਚਨਾਤਮਕ ਪੱਖ ਤੋਂ ਸਲੋਕਾਂ ਨੂੰ ਪਉੜੀਆਂ ਦੇ ਨਾਲ ਇਕਸਾਰ ਥਾਂ ਦੇ ਦਿਤੀ ਜਾਵੇ ਅਤੇ ਕਲਾਤਮਕ ਤੇ ਆਲੋਚਨਾਤਮਕ ਪੱਖ ਤੋਂ ਕੇਵਲ ਪਉੜੀਆਂ ਹੀ ਵਿਚਾਰੀਆਂ ਜਾ ਸਕਦੀਆਂ ਹਨ। ਕਲਾ ਦੀ ਉਦੇਸ਼ ਪੂਰਤੀ ਲਈ ਜੋ ਕੁਝ ਵੀ ਕੀਤਾ ਜਾਵੇ ਪਰ ਜਿਸ ਸਮੇਂ ਨਿਰੋਲ ਕਲਾ ਦਾ ਪ੍ਰਸ਼ਨ ਆ ਜਾਂਦਾ ਹੈ ਤਾਂ ਕਲਾਤਮਕ ਪੱਖ ਹੀ ਵਧੇਰੇ ਮਹੱਤਤਾ ਰਖਦਾ ਹੈ। ਕਲਾ ਦਾ ਮੁਖ ਮੰਤਵ ਪ੍ਰਭਾਵ ਦੀ ਏਕਤਾ ਅਤੇ ਵਿਸ਼ੇ ਦੀ ਏਕਤਾ ਮੰਨੇ ਜਾਂਦੇ ਹਨ। ਇਨ੍ਹਾਂ ਦੁਆਰਾ ਹੀ ਕਲਾ ਅਪਣੇ ਮੰਤਵ ਦੀ ਠੀਕ ਪੂਰਤੀ ਕਰ ਸਕਦੀ ਹੈ। ਕਲਾ ਉਪਦੇਸ਼ ਨਹੀਂ, ਯਥਾਰਥ ਅਤੇ ਜੀਵਨ ਦੇ ਕਿਸੇ ਸੰਪੂਰਨ ਪੱਖ ਦਾ ਪ੍ਰਗਟਾ ਹੈ ਜਾਂ ਪ੍ਰਕਾਸ਼ ਹੈ। ਇਸ ਪੱਖੋਂ ਵਾਰ ਦੇ ਸਲੋਕਾਂ ਅਤੇ ਪਉੜੀਆਂ ਨੂੰ ਵਿਚਾਰਿਆਂ ਸਪਸ਼ਟ ਹੁੰਦਾ ਹੈ ਕਿ ਪਉੜੀਆਂ ਇਕ ਅਸਲੀਅਤ ਨੂੰ ਪ੍ਰਗਟਾ ਰਹੀਆਂ ਹਨ ਅਤੇ ਓਹ ਵੀ ਇਕ ਬੱਝਵੇਂ ਪ੍ਰਭਾਵ ਨਾਲ, ਪਰ ਸਲੋਕ ਉਸ ਅਸਲੀਅਤ ਦੀ ਵਿਆਖਿਆ ਕਰ ਰਹੇ ਹਨ ਜਿਸ ਵਿਚ ਉਪਦੇਸ਼ ਦਾ ਅੰਸ਼ ਵਿਦਮਾਨ ਹੈ ਅਤੇ ਇਸ ਪੱਖੋਂ ਅਵੇਸਲਿਆਂ ਵੀ ਨਹੀਂ ਹੋਇਆ ਜਾ ਸਕਦਾ ਕਿ ਸਲੋਕਾਂ ਨੂੰ ਵਾਰ ਵਿਚ ਸੰਮਿਲਤ ਹੀ ਉਪਦੇਸ਼ ਦੇ ਆਸ਼ੇ ਅਧੀਨ ਕੀਤਾ ਗਿਆ ਹੈ। ਪਉੜੀਆਂ ਕਲਾ ਦੇ ਸਮੁਚੇ ਪ੍ਰਭਾਵ ਵਿਚ ਪੂਰਨ ਸਫਲ ਹਨ ਪਰੰਤੂ ਉਪਦੇਸ਼ ਦਾ ਅੰਸ਼ ਨਹੀਂ। ਇਸੇ ਕਾਰਨ ਸਲੋਕਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਉੜੀਆਂ ਨਾਲ ਇਕਸਾਰ ਦਰਜਾ ਨਹੀਂ ਦਿੱਤਾ ਜਾ ਸਕਦਾ।

ਸ਼ੈਲੀ, ਵਿਸ਼ੇ ਅਤੇ ਪ੍ਰਭਾਵ ਦੀ ਏਕਤਾ, ਵਿਸ਼ੇ ਦੀ ਮਹੱਤਤਾ, ਵਿਸ਼ੇ ਅਤੇ ਸ਼ੈਲੀ ਦੀ ਇਕ ਸੁਰਤਾ, ਬਣਤਰ ਪੱਖ ਅਤੇ ਕਾਵਿ-ਵਿਸ਼ੇਸ਼ਤਾਵਾਂ ਨਿਰੋਲ ਪਉੜੀਆਂ ਦੇ ਆਧਾਰ ਤੇ ਪਰਖਣੇ ਯੋਗ ਹਨ ।

ੲ. ਵਾਰ ਦਾ ਕਲਾ ਪੱਖ ਤਾਂ ਨਿਰੋਲ ਪਉੜੀਆਂ ਦੀ ਕਲਾ ਤੇ ਪਰਖਿਆ ਜਾ ਸਕਦਾ ਹੈ ਪਰ ਕੀ ਵਿਸ਼ੇ ਵੀ ਨਿਰੋਲ ਪਉੜੀਆਂ ਤੇ ਪਰਖਣਾ ਚਾਹੀਦਾ ਹੈ ਜਾਂ ਸਲੋਕਾਂ ਨੂੰ ਸੰਮਿਲਤ ਕਰਕੇ । ਇਸ ਨਿਰਣੇ ਲਈ ਦੋ ਪੱਖ ਵਿਚਾਰ ਅਧੀਨ ਲਏ ਜਾ ਸਕਦੇ ਹਨ । ਪਹਿਲਾ ਨਿਰੋਲ ਪਉੜੀਆਂ ਤੇ ਨਿਰਭਰ ਵਿਸ਼ੇ ਵਾਰ ਦੇ ਦ੍ਰਿਸ਼ਟੀਕੋਨ ਤੋਂ ਕਿੰਨਾ ਸਫਲ ਹੈ ਅਤੇ ਦੂਸਰਾ ਪਉੜੀਆਂ ਅਤੇ ਸਲੋਕਾਂ ਦੋਹਾਂ ਤੇ ਨਿਰਭਰ ਵਿਸ਼ੇ ਉਪਰੋਕਤ ਦ੍ਰਿਸ਼ਟੀਕੋਨ ਤੋਂ ਕਿੰਨਾਂ ਕੁ ਸਫਲ ਹੈ। ਪਉੜੀਆਂ ਦਾ ਵਿਸ਼ੈ ਰਹਿਸਵਾਦੀ ਹੈ, ਪ੍ਰਭੂ ਦੀ ਉਸਤਤ ਰਹਿਸਵਾਦੀ ਢੰਗ ਨਾਲ ਕੀਤੀ ਗਈ ਹੈ । ਵਿਚਾਰ ਦੀ ਲੜੀ ਇਕਸਾਰ ਚਲਦੀ ਹੈ । ਕੇਂਦਰੀ ਭਾਵ ਇਕ ਹੈ ਅਤੇ ਕਲਾ ਦੇ ਪੱਖ ਤੋਂ ਇਹ ਆਪਣੇ ਮੰਤਵ ਦੀ ਪੂਰਤੀ ਕਰ ਜਾਂਦਾ ਹੈ ਪਰ ਅਸੀਂ ਉਪਰ ਸਿੱਧ ਕਰ ਚੁਕੇ ਹਾਂ ਕਿ ਸਲੋਕਾਂ ਦਾ ਪਉੜੀਆਂ ਦੇ ਵਿਸ਼ੈ ਨਾਲ ਡੂੰਘਾ ਸਬੰਧ ਹੈ ਤਾਂ ਫਿਰ ਕਿਵੇਂ ਪਉੜੀਆਂ ਦਾ ਵਿਸ਼ੇ ਆਪਣੇ ਮੰਤਵ ਵਿਚ ਸਫਲ ਹੈ ? ਅਸਲੀਅਤ ਇਹ ਹੈ ਕਿ ਇਸ ਵਾਰ ਲਈ ਦੋ ਅੱਡ ਅੱਡ ਦ੍ਰਿਸ਼ਟੀਕੋਨ ਹਨ, ਇਕ ਦ੍ਰਿਸ਼ਟੀਕੋਣ ਗੁਰੂ ਨਾਨਕ ਦੇਵ ਦਾ ਹੈ ਦੂਸਰਾ ਗੁਰੂ ਅਰਜਨ ਦੇਵ ਦਾ । ਗੁਰੂ ਨਾਨਕ ਇਕ ਮਹਾਨ ਅਤੇ ਪ੍ਰਤਿਭਾਸ਼ਾਲੀ ਕਲਾਕਾਰ ਇਸ ਵਾਰ ਦੀ ਰਚਨਾ ਕਰਦਾ ਹੈ। ਗੁਰੂ ਅਰਜਨ ਕਲਾ ਦੇ ਸਮਾਜਕ ਆਸ਼ੇ ਨਾਲ ਇਸ ਦ੍ਰਿਸ਼ਟੀਕੋਨ ਵਿਚ ਪ੍ਰੀਵਰਤਨ ਲੈ ਆਉਂਦਾ ਹੈ । ਗੁਰੂ ਨਾਨਕ ਦੇਵ ਜੀ ਵਾਰ ਨੂੰ ਕਲਾਤਮਕ ਪੱਖ ਤੋਂ ਵਿਚਾਰ ਇਸ ਵਿਚ ਜੀਵਨ ਦੀ ਰਹਿੱਸਵਾਦੀ ਅਸਲੀਅਤ ਨੂੰ ਸੂਖਮਤਾ ਦੁਆਰਾ ਪ੍ਰਗਟਾਉਂਦੇ ਹਨ, ਗੁਰੂ ਅਰਜਨ ਉਸ ਰਹਿਸਵਾਦੀ ਵਿਸ਼ੇ ਨੂੰ ਸਮਾਜਕ ਆਸ਼ੇ ਤੋਂ ਸਥੂਲ ਰੂਪ ਦਿੰਦੇ ਹਨ । ਗੁਰੂ ਨਾਨਕ ਦੇਵ ਜੀ ਕਲਾ ਦੇ ਉਦੇਸ਼ ਕਾਰਨ ਜੀਵਨ ਨੂੰ ਪ੍ਰਕਾਸ਼ਮਾਨ ਕਰਨ ਤੀਕ ਹੀ ਸੀਮਿਤ ਰਖਦੇ ਹਨ । ਗੁਰੂ ਅਰਜਨ ਦੇਵ ਜੀ ਉਸ ਜੀਵਨ ਦੇ ਪ੍ਰਕਾਸ਼ ਨੂੰ ਸਾਧਾਰਣ ਕਰਣ ਦੁਆਰਾ ਸਪਸ਼ਟ ਰੂਪ ਦਿੰਦੇ ਹਨ । ਸੁ, ਇਸ ਤਰ੍ਹਾਂ ਇਸ ਵਾਰ ਵਿਚ ਦੋ ਅੱਡ ਅੱਡ ਦ੍ਰਿਸ਼ਟੀਕੋਨ ਆਪਣੀ ਕਾਰਜ ਪੂਰਤੀ ਕਰਦੇ ਹਨ । ਪਹਿਲਾ ਦ੍ਰਿਸ਼ਟੀਕੋਨ ਆਪਣੇ ਕਲਾ ਪੱਖ ਤੋਂ ਪੂਰਨ ਸਫਲ ਹੈ । ਅਗੋਂ ਪ੍ਰਸ਼ਨ ਇਹ ਉਠਦਾ ਹੈ ਕਿ ਦੂਸਰਾ ਦ੍ਰਿਸ਼ਟੀਕੋਨ ਕਲਾ ਦੇ ਆਸ਼ੇ ਤੋਂ ਕਿੰਨਾ ਕੁ ਸਫਲ ਹੈ। ਇਸ ਨੂੰ ਸੋਚਣ ਤੋਂ ਪਹਿਲਾਂ ਇਕ ਹੋਰ ਵਿਚਾਰ ਵਲ ਨਜ਼ਰ ਮਾਰ ਲੈਣੀ ਚਾਹੀਦੀ ਹੈ । ਉਹ ਇਹ ਕਿ ਪਉੜੀਆਂ ਵਾਲੀ ਵਾਰ ਅਤੇ ਪਉੜੀਆਂ ਦੇ ਸਲੋਕਾਂ ਵਾਲੀ ਵਾਰ ਇਕੋ ਵਿਸ਼ੇ ਦੇ ਇਕੋ ਵਿਚਾਰ ਤੋਂ ਇਕਸਾਰ ਨਹੀਂ । ਪਉੜੀਆਂ ਵਾਲੀ ਵਾਰ ਰਹਿਸਵਾਦੀ ਵਿਸ਼ੈ ਦੇ ਪੱਖ ਤੋਂ ਜ਼ਰੂਰ ਸਫਲ ਹੈ ਪਰ ਪਉੜੀਆਂ ਤੇ ਸਲੋਕਾਂ ਵਾਲੀ ਵਾਰ ਨਿਰੋਲ ਰਹਿਸਵਾਦੀ ਵਿਸ਼ੇ ਦੀ ਉਸ ਰੰਗਣ ਤੀਕ ਸੀਮਿਤ ਨਹੀਂ । ਸਲੋਕਾਂ ਨੇ ਰਹਿਸਵਾਦੀ ਵਿਸ਼ੇ ਨੂੰ ਇਕ ਵੱਖਰੀ ਰੰਗਣ ਦੇ ਦਿਤੀ ਹੈ । ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਲੋਕਾਂ ਦੀ ਮਹੱਤਤਾ ਨੂੰ ਅਖੋਂ ਉਹਲੇ ਨਾ ਕੀਤਾ ਜਾਵੇ । ਸਾਰੰਸ਼ ਇਹ ਕਿ ਪਉੜੀਆਂ ਅਤੇ ਸਲੋਕਾਂ ਵਾਲੀ ਇਕੱਠੀ ਵਾਰ ਦੇ ਵਿਸ਼ੇ ਨੂੰ ਇਕ ਵੱਖਰੇ ਦ੍ਰਿਸ਼ਟੀਕੋਨ ਤੋਂ ਪਰਖਿਆ ਜਾਵੇ । ਸੁ, ਪਹਿਲਾਂ ਸਾਨੂੰ ਵੱਖਰੇ ਵਿਸ਼ੈ ਨੂੰ ਸਪਸ਼ਟ ਕਰ ਲੈਣਾ ਚਾਹੀਦਾ ਹੈ ਅਤੇ ਫਿਰ ਕਲਾ ਪੱਖ ਤੋਂ ਵਿਚਾਰਨਾ ਚਾਹੀਦਾ ਹੈ । ਪਉੜੀਆਂ ਵਾਲੀ ਵਾਰ ਰਹਿੱਸਵਾਦੀ ਵਿਸ਼ੈ ਦੀ ਰਹਿਸਵਾਦੀ ਅਸਲੀਅਤ ਤੀਕ ਹੀ ਸੀਮਿਤ ਹੈ । ਪਰ ਦੂਸਰੀ ਸਮਿਲਤ ਵਾਰ ਰਹਿਸਵਾਦੀ ਵਿਸ਼ੇ ਦੀ ਸਮਾਜਕ ਅਸਲੀਅਤ ਹੈ । ਸੋ ਇਸ ਇਕੱਠੀ ਵਾਰ ਨੂੰ ਸਮਾਜਕ ਆਸ਼ੇ ਤੋਂ ਪਹਿਲਾਂ ਪਰਖਣਾ ਯੋਗ ਹੈ ।

ਸਮੁਚੇ ਤੌਰ ਤੇ ਮੁਖ ਸਮਾਜਕ ਵਿਸ਼ੇ, ਅਗਿਆਨ ਕਾਰਨ ਭਟਕਣਾ, ਸੱਚ ਦੀ ਸੋਝੀ, ਧਾਰਮਿਕ ਪਖੰਡ—ਜਨੇਊ, ਸੂਤਕ, ਇਸਤ੍ਰੀ ਆਦਿ ਅਤੇ ਮਨੁਖੀ ਗੁਣਾਂ ਦੀ ਅਸਲੀਅਤ ਆਦਿ ਕਹੇ ਜਾ ਸਕਦੇ ਹਨ । ਜਪੁਜੀ ਸਾਹਿਬ ਦਾ ਆਰੰਭ ਵੀ ਅਸਲੀਅਤ ਸਬੰਧੀ ਪਏ ਪੜਦੇ ਤੋਂ ਕੀਤਾ ਗਇਆ ਹੈ । ਆਸਾ ਦੀ ਵਾਰ ਵਿਚ ਵੀ ਪ੍ਰਭੂ ਦੀ ਦ੍ਰਿਸ਼ਟਮਾਨ ਅਸਲੀਅਤ ਦੱਸ ਕੇ-ਜਿਸ ਦੀ ਸੋਝੀ ਗੁਰੂ ਰਾਹੀਂ ਹੁੰਦੀ ਹੈ - ਸਬੰਧੀ ਪਏ ਭੁਲੇਖਿਆਂ ਅਤੇ ਭਟਕਣਾ ਤੋਂ ਹੀ ਕੀਤਾ ਗਿਆ ਹੈ । ਝੂਠੇ ਗੁਰੂ ਅਤੇ ਚੇਲੇ ਨੱਚਦੇ ਹਨ, ਰਾਸਾਂ ਪਾਉਂਦੇ ਹਨ, ਫੇਰੀਆਂ ਲੈਂਦੇ ਹਨ, ਵਿਖਾਵਾ ਕਰਦੇ ਹਨ ਅਸਲੀਅਤ ਨੂੰ ਲੱਭਣ ਦਾ, ਪਰ ਇਹ ਸਭ ਪਖੰਡ ਪੇਟ ਕਾਰਨ ਕਰਦੇ ਹਨ । ਜੇ ਫੇਰੀਆਂ ਲੈਣ ਨਾਲ ਆਪਣੇ ਚਿਰ-ਅਭਿਲਸ਼ਿਤ ਦੀ ਸੋਝੀ ਹੋ ਜਾਵੇ

ਵਾਇਨਿ ਚੇਲੇ ਨਚਨਿ ਗੁਰ ।
ਪੈਰ ਹਲਾਇਨਿ ਫੇਰਨਿ ਸਿਰ ।
ਉਡਿ ਉਡਿ ਰਾਵਾ ਝਾਟੈ ਪਾਇ ।
ਵੇਖੈ ਲੋਕੁ ਹਸੈ ਘਰਿ ਜਾਇ ।

ਕੋਲੂ ਚਰਖਾ ਚਕੀ ਚਕੁ ।
ਥਲ ਵਾਰੋਲੇ ਬਹੁਤੁ ਅਨੰਤੁ ।
ਲਾਟੂ ਮਧਾਣੀਆਂ ਅਨਗਾਹ ।
ਪੰਖੀ ਪਉਦਿਆਂ ਲੈਨਿ ਨ ਸਾਹਿ।

ਤਾਂ ਅਨਗਿਣਤ ਜੀਵ ਜੰਤੂ ਪ੍ਰਭੂ ਦੇ ਆਦੇਸ਼ ਵਿਚ ਭੌਂ ਰਹੇ ਹਨ—

ਭੈ ਵਿਚਿ ਪਵਣ ਵਹੈ ਸਦਵਾਉ !
ਭੈ ਵਿਚਿ ਚਲਹਿ ਲਖ ਦਰਿਆਉ ।
ਭੈ ਵਿਚ ਸੂਰਜ ਭੈ ਵਿਚ ਚੰਦ।
ਕੋਹ ਕਰੋੜੀ ਚਲਤ ਨ ਅੰਤੁ ।

ਅਸਲੀਅਤ ਦੀ ਸੋਝੀ ਪ੍ਰਭੂ ਦੇ ਪਿਆਰ, ਉਸ ਦੇ ਭੈ ਅਤੇ ਸੱਚੀ ਸਿਖਿਆ ਉਪਰੰਤ ਕੀਤੀ ਸੇਵਾ ਨਾਲ ਹੋ ਸਕਦੀ ਹੈ । ਸਮੂਹ ਧਰਮ ਸੰਪਰਦਾਵਾਂ ਆਪਣੇ ਆਪਣੇ ਨਿਯਮਾਂ ਅਧੀਨ ਅਸਲੀਅਤ ਦੀ ਭਾਲ ਵਿਚ ਮਾਰਗ ਨਿਰਦਿਸ਼ਟ ਕਰ ਰਹੇ ਹਨ ਪਰੰਤੂ ਇਸ ਦੀ ਗੁਣਵਾਨ ਮਨੁਖਾਂ ਨੂੰ ਹੀ ਪਰਾਪਤੀ ਹੁੰਦੀ ਹੈ ।

ਸਦਾ ਅਨੰਦਿ ਰਹਿ ਦਿਨੁ ਰਾਤੀ।

ਜਦ ਤਕ ਮਨੁਖ ਅੰਦਰੋਂ ਹਉਮੈ ਨਹੀਂ ਨਿਕਲਦੀ, ਉਸ ਨਿਰਾਕਾਰ ਦੀ ਸੋਝੀ ਨਹੀਂ ਹੋ ਸਕਦੀ ।

'ਹਉਮੈ ਬੂਝੈ ਤਾਂ ਦਰੁ ਸੂਝੈ ।'

ਜਪਜੀ ਸਾਹਿਬ ਵਿਚ ਵੀ ਇਹੋ ਸੁਝਾਓ ਦਿਤਾ ਗਿਆ ਹੈ।

ਨਾਨਕ ਹੁਕਮੈ ਜੇ ਬੁਝੈ
ਤਾਂ ਹਉਮੈ ਕਹਿ ਨ ਕੋਇ ।

ਹਉਮੈ ਦੇ ਮਿਟਣ ਕਾਰਨ ਹੀ ਪ੍ਰਭੂ ਦੀ ਰਜ਼ਾ ਸਮਝ ਆਉਣ ਨਾਲ ਅਸਲੀਅਤ ਦੀ ਸੋਝੀ ਹੋ ਜਾਂਦੀ ਹੈ । ਹਉਮੈ ਪ੍ਰਭੂ ਦੇ ਬਖਸ਼ੇ ਸ਼ਬਦ ਦੁਆਰਾ ਹੀ ਮਿਟਦੀ ਹੈ । ਪ੍ਰਭੂ ਦੀ ਮਿਹਰ ਇਸੇ ਲਈ ਮਹੱਤਾ ਪੂਰਨ ਹੈ ।

ਇਸ ਵਿਸ਼ੈ ਨੂੰ ਸੁਲਝਾਉਂਦਿਆਂ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਵਿਸ਼ੈ ਤੇ ਪਈ ਸਮਾਜਕ ਅਗਿਆਨਤਾ ਤੇ ਚੋਟ ਕੀਤੀ ਹੈ । ਮਨੁਖੀ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦਾ ਠੀਕ ਸਮਾਜੀ ਕਾਰਜ ਅਸਲੀਅਤ ਦੀ ਸੋਝੀ ਕਰਵਾਉਂਦਾ ਹੈ । ਮੂਲ ਸਿਧਾਂਤ ਮਨੁਖੀ ਗੁਣਾਂ ਤੇ ਹੀ ਨਿਰਭਰ ਹਨ ਜਿਨ੍ਹਾਂ ਦੀ ਸੁਯੋਗ ਵਰਤੋਂ ਦੁਆਰਾ ਹੀ ਸਮਾਜਕ ਸੁਖ ਦੀ ਪ੍ਰਾਪਤੀ ਹੈ । ਇਥੇ ਕਿਸੇ ਪ੍ਰਾਸਰੀਰਕ ਅਸਲੀਅਤ ਵਲ ਸੰਕੇਤ ਨਹੀਂ ਸਗੋਂ ਮਨੁਖ ਦੀ ਸਰੀਰਕ ਅਸਲੀਅਤ ਨੂੰ ਵੀ ਉਘਾੜਨ ਦਾ ਯਤਨ ਕੀਤਾ ਹੈ । ਗੁਰੂ ਵੀ ਇਕ ਸਰੀਰਕ ਅਸਲੀਅਤ ਹੈ ਜਿਸ ਵਿਚ ਮਨੁਖੀ ਗੁਣ ਸਿਖਰ ਤੇ ਹੁੰਦੇ ਹਨ ਅਤੇ ਜਿਸ ਦੇ ਸਮੂਹ ਕਰਤੱਵ ਸਾਮਾਜਕ ਹੁੰਦੇ ਹਨ । ਪਰਉਪਕਾਰ ਅਤੇ ਸੇਵਾ ਉਸ ਦੇ ਦੋ ਪ੍ਰਮੁਖ ਗੁਣ ਹਨ । ਜੋ ਮਨੁਖ ਵਿਚ ਇਨ੍ਹਾਂ ਗੁਣਾਂ-ਨਾਲ ਭਰਪੂਰ ਹੋਣ ਕਰ ਕੇ ਉਸ ਨੂੰ ਆਪਣੀ ਵੱਖਰੀ ਹੋਂਦ ਵਿਚੋਂ 'ਹਉਮੈ' ਕੱਢ, ਸਾਮਜਕ ਖੇਤਰ ਵਿਚ ਲਿਆਉਣਾ ਹੈ । ਇਹ ਇਸ ਵਿਸ਼ੈ ਦੀ ਸਮਾਜਕ ਸਾਰਥਕਤਾ ਹੈ । ਸਮਾਜ ਦਾ ਵਿਕਾਸ ਮਨੁਖ ਦੇ ਆਪਣੀ ਵਖਰੀ ਹੋਂਦ ਚੋਂ ਨਿਕਲ ਕੇ ਸਮਾਜਕ ਅਸਲੀਅਤ ਵਿਚ ਆਉਣ ਨਾਲ ਹੀ ਸੰਭਵ ਹੈ ।

ਦੂਸਰਾ ਵਿਸ਼ੈ ਸਚੁ ਦੀ ਸੋਝੀ ਹੈ । ਇਸ ਵਿਸ਼ੇ ਦਾ ਅੰਤਰਮੁਖੀ ਪੱਖ ਰਹਿਸਵਾਦ ਹੈ ਪਰ ਇਸ ਦਾ ਬਾਹਰਮੁਖੀ ਪੱਖ ਸਮਾਜਕ ਹੈ । ਪਉੜੀਆਂ ਵਿਚ ਇਸ ਨੂੰ ਪ੍ਰਭੂ ਨਾਲ ਸਬੰਧਤ ਕੀਤਾ ਗਿਆ ਹੈ ਅਤੇ ਸਲੋਕਾਂ ਵਿਚ ਸਾਮਾਜਕ ਖੇਤਰ ਨਾਲ । ਇਸ ਸੰਸਾਰ ਦੇ ਪਦਾਰਥਾਂ ਵਿਚ ਲੀਨ ਹੋ ਜਾਣਾ, ਆਪਣੀ ਵਖਰੀ ਹੋਂਦ ਬਣਾ ਬਹਿਣੀ, ਅਤੇ ਪਦਾਰਥਾਂ ਨੂੰ ਅਸਲੀਅਤ ਸਮਝ ਕੇ ਮੌਤ ਜਾਂ ਆਪਣੀ ਨਾਸ਼ਮਾਨਤਾ ਨੂੰ ਭੁਲ ਜਾਣਾ ਕੂੜ ਦੇ ਪੜਦੇ ਦੀ ਲਪੇਟ ਵਿਚ ਆ ਜਾਣਾ ਹੈ । ਇਸ ਸਚ ਦੀ ਸੋਝੀ ਲਈ ਸਭ ਤੋਂ ਪਹਿਲਾਂ ਸੰਸਾਰਕ ਪਦਾਰਥਾਂ ਤੋਂ ਉਪਰ ਉਠਣਾ ਹੈ ਪਰੰਤੂ ਇਸੇ ਨੂੰ ਹੀ ਮੁੱਖ ਮੰਤਵ ਨਹੀਂ ਸਮਝਣਾ ਇਹ ਤਾਂ ਇਕ ਸਾਧਨ ਹੈ । ਇਸ ਕਾਰਨ ਇਨ੍ਹਾਂ ਨੂੰ ਕੂੜ ਸਮਝਣਾ ਚਾਹੀਦਾ ਹੈ ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰ ॥
ਕੂੜੁ ਸੋਇਨਾ ਕੂੜੁ ਰੁਪਾ ਕੂੜੁ ਪੈਨਣ ਹਾਰ ॥

ਅਸਲੀ ਮਨੁੱਖੀ ਆਸ਼ਾ ਜਾਂ ਸਚੁ ਮਨੁਖੀ ਆਤਮਕ ਗੁਣ ਹਨ । ਸੇਖੋਂ ਸਾਹਿਬ ਇਸ ਨੂੰ ਸਮਾਜ ਦਾ ਆਤਮਕ ਪੱਖ ਕਹਿੰਦੇ ਹਨ । ਮਨੁਖੀ ਆਤਮਕ ਗੁਣ—ਸੱਚਾ ਹਿਰਦਾ, ਸਚ ਲਈ ਪਿਆਰ, ਮਨੁਖੀ ਜੀਵਨ ਬਤੀਤ ਕਰਨ ਦਾ ਸੱਚਾ ਢੰਗ, ਸੱਚੀ ਸਿਖਿਆ ਆਦਿ ਹਨ । ਇਨ੍ਹਾਂ ਆਤਮਕ ਗੁਣਾਂ ਤੋਂ ਬਿਨਾਂ ਨੇਕੀਆਂ, ਚੰਗਿਆਈਆਂ, ਜਪੁ, ਤਪ, ਸੰਜਮ ਪੜ੍ਹਾਈ ਉਖ ਸਭ ਵਿਅਰਥ ਹਨ । ਅਸਲੀ ਅਸਲੀਅਤ ਅਤੇ ਸਚ ਮਨੁਖੀ ਆਤਮਕ ਗੁਣ ਹਨ ।

ਅਸਲੀਅਤ ਇਹ ਹੈ ਕਿ ਜਦ ਤੀਕ ਮਨੁਖ ਵਿਚ ਆਤਮਕ ਗੁਣ ਨਹੀਂ ਆ ਜਾਂਦੇ, ਉਹ ਨਾ ਹੀ ਪਦਾਰਥਾਂ ਤੋਂ ਉੱਪਰ ਉਠ

ਸਕਦਾ ਹੈ, ਨਾ ਸਵਾਰਥ ਤੋਂ ਉਚੇਰੀ ਪੱਧਰ ਬਤੀਤ ਕਰ ਸਕਦਾ ਹੈ ਨਾ ਆਪਣਾ ਭਲਾ ਕਰ ਸਕਦਾ ਹੈ ਅਤੇ ਇਸੇ ਕਾਰਨ ਸਮਾਜਕ ਵਿਕਾਸ ਵਿਚ ਵੀ ਕੋਈ ਭਾਗ ਨਹੀਂ ਲੈ ਸਕਦਾ । ਆਤਮਕ ਗੁਣ ਹੀ ਮਨੁਖ ਦੀ ਸਮਾਜਕ ਅਸਲੀਅਤ ਹਨ, ਆਤਮ ਗੁਣਾਂ ਨਾਲ ਮਨੁਖ ਅਧਿਆਤਮਕ ਨਾ ਵੀ ਹੋਵੇ ਤਾਂ ਉਹ ਸਮਾਜਕ ਖੇਤਰ ਤੋਂ ਦੂਰ ਨਹੀਂ ਰਹਿ ਸਕਦਾ। ਅਜ ਦੇ ਸਮਾਜਵਾਦੀ ਯੁਗ ਵਿਚ ਆਤਮਕ ਗੁਣਾਂ ਦਾ ਹੋਣਾ ਜ਼ਰੂਰੀ ਹੈ, ਅਧਿਆਤਮਕ ਹੋਣਾ ਜ਼ਰੂਰੀ ਨਹੀਂ । ਪ੍ਰੋ. ਸੰਤ ਸਿੰਘ ਸੇਖੋਂ ਅਨੁਸਾਰ ਆਤਮਕ ਗੁਣਾਂ ਵਾਲਾ ਮਨੁਖ ਭਾਵੇਂ ਨਾਸਤਕ ਹੀ ਹੋਵੇ ਅਧਿਆਤਮਵਾਦੀ ਹੈ, ਜਿਸ ਤਰ੍ਹਾਂ ਲੈਨਿਨ, ਮਾਰਕਸ ਅਤੇ ਹੋਰ ਸਮਾਜਵਾਦੀ ਨੇਤਾ ਕਹੇ ਜਾ ਸਕਦੇ ਹਨ । ਹੋਰ ਡੂੰਘੇਰੀ ਅਸਲੀਅਤ ਇਹ ਹੈ ਕਿ ਇਹ ਆਤਮਕ ਗੁਣ ਸਮਾਜਕ ਵਿਕਾਸ ਦਾ ਹੀ ਭਾਗ ਹਨ, ਇਕੱਲੇ ਮਨੁਖ ਦੀ ਉਪਜ ਨਹੀਂ। ਇਹ ਸਮਾਜ ਦਾ ਆਤਮਕ ਵਿਕਾਸ ਹਨ । ਇਨ੍ਹਾਂ ਨੂੰ ਸਮਾਜ ਦੀ ਮਸਤੀ ਤੋਂ ਵਖ ਮਸਤੀ ਸਮਝਣਾ ਨਿਰਾਰਥ ਹੈ। ਸੋ ਇਸ ਪ੍ਰਕਾਸ਼ ਵਿਚ ਇਸ ਵਿਸ਼ੇ ਦੀ ਸਮਰਥਕਤਾ ਕਾਫ਼ੀ ਮਹਾਨਤਾ ਰਖਦੀ ਹੈ ਅਤੇ ਆਧੁਨਿਕ ਜੀਵਨ ਵਿਚ ਇਸ ਦਾ ਭਾਗ ਅਨਿਖੜ ਹੈ।

ਤੀਸਰਾ ਵਿਸ਼ੇ ਧਾਰਮਕ ਪਖੰਡ ਹਨ । ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਧਾਰਮਕ ਪਖੰਡਾਂ ਤੇ ਕਰੜੀ ਚੋਟ ਕੀਤੀ ਹੈ। ਧਾਰਮਕ ਰਸਮਾਂ ਇਕ ਪ੍ਰਕਾਰ ਦੀਆਂ ਅਸਲੀਅਤ ਵਿਚ ਚਿੰਨ੍ਹ ਹੁੰਦੀਆਂ ਹਨ । ਰਹਿਸਵਾਦੀ ਅਸਲੀਅਤ ਤੀਕ ਆਮ ਮਨੁਖ ਨਹੀਂ ਪੁਜ ਸਕਦਾ, ਇਸ ਲਈ ਉਸ ਅਸਲੀਅਤ ਨੂੰ ਕੁਝ ਚਿੰਨ੍ਹਾਂ ਰਾਹੀਂ ਰਸਮ ਰੂਪ ਵਿਚ ਪ੍ਰਚਲਤ ਕੀਤਾ ਜਾਂਦਾ ਹੈ। ਇਨ੍ਹਾਂ ਦੀ ਅੰਤ੍ਰੀਵ ਅਸਲੀਅਤ ਨਿਰਸੰਦੇਹ ਰਹਿਸਵਾਦੀ ਹੁੰਦੀ ਹੈ ਪਰ ਇਨ੍ਹਾਂ ਨੂੰ ਪ੍ਰਚਲਤ ਮਨੁਖੀ ਗੁਣਾਂ ਦੇ ਵਿਕਾਸ ਲਈ ਕੀਤਾ ਜਾਂਦਾ ਹੈ। ਜਿਸ ਵੇਲੇ ਮਨੁਖ ਅਤੇ ਧਰਮ ਦੇ ਪ੍ਰਤਿਨਿਧ ਇਨ੍ਹਾਂ ਮਨੁਖੀ ਗੁਣਾਂ ਦੀ ਅਸਲੀਅਤ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ ਤਾਂ ਇਹ ਰਸਮਾਂ ਮਨੁਖੀ ਗੁਣਾਂ ਨੂੰ ਵਿਕਾਸ ਦੇਣ ਦੀ ਥਾਂ ਉਨ੍ਹਾਂ ਦੇ ਰਸਤੇ ਵਿਚ ਰੋੜਾ ਬਣ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਨੇਊ, ਸੂਤਕ ਜਾਂ ਅਪਵਿਤ੍ਰਤਾ ਅਤੇ ਇਸਤਰੀ ਨਿੰਦਿਆ ਸਬੰਧੀ ਪਏ ਰਸਮੀ ਪਖੰਡਾਂ ਨੂੰ ਨੰਗਾ ਕੀਤਾ ਹੈ ਅਤੇ ਇਨ੍ਹਾਂ ਦਿਨਾਂ ਦੀ ਆਤਮਕ ਅਸਲੀਅਤ ਨੂੰ ਪ੍ਰਗਟਾਇਆ ਹੈ, ਅਸਲੀ ਜਨੇਊ ਜਾਂ ਧਾਗਾ ਮਨੁਖੀ ਕਮਜ਼ੋਰੀਆਂ—ਇੰਦਰੀਆਂ, ਲੋਭ, ਹੰਕਾਰ ਵਿਕਾਰਾਂ ਨੂੰ ਪੈਣਾ ਚਾਹੀਦਾ ਹੈ ਨਾ ਕਿ ਸਰੀਰ ਦੁਆਲੇ ਧਾਗਾ । ਆਤਮਕ ਜਨੇਊ ਹੀ ਮੁਕਤੀ ਦਾ ਰਸਤਾ ਵਿਖਾਉਂਦਾ ਹੈ। ਇਸੇ ਤਰ੍ਹਾਂ ਅਪਵਿਤਰਤਾ ਸੂਤਕ ਦੀ ਨਹੀਂ ਸਗੋਂ ਮਨ ਦੇ ਲੋਭ, ਹੰਕਾਰ ਆਦਿ ਦੀ ਹੈ। ਇਨ੍ਹਾਂ ਨੂੰ ਦੂਰ ਕਰਨ ਬਿਨਾਂ ਲੱਖ ਪਵਿਤਰਤਾਈਆਂ—ਖਾਣ ਦੀਆਂ, ਚਉਕੇ ਦੀਆਂ ਅਤੇ ਸਰੀਰ ਦੀਆਂ ਵਿਅਰਥ ਹਨ । ਇਸੇ ਤਰ੍ਹਾਂ ਇਸਤਰੀ ਨਿੰਦਿਆ ਨਿਰਮੂਲ ਹੈ। ਇਸਤਰੀ ਦਾ ਸਮਾਜ ਵਿਚ ਬਹੁਤ ਉਚਾ ਸਥਾਨ ਹੈ, ਸਾਰੀ ਲੁਕਾਈ, ਮਹਾਨ ਵਿਅਕਤੀਆਂ ਉਸ ਤੋਂ ਉਤਪੰਨ ਹੁੰਦੀਆਂ ਹਨ, ਇਸ ਲਈ ਉਸ ਦੀ ਨਿੰਦਾ ਅਕਾਰਣ ਅਤੇ ਅਯੋਗ ਹੀ ਹੈ।

ਜ਼ਰਾ ਡੂੰਘਾਈ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਰਸਮਾਂ ਨੂੰ ਸਮਾਜਕ ਖੇਤਰ ਵਿਚੋਂ ਕੱਢ ਦੇਣਾ ਜਾਂ ਉਨ੍ਹਾਂ ਦੀ ਸਮਾਜਕ ਵਿਕਾਸ ਦੀ ਦੇਣ ਨੂੰ ਅੱਖੋਂ ਓਹਲੇ ਕਰ ਦੇਣਾ ਇਨ੍ਹਾਂ ਦੀ ਬੁਰਿਆਈ ਦਾ ਕਾਰਨ ਹੈ। ਜਦ ਤੀਕ ਇਹ ਰਸਮਾਂ ਸਮਾਜਕ ਵਿਕਾਸ ਵਿਚ ਹਿੱਸਾ ਪਾਉਂਦੀਆਂ ਹਨ, ਤਦ ਤੀਕ ਇਹ ਆਪਣੇ ਮੰਤਵ ਵਿਚ ਹੀ ਸਫਲ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਮਹਤਤਾ ਵੀ ਇਕਸਾਰ ਰਹਿੰਦੀ ਹੈ । ਦੂਸਰੇ ਜੇ ਇਨ੍ਹਾਂ ਦੇ ਰਹਿਸਵਾਦੀ ਪੱਖ ਨੂੰ ਉਹਲੇ ਕਰ ਦੇਈਏ ਤਾਂ ਇਨ੍ਹਾਂ ਦੀ ਮਹੱਤਤਾ ਅਤੇ ਪ੍ਰਚਲਤ ਕਰਨ ਦਾ ਕਾਰਨ ਸਮਾਜਕ ਹੀ ਰਹਿ ਜਾਂਦਾ ਹੈ। ਫਿਰ ਉਸ ਸਮਾਜਕ ਆਸ਼ੇ ਨੂੰ ਭੁਲ ਜਾਣਾ ਅਤੇ ਸਵਾਰਥ ਲਈ ਵਰਤਣਾ ਜਿਸ ਤਰ੍ਹਾਂ ਕਿ ਪੰਡਤ ਆਦਿ ਕਰਦੇ ਹਨ ਇਨ੍ਹਾਂ ਨੂੰ ਨਿਰਾਰਥ ਕਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਸ਼ਬਦਾਂ ਵਿਚ ਇਨ੍ਹਾਂ ਦਾ ਆਧਾਰ ਮਨੁਖੀ ਗੁਣਾਂ ਨੂੰ ਬਣਾਇਆ ਹੈ । ਉਨ੍ਹਾਂ ਨੇ ਇਨ੍ਹਾਂ ਦੀ ਰਹਿਸਵਾਦੀ ਅਸਲੀਅਤ ਨੂੰ ਆਤਮਕ ਅਸਲੀਅਤ ਜਾਂ ਸਰੀਰਕ ਅਸਲੀਅਤ ਦੇ ਦਿਤੀ ਹੈ। ਇਸ ਲਈ ਉਨ੍ਹਾਂ ਨੇ ਰਸਮਾਂ ਨੂੰ ਦੋਹਾਂ ਪੱਖਾਂ ਤੋਂ ਸਮਾਜਕ ਖੇਤਰ ਵਿਚ ਲੈ ਆਂਦਾ ਹੈ। ਮਨੁਖੀ ਸਮਾਜ ਵਿਚ ਇਨ੍ਹਾਂ ਸਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਨਾ ਨਿਰਸੰਦੇਹ ਇਕ ਸਮਾਜਕ ਵਿਅਕਤਿਤਵ ਦੀ ਹੀ ਕਰਨੀ ਹੈ।

ਉਪਰ ਆਏ ਤਿੰਨਾਂ ਵਿਸ਼ਿਆਂ ਨੂੰ ਮਨੁਖੀ ਵਿਸ਼ੇਸ਼ਤਾਵਾਂ ਤੇ ਅਧਾਰਿਤ ਕੀਤਾ ਗਿਆ ਹੈ । ਅਸਲ ਵਿਚ ਇਹ ਵਾਰ ਇਕ ਵਖਰੇ ਹੀ ਵਿਸ਼ੇ ਦੀ ਹੋਂਦ ਨੂੰ ਪ੍ਰਗਟਾਉਂਦੀ ਹੈ । ਇਨ੍ਹਾਂ ਗੁਣਾਂ ਰਹਿਤ ਮਨੁਖ ਕਿਵੇਂ ਭਟਕਦਾ ਹੈ, ਸੰਸਾਰ ਦੇ ਪਦਾਰਥਾਂ ਵਿਚ ਲੀਨ ਹੁੰਦਾ ਹੈ, ਸਵੈ-ਸਵਾਰਥ

ਤੋਂ ਉਪਰ ਨਹੀਂ ਉਠ ਸਕਦਾ, ਧਾਰਮਕ ਰਸਮਾਂ ਅਤੇ ਅਸਲੀ ਅਤ ਦੀ ਨਿਰਾਰਥ ਵਰਤੋਂ ਕਰਦਾ ਹੈ। ਆਪਣੇ ਜਿਹੇ ਮਨੁਖਾਂ ਨਾਲ ਹੀ ਬੁਰਾਈਆਂ ਕਰਦਾ ਹੈ, ਵਿਭਚਾਰ ਕਰਦਾ ਹੈ, ਉਨ੍ਹਾਂ ਦੀ ਹਤਿਆ ਕਰਦਾ ਹੈ ਅਤੇ ਹੋਰ ਕਈ ਕੁਝ। ਕਾਰਨ ਇਸ ਦਾ ਇਹ ਹੈ ਕਿ ਮਨੁੱਖੀ ਗੁਣਾਂ ਦੀ ਅਣਹੋਂਦ ਔਗਣਾਂ ਨਾਲ ਭਰਪੂਰ ਕਰ ਦਿੰਦੀ ਹੈ। ਉਹ ਆਤਮਕ ਬਲ ਜਿਹੜਾ ਗੁਣਾਂ ਰਾਹੀਂ ਪਰਾਪਤ ਹੁੰਦਾ ਹੈ, ਜਿਸ ਨਾਲ ਮਨੁੱਖ ਜਾਤੀ ਨਾਲ ਪ੍ਰੇਮ ਵਧਦਾ ਹੈ, ਮਨੁੱਖੀ ਜੀਵਨ ਦੇ ਮੰਤਵ ਦੀ ਸੋਝੀ ਹੁੰਦੀ ਹੈ, ਸਾਰੇ ਸੰਸਾਰ ਲਈ ਮਨ ਵਿਚ ਇਕ ਸਮ-ਦ੍ਰਿਸ਼ਟੀ ਉਤਪੰਨ ਹੁੰਦੀ ਹੈ ਅਤੇ ਜਿਸ ਨਾਲ ਮਨੁੱਖੀ ਸਮਾਜ ਦੇ ਵਿਕਾਸ ਵਿਚ ਹਿੱਸਾ ਪਾਉਣ ਦੀ ਸੋਝੀ ਹੁੰਦੀ ਹੈ, ਮਨੁੱਖ ਵਿਚ ਔਗਣਾਂ ਦੀ ਗਣਹੋਂਦ ਨਾਲ ਹੀ ਉਪਜ ਸਕਦਾ ਹੈ। ਇਸ ਅਸਲੀਅਤ ਵੱਲ ਗੁਰੂ ਨਾਨਕ ਦੇਵ ਜੀ ਨੇ ਉਚੇਚੇ ਜ਼ੋਰ ਦਿਤਾ ਹੈ। ਦੋ ਰਹਿਸਵਾਦੀ ਹਸਤੀਆਂ ਗੁਰੂ ਅਤੇ ਪ੍ਰਮਾਤਮਾ ਦਾ ਵਰਣਨ ਇਨ੍ਹਾਂ ਗੁਣਾਂ ਦੇ ਸਬੰਧ ਵਿਚ ਵਿਸ਼ੇਸ਼ ਆਉਂਦਾ ਹੈ, ਗੁਰੂ ਨੂੰ ਤਾਂ ਸਰੀਰਕ ਹੋਂਦ ਵੀ ਦਿਤੀ ਗਈ ਹੈ। ਉਸ ਵਿਚ ਗੁਣਾਂ ਦਾ ਖਜ਼ਾਨਾ ਹੁੰਦਾ ਹੈ, ਪਰ ਉਸ ਦੇ ਇਹ ਗੁਣ ਕਿਸੇ ਕੰਮ ਨਹੀਂ ਜੇ ਉਹ ਮਨੁੱਖੀ ਸਮਾਜ ਲਈ ਕਰਤੱਵ-ਹੀਣ ਹਨ। ਗੁਰਮਤਿ ਵਿਚ ਗੁਰੂ ਦੀ ਰਹਿਸਵਾਦੀ ਸ਼ਖਸੀਅਤ ਪ੍ਰਗਟਾਉਣ ਨਾਲੋਂ ਉਸ ਦੀ ਸਮਾਜੀਕਰਨ ਅਤੇ ਸਰੀਰਕ ਹੋਂਦ ਜਾਂ ਗੁਣਾਂ ਵਲ ਵਿਸ਼ੇਸ਼ ਧਿਆਨ ਦਿਤਾ ਗਇਆ ਹੈ, ਇਸ ਲਈ ਸਮਾਜਕ ਆਸ਼ੇ ਤੋਂ ਗੁਰੂ ਦੀ ਹਸਤੀ ਰਹਿਸਵਾਦੀ ਨਹੀਂ ਸਗੋਂ ਸਾਮਾਜਕ ਹੈ। ਦੂਸਰੀ ਰਹਿਸਵਾਦੀ ਹਸਤੀ ਪ੍ਰਮਾਤਮਾ ਦਾ ਵਰਣਨ ਕੀਤਾ ਗਇਆ ਹੈ। ਪਉੜੀਆਂ ਵਿਚ ਤਾਂ ਇਹ ਹਸਤੀ ਨਿਰੋਲ ਪ੍ਰਾ-ਸਰੀਰਕ ਅਤੇ ਰਹਿਸਵਾਦੀ ਸਚਾਈ ਦੀ ਮੂਰਤ ਵਜੋਂ ਹੀ ਪ੍ਰਗਟਾਈ ਗਈ ਹੈ। ਪਰ ਸਲੋਕਾਂ ਵਿਚ ਇਸ ਦੀ ਸਰੀਰਕ ਹੋਂਦ ਦੇ ਝਲਕਾਰੇ ਪਾਏ ਗਏ ਹਨ। ਜਿਹੜੇ ਗੁਣ ਪ੍ਰਮਾਤਮਾ ਵਿਚ ਦਰਸਾਏ ਗਏ ਹਨ, ਉਹ ਅਸਲੀ ਮਨੁੱਖੀ ਸਾਮਾਜਕ ਵਿਕਾਸ ਦੇ ਗੁਣ ਹਨ ਜਾਂ ਜਿਸ ਲਈ ਮਨੁੱਖੀ ਸਮਾਜ ਆਸ਼ਾ ਰਖਦਾ ਹੈ, ਉਹ ਹਨ। ਸੋ ਜੇ ਪ੍ਰਭੂ ਦੀ ਅਸਲੀਅਤ ਨੂੰ ਸਰੀਰਕ ਹੋਂਦ ਵਿਚ ਵੇਖਿਆ ਜਾਵੇ ਤਾਂ ਉਸ ਦੇ ਸਾਰੇ ਮਨੁੱਖੀ ਗੁਣ ਹੀ ਰਹਿਸਵਾਦੀ ਹਨ। ਇਸ ਰੋਸ਼ਨੀ ਵਿਚ ਇਹ ਨਿਰਣਾ ਦਲੀਲ ਰਹਿਤ ਨਹੀਂ ਕਿ ਗੁਰਮਤਿ ਵਿਚ ਪ੍ਰਭੂ ਦੀ ਅਸਲੀਅਤ ਸਮਾਜਕ ਹੈ ਅਤੇ ਮਨੁੱਖੀ ਗੁਣ ਸਾਮਾਜਕ ਵਿਕਾਸ ਦਾ ਅੰਗ ਹਨ। ਇਨ੍ਹਾਂ ਦੀ ਮਨੁੱਖ ਵਿਚ ਹੋਂਦ ਹੀ ਉਸ ਦਾ ਸਾਮਾਜਕਪੁਣਾ ਹੈ।

ਸੋ ਸਮੁਚੇ ਤੌਰ ਤੇ ਨਿਰਣਾ ਕੱਢਿਆ ਜਾ ਸਕਦਾ ਹੈ ਕਿ ਇਕੱਠੀ ਵਾਰ ਭਾਵ ਪੌੜੀਆਂ ਅਤੇ ਸਲੋਕਾਂ ਦੀ ਸਾਮਾਜਕ ਆਸ਼ੇ ਤੋਂ ਰਚਨਾ ਕੀਤੀ ਗਈ ਹੈ। ਸਲੋਕਾਂ ਦੇ ਵਿਸ਼ੇ ਤਾਂ ਨਿਰੋਲ ਸਰੀਰਕ ਜਾਂ ਸਮਾਜਕ ਹਨ। ਪਉੜੀਆਂ ਨਾਲ ਸ਼ਮਿਲਤ ਹੋ ਕੇ ਰਹਿਸਵਾਦੀ ਵਿਸ਼ੇ ਨੂੰ ਸਾਮਾਜਕ ਅਤੇ ਸਰੀਰਕ ਹੋਂਦ ਦਿੰਦੇ ਹਨ। ਇਸ ਲਈ ਇਸ ਵਾਰ ਦੀ ਸਾਮਾਜਕ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਆਲੋਚਨਾਤਮਕ ਪੱਖ ਤੋਂ ਇਨ੍ਹਾਂ ਦਲੀਲਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਕੱਠੀ ਵਾਰ ਦਾ ਵਿਸ਼ੇ ਪਉੜੀਆਂ ਦੀ ਵਾਰ ਦੇ ਵਿਸ਼ੇ ਕੋਲੋਂ ਭਿੰਨ ਢੰਗ ਵਿਚ ਹੋ ਗਇਆ ਹੈ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਵਿਸ਼ੇ ਦੀ ਸਮੀਖਿਆ ਕਰਨ ਲਗਿਆਂ ਸਲੋਕਾਂ ਦੀ ਮਹੱਤਤਾ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾਵੇ ਸਗੋਂ ਵਿਸ਼ੇ ਨੂੰ ਨਵੀਂ ਰੰਗਤ ਵਿਚ ਪਰਖਿਆ ਜਾਵੇ।

'ਪਰਵਾਹ ਨਾਹੀ ਕਿਸੈ ਕੇਰੀ'

'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ।
ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ।
ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ।
ਦਰਿ ਲਏ ਲੇਖਾ ਪੀੜਿ ਛੁਟੈ ਨਾਨਕ ਜਿਉ ਤੇਲੁ।

(ਮ ੧.)

ਉੱਘੇ ਕਵੀ—

ਗੁਰਾਂ ਦਿੱਤਾ ਜੀ ਖੰਨਾ

ਬਾਵਾ ਬਲਵੰਤ

ਜੀਵਨ ਤੇ ਕਵਿਤਾ

ਸ੍ਰੀਮਾਨ ਖੰਨਾ ਜੀ ਦੇ ਨਾਂ ਤੋਂ ਅੰਮ੍ਰਿਤਸਰ ਸ਼ਹਿਰ ਦਾ ਸ਼ਾਇਦ ਹੀ ਕੋਈ ਸਾਹਿੱਤਕਾਰ, ਕਲਾ-ਪ੍ਰੇਮੀ ਤੇ ਕੌਮੀ ਸੇਵਕ ਨਾਵਾਕਫ਼ ਹੋਵੇ। ਮੇਰਾ ਖ਼ਿਆਲ ਹੈ ਕਿ ਐਸੀ ਹਰਮਨ ਪਿਆਰੀ ਹਸਤੀ ਨੂੰ ਹਰ ਸ਼ਹਿਰੀ ਜਾਣਦਾ ਤੇ ਪਹਿਚਾਣਦਾ ਹੋਵੇਗਾ। ਪੰਜਾਬੀ ਮਹਿਫ਼ਲਾਂ ਦੀ ਉਹ ਜਿੰਦ-ਜਾਨ ਹਨ, ਹਿੰਦੀ ਵਾਲੇ ਉਨ੍ਹਾਂ ਨੂੰ ਪਿਆਰਦੇ ਹਨ ਅਤੇ ਉਰਦੂ ਵਾਲੇ ਉਨ੍ਹਾਂ ਦਾ ਮਾਨ ਤੇ ਸਤਿਕਾਰ ਕਰਦੇ ਆਏ ਹਨ। ਉਨ੍ਹਾਂ ਦੀ ਬੇ-ਗਰਜ਼ ਕੌਮੀ ਸੇਵਾ ਨੇ ਲੋਕਾਂ ਦੇ ਦਿਲਾਂ 'ਚ ਉਨ੍ਹਾਂ ਲਈ ਰੁਤਬਾ ਹੋਰ ਵੀ ਬੁਲੰਦ ਕਰ ਦਿਤਾ ਹੈ।

ਸੰਨ ੧੯੩੦—੩੧ ਦੀ ਕੌਮੀ ਲਹਿਰ ਵਿਚ ਚਾਹੇ ਮੇਰੀ ਤੇ ਉਨ੍ਹਾਂ ਦੀ ਜਾਣ-ਪਹਿਚਾਣ ਨਹੀਂ ਸੀ ਪਰ ਜਲ੍ਹਿਆਂ ਵਾਲੇ ਬਾਗ਼ ਤੇ ਹੋਰ ਜਲਸੇ-ਜਲੂਸਾਂ 'ਚ ਉਨ੍ਹਾਂ ਦੇ ਦਰਸ਼ਨ ਹੋ ਜਾਂਦੇ ਸਨ। ਸੰਨ ੧੯੨੬ ਵਿਚ ਪੰਜਾਬੀ ਸਭਾ ਕਾਇਮ ਹੋ ਚੁਕੀ ਸੀ। ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਹੀਰਾ ਸਿੰਘ ਜੀ 'ਦਰਦ' ਤੇ 'ਸ਼ਹੀਦ' ਜੀ ਦੇ ਨਾਲ 'ਖੰਨਾ' ਜੀ ਵੀ ਪੰਜਾਬੀ ਸਭਾ ਕਾਇਮ ਕਰਨ ਵਾਲਿਆਂ ਵਿਚ ਪ੍ਰਮੁਖ ਸਨ। ਸਭਾ ਦੀ ਸਰਪ੍ਰਸਤੀ ਹੇਠਾਂ ਸੰਨ ਅਠਾਈ ਤਕ ਚੰਗੇ-ਚੰਗੇ ਜਲਸੇ ਤੇ ਕਾਨਫ਼੍ਰੰਸਾਂ ਹੋ ਚੁਕੀਆਂ ਸਨ। ਇਸ ਲਈ ਕੌਮੀ ਸੇਵਾ 'ਚ ਲਗੇ ਹੋਏ ਸਾਹਿਤਕਾਰ ਤੇ ਕਵੀ ਦੋਸਤ ਖੰਨਾ ਜੀ ਦੇ ਨਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ।

ਮੁਦਤ ਤੋਂ ਬਾਅਦ

ਸੰਨ ੧੯੪੨ ਦੀ ਲਹਿਰ 'ਅੰਗਰੇਜ਼ੋ ਭਾਰਤ ਛੱਡੋ' ਵਿਚ ਮੇਰਾ ਛੋਟਾ ਭਰਾ ਗਰਿਫ਼ਤਾਰ ਹੋ ਗਿਆ ਸੀ, ਪਰ ਦੋ-ਚਾਰ ਦਿਨ ਉਸ ਦਾ ਪਤਾ ਨਾ ਲੱਗਾ ਕਿ ਉਹ ਕਿਸ ਥਾਂ ਜਾਂ ਕਿਸ ਕਾਰਾਗਾਰ 'ਚ ਹੈ। ਮੈਂ ਉਸ ਦੀ ਭਾਲ ਵਿਚ ਕਿਲਾ ਗੋਬਿੰਦਗੜ੍ਹ ਵਲ ਜਾ ਰਿਹਾ ਸਾਂ ਕਿ ਰਸਤੇ 'ਚ ਖੰਨਾ ਜੀ ਦਾ ਮੇਲ ਹੋ ਗਿਆ। ਸੰਨ ੩੦-੩੧ ਦੀ ਲਹਿਰ ਤੋਂ ਬਾਅਦ ਉਨ੍ਹਾਂ ਦੇ ਅੱਜ ਦਰਸ਼ਨ ਹੋਏ ਸਨ। ਉਸੇ ਤਰ੍ਹਾਂ ਬਦਾਮੀ ਖੱਦਰ ਦੇ ਕਪੜੇ, ਹੱਥ ਵਿਚ ਗਾਂਧੀ ਟੋਪੀ, ਖਿੜਿਆ ਮੱਥਾ, ਗੁਲਾਬ ਵਾਂਗ ਹਸਦਾ ਚਿਹਰਾ। ਪਰ ਮਜ਼ਾ ਇਹ ਕਿ ਉਹ ਹੁਣੇ-ਹੁਣੇ ਕਿਲੇ 'ਚੋਂ ਮਾਰ ਖਾ ਕੇ ਆ ਰਹੇ ਸਨ। ਮਾਰ ਦਾ ਗੁਸਾ-ਗਿਲਾ ਤਾਂ ਕਿਤੇ ਰਿਹਾ ਸਗੋਂ ਉਨ੍ਹਾਂ ਦੀ ਮਧੁਰ ਬਾਣੀ 'ਚੋਂ ਫੁਲ ਕਿਰ ਰਹੇ ਸਨ। ਮਸਤ ਯਾਰਾਂ ਦੀ ਗੱਲ ਤਾਂ ਇਹੋ ਹੁੰਦੀ ਹੈ—

'ਦੋ ਘੜੀਆਂ ਵਿਸਰ ਗਈਆਂ,
ਯਾਰਾਂ ਦੀਆਂ ਦੂਰ ਬਲਾਈਆਂ।'

ਜੀਵਨ-ਝਾਕੀ

ਚੌਕ ਲੋਹਗੜ੍ਹ ਸ਼ਹਿਰ ਦਾ ਬੜਾ ਰਮਣੀਕ ਤੇ ਗੋਲ ਚੌਕ ਹੈ। ਸਵੇਰ ਤੇ ਸ਼ਾਮ ਦੀ ਗਹਿਮਾ-ਗਹਿਮੀ, ਚੌਕ ਤੋਂ ਦਰਵਾਜ਼ੇ ਤਕ ਸਾਰੇ ਬਜ਼ਾਰ ਨੂੰ ਇਕ ਰੌਣਕ-ਦਾਰੀ ਬਜ਼ਾਰ ਬਣਾ ਦੇਂਦੀ ਹੈ। ਚੌਕ ਕੀ ਹੈ, ਫੁਲਾਂ, ਫਲਾਂ ਤੇ ਸਬਜ਼ੀਆਂ ਦਾ ਸੁੰਦਰ ਵਿਹੜਾ ਹੈ। ਚੌਕ 'ਚੋਂ ਇਕ ਗਲੀ ਖਟੀਕਾਂ ਦੀ ਢਾਬ ਨੂੰ ਜਾਂਦੀ ਹੈ। ਇਸ ਗਲੀ ਵਿਚ ਲਾਹੌਰੀ ਖੱਤਰੀਆਂ ਦੇ ਬਹੁਤ ਸਾਰੇ ਘਰ ਰਹਿੰਦੇ ਸਨ ਕੁਝ ਅਜ ਵੀ ਰਹਿੰਦੇ ਹਨ। ਏਸੇ ਗਲੀ ਵਿਚ ਲਾਲਾ ਰਾਜਾ ਰਾਮ ਜੀ ਦੇ ਘਰ ਸੰਨ ੧੯੦੭ ਨੂੰ ਇਕ ਸੁੰਦਰ ਬੱਚੇ ਦਾ ਜਨਮ ਹੋਇਆ। ਕੁਝ ਦਿਨਾਂ ਬਾਅਦ, ਗੁਰਾਂ ਦੀ ਪਵਿਤ੍ਰ ਨਗਰੀ ਵਿਚ ਇਸ ਬਚੇ ਦਾ ਨਾਂ 'ਗੁਰਾਂ ਦਿਤਾ' ਰਖਿਆ। ਮਾਤਾ ਹਰ ਕੌਰ ਨੇ ਬੜੇ ਲਾਡ ਤੇ ਪਿਆਰ ਨਾਲ ਬਚੇ ਦੀ ਪਾਲਣਾ ਕੀਤੀ। ਮਾਤਾ ਜੀ ਹਿੰਦੀ ਤੇ ਪੰਜਾਬੀ ਚੰਗੀ ਤਰ੍ਹਾਂ ਪੜ੍ਹ ਲਿਖ ਲੈਂਦੇ ਸਨ, ਧਾਰਮਿਕ ਬਿਰਤੀ ਦੇ ਹੋਣ ਕਾਰਨ ਘਰ ਵਿਚ ਕਦੀ ਗੀਤਾ ਦਾ ਪਾਠ ਤੇ ਕਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਂਦਾ ਸੀ। ਬਚਪਨ ਵਿਚ ਪੰਜਾਬੀ ਤੇ ਹਿੰਦੀ ਮਾਤਾ ਜੀ ਕੋਲੋਂ ਹੀ ਪੜ੍ਹੀ ਤੇ ਧਾਰਮਿਕ ਵਾਤਾਵਰਨ ਦਾ ਵੀ ਉਨ੍ਹਾਂ ਤੇ ਸਾਤਵਿਕ ਅਸਰ ਹੋਇਆ। ਇਹ ਉਹ ਸਮਾਂ ਸੀ ਕਿ ਅੰਮ੍ਰਿਤਸਰ ਦੀ ਕਪੜੇ ਦੀ ਮਾਰਕੀਟ ਚੜ੍ਹਦੀਆਂ ਕਲਾਂ ਵਿਚ ਜਾ ਰਹੀ ਸੀ। ਬੰਬਈ ਤੋਂ ਬਾਅਦ ਹੁਣ ਇਹ ਮਾਰਕੀਟ ਹੀ ਵੱਡੀ ਤੇ ਸਸਤੀ ਸਮਝੀ ਜਾਂਦੀ ਸੀ। ਸੋ ਇਨ੍ਹਾਂ ਦਿਨਾਂ ਵਿਚ ਮੁਨੀਮਾਂ ਦੀ ਬੜੀ ਕਦਰ ਸੀ। ਬਾਲਕ ਗੁਰਾਂ ਦਿਤਾ ਨੂੰ ਵੀ ਪਾਂਧੇ ਪਾਸ ਬੈਠਾ ਦਿਤਾ ਗਿਆ ਤਾਂਕਿ ਛੇਤੀ ਹੀ ਕਮਾਉਣ ਜੋਗਾ ਹੋ ਜਾਏ। ਕੁਝ ਸਾਲਾਂ ਵਿਚ ਹੀ ਉਹ ਪਾਂਧੇ ਦੀ ਪੜ੍ਹਾਈ ਖ਼ਤਮ ਕਰ ਕੇ ਇਕ ਦੁਕਾਨ ਤੇ ਬੈਠ ਗਏ

ਤੇ ਵਹੀ-ਖਾਤਾ ਸਿਖਿਆ । ਇਸ ਤੋਂ ਬਾਅਦ ਹੌਲੀ-ਹੌਲੀ ਚੰਗੇ ਮੁਨੀਮ ਹੋ ਗਏ ।

ਮੁਨੀਮੀ ਦੇ ਨਾਲ ਨਾਲ ਉਹ ਪੰਜਾਬੀ ਤੇ ਹਿੰਦੀ ਦਾ ਅਧਿਐਨ ਵੀ ਦਿਲ ਲਾ ਕੇ ਕਰਦੇ ਰਹੇ, ਉਨ੍ਹਾਂ ਦਿਨਾਂ ਵਿਚ ਕਲਕੱਤੇ ਤੋਂ ਇਕ ਦੈਨਿਕ ਅਖਬਾਰ 'ਭਾਰਤ-ਮਿਤ੍ਰ' ਨਿਕਲਦਾ ਸੀ । ਖੰਨਾ ਜੀ ਨੂੰ ਇਹ ਅਖਬਾਰ ਬਹੁਤ ਪਸੰਦ ਆਇਆ । ਖਾਸ ਕਰ ਇਸ ਅਖਬਾਰ ਦੇ ਸੰਪਾਦਕ ਪੰਡਤ ਲਛਮਣ ਨਾਰਾਇਨ 'ਗਰਦੇ' ਦੀ ਲੇਖਣ ਸ਼ੈਲੀ ਬਹੁਤ ਪਸੰਦ ਆਈ । ਇਸ ਤਰ੍ਹਾਂ ਉਨ੍ਹਾਂ ਦਾ ਸਾਹਿਤਕ ਸੂਹਜ-ਸਵਾਦ ਵਧਦਾ ਗਿਆ ।

ਖੰਨਾ ਜੀ ਦੇ ਮਾਤਾ ਪਿਤਾ ਉਨ੍ਹਾਂ ਦੀ ਕਚੈਰ ਅਵਸਥਾ ਵਿਚ ਹੀ ਨਾਤਾ ਤੋੜ ਕੇ ਤੁਰਦੇ ਹੋਏ, ਇਸ ਲਈ ਖੰਨਾ ਜੀ ਨੇ ਆਪਣੇ ਪੈਰਾਂ ਤੇ ਖੜੇ ਹੋ ਕੇ ਹੀ ਵਿਆਹ ਦਾ ਖਿਆਲ ਕੀਤਾ । ਵੀਹ-ਇਕੀ ਸਾਲ ਦੀ ਅਵਸਥਾ ਵਿਚ ਉਨ੍ਹਾਂ ਦੀ ਸ਼ਾਦੀ ਹੋ ਗਈ । ਬਾਈ ਸਾਲ ਦੀ ਉਮਰ ਵਿਚ ਉਨ੍ਹਾਂ ਲਿਖਣਾ ਸ਼ੁਰੂ ਕੀਤਾ । ਕਦੀ ਕਦੀ ਪੰਜਾਬੀ-ਸਾਹਿੱਤ ਬਾਰੇ ਹਿੰਦੀ ਵਿਚ ਲੇਖ ਲਿਖਦੇ ਰਹੇ । ਉਹ ਆਪਣੇ ਲੇਖ 'ਭਾਰਤ-ਮਿਤ੍ਰ' ਨੂੰ ਭੇਜਦੇ ਰਹੇ ਤੇ ਆਖਰ ਇਸੇ ਅਖਬਾਰ ਦੇ ਨਾਮਾ ਨਗਾਰ ਵੀ ਬਣ ਗਏ । ਪੰਡਤ ਲਛਮਨ ਨਰਾਇਨ 'ਗਰਦੇ' ਨੂੰ ਉਹ ਆਪਣਾ ਹਿੰਦੀ ਦਾ ਗੁਰੂ ਸਮਝਦੇ ਹਨ ਤੇ ਪੰਜਾਬੀ ਵਿਚ ਹੀਰਾ ਸਿੰਘ ਜੀ 'ਦਰਦ' ਨੂੰ ਆਪਣਾ ਰਹਿਬਰ ਜਾਣਦੇ ਹਨ ।

ਸੰਨ ੧੯੧੯ ਵਿਚ ਜਦ ਜਲਿਆਂ ਵਾਲੇ ਬਾਗ ਗੋਲੀ ਚੱਲੀ ਖੰਨਾ ਜੀ ਵੀ ਜਲਸੇ ਵਿਚ ਬਿਰਾਜਮਾਨ ਸਨ । ਵਰ੍ਹਦੀ ਗੋਲੀਆਂ 'ਚੋਂ ਬੜੀ ਮੁਸ਼ਕਿਲ ਨਾਲ ਇਨ੍ਹਾਂ ਦੀ ਜਾਨ ਬਚੀ ਸੀ । ਅੰਗਰੇਜ਼ਾਂ ਦਾ ਇਹ ਜ਼ੁਲਮ ਵੇਖ ਕੇ ਉਹ ਕੌਮੀ ਲਹਿਰ ਵਿਚ ਸ਼ਾਮਲ ਹੋ ਗਏ ਤੇ ਦੇਸ਼ ਸੇਵਾ ਵਿਚ ਲਗ ਪਏ । ਉਨ੍ਹਾਂ ਦਿਨਾਂ ਤੋਂ ਅੱਜ ਤਕ ਉਹ ਹੱਥ ਦੇ ਕੱਤੇ ਹੋਏ ਖੱਦਰ ਦੇ ਕਪੜੇ ਪਾਉਂਦੇ ਆ ਰਹੇ ਹਨ ।

ਨੌਕਰੀ ਵਿਚ ਤਾਂ ਖੰਨਾ ਜੀ ਨੂੰ ਗਿਣੇ-ਮਿਥੇ ਪੈਸੇ ਹੀ ਮਿਲਦੇ ਸਨ । ਹੁਣ ਕੁਝ ਗ੍ਰਹਿਸਤ ਦਾ ਭਾਰ ਵੱਧ ਜਾਣ ਕਰਕੇ ਤੇ ਕੁਝ ਆਪਣੀ ਆਜ਼ਾਦ ਤਬੀਅਤ ਦੇ ਕਾਰਨ ਉਨ੍ਹਾਂ ਨੌਕਰੀ ਛੱਡ ਦਿਤੀ । ਬਾਅਦ 'ਚ ਆਪਣਾ ਸ਼ਾਲ-ਦੁਸ਼ਾਲਿਆਂ ਦਾ ਕੰਮ ਸ਼ੁਰੂ ਕਰ ਦਿਤਾ । ਇਹ ਕੰਮ ਕੁਝ ਚਿਰ ਚੰਗਾ ਚਲਦਾ ਰਿਹਾ ।

ਆਪਣਾ ਮਾਲ ਵੇਚਣ ਲਈ ਉਨ੍ਹਾਂ ਨੂੰ ਅਕਸਰ ਕਲਕੱਤੇ ਜਾਣਾ ਪੈਂਦਾ ਸੀ । ਕਲਕੱਤੇ ਰਹਿਣ ਕਰਕੇ ਇਕ ਐਸੀ ਚੰਗੀ ਘਟਨਾ ਹੋਈ ਕਿ ਖੰਨਾ ਜੀ ਦੀ ਜ਼ਿੰਦਗੀ 'ਚ ਬਹੁਤ ਵੱਡਾ ਮੋੜ ਆਇਆ । ਅਚਾਣਕ ਇਕ ਥਾਂ ਉਨ੍ਹਾਂ ਦਾ ਮੇਲ ਇਕ ਨਵ-ਜਵਾਨੀ ਕੁਸਮ ਕੁਮਾਰੀ ਨਾਲ ਹੋਇਆ । ਇਹ ਬੰਗਾਲ ਦੀ ਇਨਕਲਾਬੀ ਪਾਰਟੀ 'ਚ ਕੰਮ ਕਰਦੀ ਸੀ । ਕੁਸਮ ਕੁਮਾਰੀ ਇਕ ਚੰਗੀ ਅਭਿਨੇਤ੍ਰੀ ਵੀ ਸੀ ਤੇ ਸਟਾਰ ਥੇਟਰ ਵਿਚ ਕੰਮ ਕਰਦੀ ਸੀ । ਧਾਰਮਿਕ ਤੌਰ ਤੇ ਇਹ ਬੁੱਧ-ਇਸਟ ਸੀ । ਖੰਨਾ ਜੀ ਦੀ ਵਾਕਫੀਅਤ ਜਿਥੇ ਕਰਾਂਤੀ ਕਾਰੀਆਂ ਨਾਲ ਵੱਧ ਰਹੀ ਸੀ । ਉਨ੍ਹਾਂ ਤੇ ਹੌਲੀ-ਹੌਲੀ ਬੁੱਧਮੱਤ ਦਾ ਅਸਰ ਵਧਦਾ ਗਿਆ । ਉਹ ਹਿੰਦੂ ਸਮਾਜ ਦੀਆਂ ਬੁਰਾਈਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਤੇ ਉਸ ਬਾਰੇ ਲਿਖਦੇ ਵੀ ਸਨ । ਕੁਝ ਇਨ੍ਹਾਂ ਕਾਰਨਾਂ ਕਰਕੇ ਹੀ ਉਨ੍ਹਾਂ ਨੂੰ ਬੁੱਧ-ਦਰਸ਼ਨ 'ਚ ਰੋਸ਼ਨੀ ਨਜ਼ਰ ਆਈ ਤੇ ਆਖਰ ਸਨਾਤਨੀ ਤੋਂ ਬੁਧ-ਇਸਟ ਬਣ ਗਏ । ਕਲਕੱਤੇ ਵਿਚ ਖੰਨਾ ਜੀ ਆਪਣੇ ਗੁਰੂ ਪੰਡਤ ਲਛਮਨ ਨਾਰਾਇਨ ਗਰਦੇ ਨੂੰ ਵੀ ਮਿਲਦੇ ਰਹੇ ਤੇ ਆਪਣੇ ਸਾਹਿੱਤਕ ਸ਼ੌਕ ਨੂੰ ਚਮਕਾਉਂਦੇ ਰਹੇ । ਉਹ ਏਥੇ ਬੰਗਲਾ ਸਾਹਿਤ ਤੋਂ ਪ੍ਰਭਾਵਤ ਹੋ ਕੇ ਬੰਗਾਲੀ ਵੀ ਪੜ੍ਹਦੇ ਰਹੇ । ਮਹਾਂ ਕਵੀ "ਟੈਗੋਰ' ਤੇ 'ਮਧੂ ਸੂਧਨ ਦੱਤ" ਆਦਿ ਦੀਆਂ ਕਵਿਤਾਵਾਂ ਉਨ੍ਹਾਂ ਨੂੰ ਬਹੁਤ ਪਸੰਦ ਆਈਆਂ । ਕਲਕੱਤੇ ਵਿਚ ਹੀ ਉਹ ਮੁਨਸ਼ਾ ਸਿੰਘ 'ਦੁਖੀ' ਹੋਰਾਂ ਨੂੰ ਮਿਲਦੇ ਤੇ ਰਸਾਲੇ 'ਕਵਿਤਾ' ਵਿਚ ਦਿਲਚਸਪੀ ਲੈਂਦੇ ਰਹੇ । ਮਾਰਕਿਟ 'ਚ ਮੰਦਾ ਹੋਣ ਦੇ ਕਾਰਨ ਖੰਨਾ ਜੀ ਵੱਡੇ ਬਿਪਾਰੀਆਂ ਦਾ ਮੁਕਾਬਲਾ ਨਾ ਕਰ ਸਕੇ । ਤੇ ਘਾਟੇ ਦੇ ਕਾਰਨ ਸਾਲਾਂ ਦਾ ਕੰਮ ਛੱਡ ਦਿੱਤਾ । ਬਚਿਆ ਮਾਲ ਵੇਚ ਕੇ, ਹੁਣ ਮੁਨਿਆਰੀ ਦੀ ਦੁਕਾਨ ਕਰ ਲੀਤੀ ਪਰ ਬਹੁਤਾ ਸਮਾਂ ਸਾਹਿਤਕ ਰੁਝੇਵਿਆਂ 'ਚ ਲੰਘਦਾ ਸੀ ਸੋ ਇਹ ਕੰਮ ਵੀ ਨਾ ਚਲ ਸਕਿਆ । ਖੰਨਾ ਜੀ ਆਪਣੀ ਸਾਹਿੱਤਕ ਲਗਨ ਤੇ ਆਪਣੇ ਕੰਮ ਬਾਰੇ ਇਸ ਤਰ੍ਹਾਂ ਲਿਖਦੇ ਹਨ :—

"ਪੜ੍ਹਣ ਲਿਖਣ ਦੀ ਚੇਟਕ ਪਟਿਆ,
ਰੱਖਿਆ ਸਦਾ ਨਿਖੱਟੂ ।"

ਸੰਨ ੧੯੩੦-੩੧ ਦੀ ਕੌਮੀ ਲਹਿਰ 'ਚ ਉਨ੍ਹਾਂ ਖੂਬ ਵੱਧ ਚੜ੍ਹ ਕੇ ਹਿੱਸਾ ਲੀਤਾ । ਮੋਰਚੇ ਲਾਏ, ਮਾਰਾਂ ਖਾਧੀਆਂ, ਕਾਂਗਰਸ ਲਈ ਪੈਸੇ ਇਕਠੇ ਕੀਤੇ, ਜਲਿਆਂ ਵਾਲੇ ਬਾਗ 'ਚ ਹਜ਼ਾਰਾਂ ਆਦਮੀਆਂ ਦੀ ਸੇਵਾ ਕਰਦੇ ਰਹੇ, ਨਾਲ ਹੀ ਪੰਜਾਬੀ ਪਰਚਾਰ ਦੇ ਕੰਮਾਂ 'ਚ ਲੱਗੇ ਰਹੇ । ਪੰਜਾਬੀ ਸਭਾ ਤਾਂ ਸੰਨ ੧੯੨੬ ਵਿਚ ਹੀ ਕਾਇਮ ਹੋ ਚੁੱਕੀ ਸੀ । ਪਰ ਹੌਲੀ-ਹੌਲੀ ਸਭਾ ਦਾ ਕੰਮ ਬਹੁਤ ਵਧਦਾ ਗਿਆ ਤੇ ਪੰਜਾਬੀ

ਪਰਚਾਰ ਦੀ ਲਗਨ ਵੀ ਤੇਜ਼ ਹੁੰਦੀ ਗਈ। ਜਨਵਰੀ ੧੯੩੧ ਵਿਚ "ਸੈਂਟਰਲ ਪੰਜਾਬੀ ਸਭਾ" ਕਾਇਮ ਕੀਤੀ ਗਈ ਤੇ 'ਖੰਨਾ' ਜੀ ਨੂੰ ਐਗਜ਼ੇਕਟਿਵ ਦਾ ਮੈਂਬਰ ਚੁਣਿਆ ਗਿਆ। ਇਸ ਕੇਂਦਰੀ ਸਭਾ ਨੇ ਬਾਅਦ 'ਚ ਬਹੁਤ ਵੱਡੇ-ਵੱਡੇ ਜਲਸੇ ਕੀਤੇ। ਇਨ੍ਹਾਂ ਸਭ ਕੰਮਾਂ 'ਚ ਖੰਨਾ ਜੀ ਨੇ ਵੀ ਪੂਰੀ ਲਗਨ ਨਾਲ ਕੰਮ ਕੀਤਾ, ਤੇ ਆਪਣੇ ਨਿਜੀ ਕੰਮ ਵਲ ਪੂਰੀ ਤਰ੍ਹਾਂ ਧਿਆਨ ਦੇ ਸਕੇ। ਇਸ ਤਰ੍ਹਾਂ ਉਨ੍ਹਾਂ ਦੀ ਮਨਿਆਰੀ ਦੀ ਦੁਕਾਨ ਵੀ ਠੱਪ ਹੋ ਗਈ, ਬੱਸ ਫਿਰ ਕੀ ਸੀ ਦਲਾਲੀ ਕਰਨ ਲੱਗ ਪਏ ਕਿਉਂਕਿ ਇਸ ਕੰਮ ਵਿਚ ਰਾਸ-ਪੂੰਜੀ ਦਾ ਲੋੜ ਨਹੀਂ ਸੀ। ਆਪਣੇ ਇਸ ਕੰਮ ਬਾਰੇ ਉਹ ਲਿਖਦੇ ਹਨ :—

"ਗੁਰਾਂ ਦਿੱਤਾ ਖੰਨਾ ਨਾਉਂ ਪੂਰਾ
ਅੰਮ੍ਰਿਤਸਰ ਦਾ ਵਾਸੀ,
ਜ਼ਾਤ ਖੱਤਰੀ, ਕੰਮ 'ਦਲਾਲ'
ਦਿਲ ਦਾ ਸਾਹਿੱਤ ਵਲਾਸੀ।"

ਵਸਾਦਾਂ ਤੋਂ ਬਾਅਦ ਅੰਮ੍ਰਿਤਸਰ ਵਿਚ "ਲੇਖ-ਲਿਖਾਰੀ ਸਭਾ" ਬਣੀ ਤੇ ਖੰਨਾ ਜੀ ਨੂੰ ਖਜ਼ਾਨਚੀ ਬਣਾਇਆ ਗਿਆ। ਇਹ ਕੰਮ ਉਹ ਕਈ ਸਾਲ ਬੜੀ ਕਾਮਯਾਬੀ ਨਾਲ ਨਿਭਾਉਂਦੇ ਰਹੇ।

ਸਾਹਿੱਤਕ ਸੇਵਾ

ਪੰਜਾਬੀ ਬੋਲੀ ਦੇ ਵਾਧੇ ਲਈ ਉਨ੍ਹਾਂ ਹਿੰਦੀ ਅਖਰਾਂ 'ਚ ਰਸਾਲਾ "ਪ੍ਰੇਮ" ਕਢਿਆ। ਪਰਚੇ ਦੀ ਬੋਲੀ ਬੜੀ ਸ਼ੁੱਧ ਪੰਜਾਬੀ ਹੁੰਦੀ ਸੀ। ਕੁਝ ਕਾਰਨਾਂ ਕਰਕੇ ਇਹ ਰਸਾਲਾ ਬੰਦ ਕਰਨਾ ਪਿਆ ਪਰ ਸੰਨ ੧੯੨੬ ਵਿਚ ਉਨ੍ਹਾਂ ਅੰਮ੍ਰਿਤਸਰ ਤੋਂ ਰਸਾਲਾ 'ਬਸੰਤ' ਪ੍ਰਕਾਸ਼ਨ ਕੀਤਾ, ਇਹ ਪੰਜਾਬੀ ਲਿਪੀ ਵਿਚ ਹੀ ਸੀ। ਸੰਨ ੧੯੨੭ ਵਿਚ ਉਨ੍ਹਾਂ ਕਹਾਣੀਆਂ ਦੀ ਪੁਸਤਕ ਛਪਵਾਈ। ਪੁਸਤਕ ਦਾ ਨਾਂ 'ਚੋਣਵੇਂ ਫੁੱਲ' ਰੱਖਿਆ। ਇਸ ਪੁਸਤਕ 'ਚ ਮੌਲਕ ਕਹਾਣੀਆਂ ਦੇ ਨਾਲ ਬੰਗਲਾ ਤੇ ਹਿੰਦੀ ਤੋਂ ਅਨੁਵਾਦਿਤ ਕਹਾਣੀਆਂ ਵੀ ਸਨ। ਇਸ ਤੋਂ ਬਾਅਦ 'ਮਹਾਤਮਾ ਬੁੱਧ' ਵਾਰਤਕ ਵਿਚ ਛਪੀ। ਇਨ੍ਹਾਂ ਹੀ ਦਿਨਾਂ 'ਚ ਉਨ੍ਹਾਂ 'ਜਾਤਕ-ਕਥਾਵਾਂ, ਤੇ 'ਪੰਜ-ਤੰਤ੍ਰ ਦੀਆਂ ਕਹਾਣੀਆਂ ਪੰਜਾਬੀ ਵਿਚ ਅਨੁਵਾਦ ਕੀਤੀਆਂ। ਨਾਲ ਹੀ 'ਮੌਜੀ' ਤੇ 'ਹੰਸ' ਵਿਚ ਲੇਖ ਲਿਖਦੇ ਰਹੇ। ਇਹ ਉਨ੍ਹਾਂ ਦੇ ਪਹਿਲੇ ਕੰਮ ਹਨ।

ਹੋਰ ਸ਼ੌਕ

ਖੰਨਾ ਜੀ ਨੂੰ ਸਾਹਿਤਕ ਸ਼ੌਕ ਤੋਂ ਬਿਨਾਂ, ਸੈਰ-ਸਪਾਟੇ ਦਾ ਬੜਾ ਸ਼ੌਕ ਰਿਹਾ ਹੈ। ਉਨ੍ਹਾਂ ਇਕ ਪਾਸੇ ਅੰਮ੍ਰਿਤਸਰ ਤੋਂ ਬਨਾਰਸ ਤੇ ਕਲਕੱਤੇ ਦੀ ਸੈਰ ਕੀਤੀ ਹੈ। ਦੂਸਰੇ ਪਾਸੇ ਬੰਬਈ ਤੋਂ ਰਮੇਸ਼ਵਰ ਤਕ ਗਏ ਹਨ। ਇਕ ਗੇੜਾ ਉਨ੍ਹਾਂ ਕਰਾਚੀ, ਕੋਇਟੇ ਦਾ ਤੇ ਚਮਨ ਦਾ ਵੀ ਲਾਇਆ ਹੈ। ਇਸ ਤਰ੍ਹਾਂ ਉਨ੍ਹਾਂ ਭਾਰਤ ਦੀ ਚੰਗੀ ਸੈਰ ਕੀਤੀ ਤੇ ਆਪਣੇ ਦੇਸ ਦੇ ਕਮਾਲਾਂ ਨੂੰ ਚੰਗੀ ਤਰ੍ਹਾਂ ਦੇਖਿਆ ਹੈ। ਇਸ ਸ਼ੌਕ ਤੋਂ ਉਪਰੰਤ ਉਨ੍ਹਾਂ ਨੂੰ ਚਿੱਤ੍ਰ ਕਲਾ ਤੇ ਇਤਿਹਾਸ ਦੀ ਪੜ੍ਹਾਈ ਦਾ ਬੜਾ ਸ਼ੌਕ ਰਿਹਾ ਹੈ। ਪਰ ਸਭ ਤੋਂ ਤੀਬਰ ਲਗਨ ਉਨ੍ਹਾਂ ਨੂੰ ਸਿਨਮਾ ਦੇਖਣ ਦੀ ਹੈ। ਉਨ੍ਹਾਂ ਚੰਗੀਆਂ ਚੰਗੀਆਂ ਪੁਸਤਕਾਂ ਦੀ ਇਕੱਠੀਆਂ ਕੀਤੀਆਂ ਸਨ ਪਰ ਅਫ਼ਸੋਸ ਕਿ ਉਹ ਲਾਹੌਰ ਹੀ ਰਹਿ ਗਈਆਂ।

ਹਿੰਦੀ ਲਿਖਾਰੀਆਂ 'ਚੋਂ ਉਨ੍ਹਾਂ ਨੂੰ :—

ਸ੍ਰੀ ਬਾਲਮੁਕੰਦ ਜੀ 'ਗੁਪਤ' ਭਾਰਤ ਇੰਦੂ, ਹਰੀਸ਼ ਚੰਦਰ, ਗੋਬਿੰਦ ਨਾਰਾਇਣ ਮਿਸਰਾ, ਮੈਥਲੀ ਸ਼ਰਨ 'ਗੁਪਤ' ਜੈ ਸ਼ੰਕਰ ਤੇ ਪ੍ਰੇਮ ਚੰਦਰ ਬਹੁਤ ਪਸੰਦ ਹਨ। ਪੰਜਾਬੀ ਦੇ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਤੋਂ ਲੈ ਕੇ ਹੁਣ ਤਕ ਦੇ ਚੰਗੇ ਲਿਖਾਰੀ ਸਭ ਉਨ੍ਹਾਂ ਦੇ ਮਿੱਤ੍ਰ ਹਨ। ਖੰਨਾ ਜੀ ਆਪਣੀ ਆਪਣੀ ਥਾਂ ਸਭ ਨੂੰ ਚੰਗਾ ਸਮਝਦੇ ਹਨ। ਇਹ ਉਨ੍ਹਾਂ ਦੇ ਸ਼ੁੱਧਵਾਦੀ ਫਲਸਫੇ ਦਾ ਪ੍ਰਤੱਖ ਪ੍ਰਮਾਣ ਹੈ।

ਕਾਵਿ ਪੁਸਤਕਾਂ ਬਾਰੇ

ਸੰਨ ੧੯੪੭ ਤੋਂ ਬਾਅਦ ਜਿੱਥੇ ਕਈ ਪੰਜਾਬੀ ਲਿਖਾਰੀ ਹਿੰਦੀ ਵੱਲ ਝੁਕੇ, ਓਥੇ ਖੰਨਾ ਜੀ ਹਿੰਦੀ ਨੂੰ ਤਿਆਗ ਕੇ ਪੂਰਨ ਤੌਰ ਤੇ ਮਾਤ-ਭਾਸ਼ਾ ਦੀ ਸੇਵਾ ਵਲ ਲੱਗੇ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਪੈਸੇ ਤੋਂ ਵਧ ਆਪਣੀ ਬੋਲੀ ਨਾਲ ਪਿਆਰ ਹੈ। ਉਨ੍ਹਾਂ ਦੀਆਂ ਦੋ ਪੁਸਤਕਾਂ 'ਕੌਮੀ ਲਹਿਰਾਂ' ਤੇ 'ਅਮਰ-ਜੋਤੀ' ਪ੍ਰਕਾਸ਼ਮਾਨ ਹੋ ਚੁਕੀਆਂ ਹਨ। 'ਕੌਮੀ ਲਹਿਰਾਂ' ਸੰਨ ੧੯੫੫ ਵਿਚ ਛਪੀ ਸੀ। ਇਸ ਪੁਸਤਕ ਵਿਚ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਲੇ ਸ਼ਹੀਦਾਂ ਦੇ ਕਾਰਨਾਮੇਂ ਅੰਕਤ ਕੀਤੇ ਗਏ ਹਨ।

ਕਵੀ ਸ਼ਾਹ ਮੁਹੰਮਦ (੧੭੮੦-੧੮੬੨) ਨੇ ਪੰਜਾਬ ਦੀ ਸੁਤੰਤਰਤਾ ਲਈ ਸੰਨ ੧੮੪੫ ਤੇ ੪੬ ਵਿਚ ਕੁਰਬਾਨ ਹੋਣ ਵਾਲੇ ਬਹਾਦਰਾਂ ਦੇ ਗੀਤ ਗਾਏ ਸਨ। ਮੁੱਦਕੀ ਤੇ ਸਭਰਾਉਂ ਦੀ ਲੜਾਈ ਵਿਚ ਪੰਜਾਬੀ ਜਵਾਨਾਂ ਦੀ ਬਹਾਦਰੀ ਦੇਖ ਕੇ ਦੁਸ਼ਮਣ ਵੀ ਅਸ਼-ਅਸ਼ ਕਰ ਉਠੇ ਸਨ। ਤੇ ਇਕ ਦੇਸ਼ ਭਗਤ ਕਵੀ ਦੀ ਕਲਮ ਉਨ੍ਹਾਂ ਦੀ ਉਸਤਤ ਕਰ ਕੇ ਕਿਉਂ ਨਾ ਆਪਣੇ

ਜੀਵਨ ਨੂੰ ਸਫਲ ਬਣਾਏ । ਖੰਨਾ ਜੀ ਵੀ ਸ਼ਾਹ ਮੁਹੰਮਦ ਵਾਂਗ ਦੇਸ਼ ਭਗਤ ਤੇ ਇਤਿਹਾਸਕਾਰ ਕਵੀ ਹਨ । ਇਹ ਚੀਜ਼ ਉਨ੍ਹਾਂ ਦੇ ਅਸਲੀ ਜੀਵਨ ਤੋਂ ਸਾਫ਼ ਨਜ਼ਰ ਆਉਂਦੀ ਹੈ ।

ਕਵੀ 'ਭੂਸ਼ਨ' ਨੇ ਸੇਵਾ ਜੀ ਬਾਰੇ ਲਿਖਿਆ ਸੀ । ਕਵੀ 'ਲਾਲ' ਜੀ ਨੇ ਬਹਾਦਰ ਪਿਤਾ-ਪੁੱਤਰ ਚੰਪਤ ਰਾਏ ਤੇ ਛੱਤਰ ਸਾਲ ਬਾਰੇ ਲਿਖਿਆ। ਕਵੀ 'ਸ਼ਾਹ ਮੁਹੰਮਦ' ਤੇ 'ਮਟਕ' ਨੇ ਸ. ਸ਼ਾਮ ਸਿੰਘ ਜੀ ਅਟਾਰੀ ਵਾਲਿਆਂ ਤੇ ਲਿਖ ਕੇ ਆਪਣੀ ਲੇਖਣੀ ਨੂੰ ਅਮਰ ਕੀਤਾ । ਇਸੇ ਤਰ੍ਹਾਂ ਖੰਨਾ ਜੀ ਨੇ ਵੀ, ਕੰਵਰ ਸਿੰਘ, ਤਾਂਤੀਆ ਟੋਪੇ, ਲਛਮੀ ਬਾਈ, ਗੁਰੂ ਰਾਮ ਸਿੰਘ ਤੇ ਹੋਰ ਆਜ਼ਾਦੀ ਦੇ ਪੁਜਾਰੀਆਂ ਬਾਰੇ ਲਿਖਿਆ । ਉਨ੍ਹਾਂ ਨੇ ਨਵੇਂ ਜ਼ਮਾਨੇ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੋਂ ਲੈ ਕੇ ਭਗਤ ਸਿੰਘ ਤਕ ਦੇ ਸੋਹਲੇ ਗਾਏ ਹਨ । ਸ਼ੁਰੂ ਤੋਂ ਇਤਿਹਾਸ ਦੀ ਲਗਨ ਹੋਣ ਕਰਕੇ ਖੰਨਾ ਜੀ ਨੇ ਆਪਣੀ ਕਵਿਤਾ ਵਿਚ ਤਰੀਖ ਤੇ ਸੰਨ ਦਾ ਪੂਰੀ ਤਰ੍ਹਾਂ ਧਿਆਨ ਰਖਿਆ ਹੈ ਤੇ ਕਈ ਲੜਾਈਆਂ ਉਨ੍ਹਾਂ ਆਪਣੀ ਅੱਖੀਂ ਵੀ ਦੇਖੀਆਂ ਹਨ ।

ਖੰਨਾ ਜੀ ਨੇ ਕਵੀ 'ਨਜਾਬਤ' ਵਾਂਗ ਕਲਪਨਾ ਤੋਂ ਕੰਮ ਨਹੀਂ ਲਿਆ ਸਗੋਂ ਸ਼ਾਹ ਮੁਹੰਮਦ ਵਾਂਗ ਵਾਸਤਵਿਕ ਤੇ ਯਥਾਰਥਕ ਰੂਪ ਨੂੰ ਹੀ ਚਿਤ੍ਰਿਆ ਹੈ ।

ਖੰਨਾ ਜੀ ਸ਼ਾਹ ਮੁਹੰਮਦ ਵਾਂਗ ਹੀ ਦਿਆਨਤਦਾਰ ਤੇ ਸਾਫ਼-ਗੋ ਕਵੀ ਹਨ । ਉਨ੍ਹਾਂ ਚੰਗਿਆਂ ਨੂੰ ਚੰਗੇ ਤੇ ਬੁਰਿਆਂ ਨੂੰ ਬੁਰੇ ਕਿਹਾ ਹੈ । ਉਨ੍ਹਾਂ ਨੇ ਕੌਮ ਦੀਆਂ ਖ਼ਾਮੀਆਂ ਤੇ ਊਣਤਾਈਆਂ ਵਲ ਸਗੋਂ ਖ਼ਾਸ ਖ਼ਿਆਲ ਦਿਤਾ ਹੈ । ਜਦ ਕਾਂਗਰਸ ਵਰਗੀ ਜਮਾਤ ਵੀ ਆਪਣੇ ਅਸੂਲਾਂ ਤੋਂ ਥਿੜਕਦੀ ਹੈ ਤਾਂ ਖੰਨਾ ਜੀ ਉਸ ਨੂੰ ਵੀ ਸਖ਼ਤ ਤਾੜਨਾ ਕਰਦੇ ਹਨ । ਜੇ ਦੂਸਰੀ ਕੋਈ ਪਾਰਟੀ ਲੋਕ ਭਲਾਈ ਦਾ ਕੰਮ ਕਰਦੀ ਹੈ ਤਾਂ ਖੰਨਾ ਜੀ ਉਸ ਦੀ ਸਿਫ਼ਤ ਕਰਦੇ ਹਨ । ਰਾਜਨੀਤਕ ਤੌਰ ਤੇ ਖੰਨਾ ਜੀ ਗਾਂਧੀ ਜੀ ਦੇ ਚੇਲੇ ਹਨ ਤੇ ਧਾਰਮਿਕ ਤੌਰ ਤੇ ਭਗਵਾਨ ਬੁਧ ਨੂੰ ਆਪਣਾ ਇਸ਼ਟਦੇਵ ਸਮਝਦੇ ਹਨ । ਇਹ ਦੋ ਧਾਰਾਂ ਉਨ੍ਹਾਂ ਦੀ ਕਵਿਤਾ ਦੀ ਜਿੰਦ-ਜਾਨ ਹਨ । ਇਨ੍ਹਾਂ ਦੋ ਧਾਰਾਂ ਤੋਂ ਉਪਜੇ ਹੀ ਵੱਖ-ਵੱਖ ਖ਼ਿਆਲ ਉਨ੍ਹਾਂ ਦੀਆਂ ਕਾਵਿ ਪੁਸਤਕਾਂ ਵਿਚ ਆਏ ਹਨ । ਪਰ ਉਨ੍ਹਾਂ ਆਪਣੇ ਵਿਚਾਰਾਂ ਨੂੰ ਪੂਰੀ ਇਮਾਨਦਾਰੀ ਨਾਲ ਰੂਪਮਾਨ ਕੀਤਾ ਹੈ । ਉਨ੍ਹਾਂ ਦਾ ਜੀਵਨ ਤੇ ਕਵਿਤਾ ਅੰਦਰੋਂ ਬਾਹਰੋਂ ਇਕ ਹਨ । ਜਦ ਗਾਂਧੀ ਜੀ ਦੇ ਅਸੂਲਾਂ ਤੋਂ ਕਾਂਗਰਸ ਥਿੜਕਦੀ ਹੈ ਤਾਂ ਖੰਨਾ ਜੀ ਖਰੀਆਂ-ਖਰੀਆਂ ਸੁਣਾਉਣ ਲਈ ਤਿਆਰ ਹੋ ਜਾਂਦੇ ਹਨ । ਸੰਨ ੧੯੪੭ ਦੇ ਘਲੂਘਾਰੇ ਬਾਰੇ ਲਿਖਦਿਆਂ ਇਕ ਥਾਂ ਜ਼ੋਰਦਾਰ ਸ਼ਬਦਾਂ ਵਿਚ ਕਹਿੰਦੇ ਹਨ:—

"ਪਹਿਲੇ ਵਰਗੀ ਨੈਤਕ ਤਾਕਤ,
ਕਾਂਗਰਸੀਆਂ ਦੇ ਵਿਚ ਵੀ—
ਨਹੀਂ ਰਹੀ ਸੀ ਕੌਮੀਅਤ ਦੀ,
ਮਾਨੁਖਤਾ ਦੀ ਖਿੱਚ ਵੀ ।
ਨਹੀਂ ਤਾਂ ਓਹ ਵਿਚ ਮੈਦਾਨੀ,
ਆਉਂਦੇ ਤੇ ਕੁਝ ਕਰਦੇ ।
ਮਜ਼ਲੂਮਾਂ ਦੀ ਖ਼ਾਤਰ ਜੋ ਵੀ,
ਦੁਖ ਮਿਲਦਾ ਉਹ ਜਰਦੇ ।
ਕੋਈ 'ਗਣੇਸ਼ ਸ਼ੰਕਰ' ਦੇ ਵਾਂਗੂ,
ਮੂਲ ਨ ਨਿਕਲਿਆ ਸੂਰਾ ।"

ਐਸੇ ਤਰ੍ਹਾਂ ਦੀ ਇਮਾਨਦਾਰੀ ਦੇ ਸਬੂਤ ਉਨ੍ਹਾਂ ਦੀ ਕਵਿਤਾ ਵਿਚ ਥਾਂ ਪਰ ਥਾਂ ਮਿਲਦੇ ਹਨ । ਉਪਰੋਕਤ ਤੁਕਾਂ ਕਾਂਗਰਸ ਦੇ ਵੱਡੇ ਗੱਦੀ ਦਾਰਾਂ ਤੇ ਵੀ ਚੋਟ ਹੈ ਜੋ ਆਪਣੇ ਆਪ ਨੂੰ ਨੈਸ਼ਨਲਿਸਟ ਤੇ ਪਕੇ ਹਿੰਦੁਸਤਾਨੀ ਕਹਿੰਦੇ ਹਨ । ਪਰ ਖੰਨਾ ਜੀ ਦੀ ਨਜ਼ਰ ਵਿਚ ਪੱਕਾ ਤੇ ਪੂਰਾ ਹਿੰਦੁਸਤਾਨੀ 'ਗਣੇਸ਼ ਸ਼ੰਕਰ' ਹੀ ਸੀ, ਜੋ ਕਾਹਨਪੁਰ ਵਿਚ, ਲੜਦੇ ਹਿੰਦੂ ਤੇ ਮੁਸਲਮਾਨਾਂ ਨੂੰ ਛੁਡਾਂਦੇ ਹੋਏ ਸ਼ਹੀਦ ਹੋਏ ਸਨ । ਐਸੇ ਆਦਮੀ ਹੀ ਜ਼ਾਤ-ਪਾਤ ਤੋਂ ਉੱਚੇ ਤੇ ਸੁਚੇ ਭਾਰਤੀ ਹੋ ਸਕਦੇ ਹਨ ।

ਅਫ਼ਸੋਸ ਇਸ ਗੱਲ ਦਾ ਹੈ ਕਿ ਕਾਂਗਰਸ ਭਾਰਤ ਵਾਸੀਆਂ ਨੂੰ ਇਕ ਕੌਮ ਜਾਂ ਹਿੰਦੁਸਤਾਨੀ ਨਾ ਬਣਾ ਸਕੀ । ਬਾਹਰ ਦੇ ਰੂਪ ਤੋਂ ਕੁਝ ਕਾਮਯਾਬੀ ਉਸ ਨੂੰ ਜ਼ਰੂਰ ਹੋਈ ਪਰ ਭਾਰਤ ਵਾਸੀ ਇਕ ਜਾਨ ਨ ਹੋ ਸਕੇ । ਉਹ ਪਹਿਲਾਂ ਹਿੰਦੂ, ਸਿਖ ਤੇ ਮੁਸਲਮਾਨ ਹੀ ਰਹੇ, ਤੇ ਬਾਅਦ ਵਿਚ ਹਿੰਦੁਸਤਾਨੀ ਬਣੇ । ਅਸਲ ਵਿਚ ਇਕ ਗ਼ਲਤੀ ਕਾਂਗਰਸ ਕੋਲੋਂ ਸ਼ੁਰੂ ਵਿਚ ਹੀ ਹੋ ਗਈ । ਇਸ ਬੁਨਿਆਦੀ ਗ਼ਲਤੀ ਨੇ ਹੀ ਸਾਨੂੰ ਹਿੰਦੁਸਤਾਨੀ ਨਾ ਹੋਣ ਦਿਤਾ ।

ਕਾਂਗਰਸ ਨੇ ਜਦ ਪਹਿਲਾ-ਪਹਿਲ ਆਪਣੇ ਰਾਜ ਜਾਂ ਸੁਰਾਜ ਦਾ ਨਾਹਰਾ ਲਾਇਆ ਤਾਂ ਉਨ੍ਹਾਂ ਕੋਈ ਨਵੀਂ-ਨਰੋਈ ਰਾਜ-ਬਣਤਰ ਲੋਕਾਂ ਸਾਹਮਣੇ ਨਾ ਰੱਖੀ । ਹਿੰਦੂ ਕਾਂਗਰਸੀ ਲੀਡਰਾਂ ਸੁਰਾਜ ਨੂੰ ਪੁਰਾਣੇ ਰਾਮ ਰਾਜ ਵਰਗਾ ਦਸਿਆ ਤੇ ਮੁਸਲਮਾਨ ਕਾਂਗਰਸੀ ਲੀਡਰਾਂ ਖ਼ਲੀਫ਼ਿਆਂ ਦੇ ਸਮੇਂ ਵਾਲਾ ਇਸਲਾਮੀ ਰਾਜ ਆਖਿਆ । ਐਸੇ ਤਰ੍ਹਾਂ ਦੂਸਰੇ ਲੀਡਰਾਂ ਵੀ

ਸੁਰਾਜ ਨੂੰ ਪੁਰਾਣੇ ਸਮੇਂ ਵਰਗਾ ਰਾਜ ਹੀ ਦਰਸਾਇਆ। ਇਸ ਲਈ ਲੋਕ ਸਗੋਂ ਪੁਰਾਣੇ ਸਮਿਆਂ ਦੇ ਹੀ ਸੁਪਨੇ ਲੈਣ ਲਗ ਪਏ ਤੇ ਭਾਰਤੀਆਂ ਵਿਚ ਛੂਆ-ਛੂਤ ਤੇ ਊਚ-ਨੀਚ ਉਸੇ ਤਰ੍ਹਾਂ ਬਣੀ ਰਹੀ। ਇਸ ਤਰ੍ਹਾਂ ਨਾ ਹੀ ਹਿੰਦੂ-ਮੁਸਲਮਾਨਾਂ ਦਾ ਲਿਬਾਸ ਇਕ ਹੋਇਆ ਜੋ ਕਿ ਕੌਮੀ ਲਿਬਾਸ ਬਣ ਜਾਂਦਾ, ਤੇ ਨਾ ਹੀ ਨਵੇਂ ਤੇ ਚੰਗੇ ਰਾਜ ਦੀ ਏਕਤਾ ਵਲ ਉਨ੍ਹਾਂ ਦਾ ਧਿਆਨ ਗਿਆ। ਇਸੇ ਲਈ ਅਸੀਂ ਪੂਰੇ ਹਿੰਦੁਸਤਾਨੀ ਨਾ ਬਣ ਸਕੇ ਤੇ ਨਾਂ ਹੀ ਭੇਦ-ਭਾਵ ਨੂੰ ਦੂਰ ਕਰ ਸਕੇ। ਏਸੇ ਕਾਰਨ ਖੰਨਾ ਜੀ ਦੇ ਕਹਿਣ ਮੁਤਾਬਕ ਸੰਨ ੧੮੫੭ ਵਰਗੇ ਘੱਲੂਘਾਰੇ ਵੇਲੇ ਵੀ ਸਾਨੂੰ ਪੂਰਨ ਹਿੰਦੁਸਤਾਨੀ ਲੀਡਰ ਨਾ ਮਿਲ ਸਕੇ ਤੇ ਭੇਦ-ਭਾਵ ਨੂੰ ਉਕਸਾਉਣ ਵਾਲੇ ਸ਼ੈਤਾਨ ਦੀ ਜੀ ਜੈ ਹੋਈ।

ਜ਼ਾਤ-ਪਾਤ ਤੇ ਛੂਤ-ਛਾਤ ਨੇ ਜਿਥੇ ਭਾਰਤ ਨੂੰ ਬਹੁਤ ਕਮਜ਼ੋਰ ਕੀਤਾ ਹੈ ਉਥੇ ਪਹਿਲੀ ਆਜ਼ਾਦੀ ਦੀ ਜੰਗ ਵਿਚ ਹਾਰਨ ਦਾ ਇਕ ਇਹ ਹੀ ਕਾਰਨ ਹੈ। ਸੰਨ ੧੮੫੭ ਦੀ ਲੜਾਈ ਵਿਚ ਯੋਗ ਕਮਾਂਡਰਾਂ ਦਾ ਬੜਾ ਘਾਟਾ ਸੀ। ਦਿੱਲੀ ਵਿਚ 'ਬਖ਼ਤ ਖਾਨ' ਨੂੰ ਕਮਾਂਡਰ ਬਣਾਇਆ ਗਿਆ ਜੋ ਕਿ ਬੜਾ ਜਾਨਬਾਜ਼ ਤੇ ਸਿਆਣਾ ਸੀ। ਏਸੇ ਤਰ੍ਹਾਂ ਲਖਨਊ ਵਿਚ 'ਅਹਿਮਦ ਸ਼ਾਹ' ਨੂੰ ਕਮਾਂਡਰ ਬਣਾਇਆ। ਇਹ ਵੀ ਬੜਾ ਯੋਗ, ਲੜਾਕਾ ਤੇ ਅਜ਼ਮਾਇਆ ਹੋਇਆ ਸਰਦਾਰ ਸੀ। ਪਰ ਅਫ਼ਸੋਸ ਕਿ ਛੋਟੇ ਅਫ਼ਸਰਾਂ ਜੋ ਕਿ ਜ਼ਾਤ-ਪਾਤ ਦੇ ਅਭਿਮਾਨੀ ਸਨ ਉਨ੍ਹਾਂ 'ਅਹਿਮਦ ਸ਼ਾਹ' ਦੀ ਕਮਾਂਡ ਹੇਠਾਂ ਲੜਨ ਤੋਂ ਨਾਂਹ ਕਰ ਦਿਤੀ ਕਿਉਂਕਿ ਉਸ ਨੂੰ ਛੋਟੀ ਜ਼ਾਤ ਦਾ ਸਮਝਿਆ ਜਾਂਦਾ ਸੀ। ਛੋਟੇ ਅਫ਼ਸਰਾਂ ਬਾਕੀ ਫ਼ੌਜੀਆਂ ਨੂੰ ਵੀ ਲੜਨ ਤੋਂ ਰੋਕ ਦਿਤਾ। ਖੰਨਾ ਜੀ ਇਸ ਬਾਬਤ ਲਿਖਦੇ ਹਨ:—

"ਦ ਜੁਲਾਈ ਬਖ਼ਤ ਖਾਨ ਨੂੰ,
ਦਿਤੀ ਇਹ ਵਡਿਆਈ।
ਪਰ ਇਹ ਵੇਖ ਜ਼ਾਤ ਦਾ ਨੀਵਾਂ,
ਫ਼ੌਜੀਆ ਬੁੜ-ਬੁੜ ਲਾਈ।
ਅਹਿਮਦ ਸ਼ਾਹ ਹੈ ਨੀਚ ਜ਼ਾਤੀਆ,
ਜਾਵੇ ਨ ਗਲ ਸਹਾਰੀ।
ਲੜੀਏ ਅਸੀਂ ਹੁਕਮ ਮੰਨ ਉਸਦਾ,
ਇਹ ਹੈ ਹੇਠੀ ਭਾਰੀ।"[2]

ਖੰਨਾ ਜੀ ਦੀ ਇਹ ਚਿਤਾਵਨੀ ਅਜ ਵੀ ਸਾਨੂੰ ਜ਼ਾਤ-ਪਾਤ ਦਾ ਅਭਿਮਾਨ ਤਿਆਗ ਕੇ ਹਿੰਦੁਸਤਾਨੀ ਬਣਨ ਲਈ ਪ੍ਰੇਰ ਰਹੀ ਹੈ। ਸਾਡੇ ਆਗੂ ਜੇ ਆਪਣੀਆਂ ਖ਼ਾਮੀਆਂ ਵਲ ਧਿਆਨ ਦੇਣ ਤਾਂ ਕੀ ਕੁਝ ਨਹੀਂ ਹੋ ਸਕਦਾ।

ਜਿਥੇ ਖੰਨਾ ਜੀ ਦੀਆਂ ਦਰਸਾਈਆਂ ਉਲਣਤਾਈਆਂ ਸਾਨੂੰ ਅਗੋਂ ਲਈ ਸਬਕ ਦੇਂਦੀਆਂ ਹਨ ਉਥੇ ਉਨ੍ਹਾਂ ਦੀ ਉਤਸ਼ਾਹ ਭਰਪੂਰ ਬਾਣੀ, ਸਾਨੂੰ ਉੱਨਤੀ ਲਈ ਪ੍ਰੇਰਦੀ ਹੈ।

'ਕੌਮੀ ਲਹਿਰਾਂ' ਉਨ੍ਹਾਂ ਦੀ ਓਜ-ਗੁਣ ਵਾਲੀ ਰਚਨਾ ਹੈ ਤੇ ਥਾਂ ਪਰ ਥਾਂ ਬੀਰ ਰਸ ਨੇ ਉਨ੍ਹਾਂ ਦੀ ਬਾਣੀ ਵਿਚ ਇਕ ਚਮਤਕਾਰ ਪੈਦਾ ਕਰ ਦਿਤਾ ਹੈ। ਰਾਣੀ ਝਾਂਸੀ ਬਾਰੇ ਕੁਝ ਤੁਕਾਂ ਉਪਰੋਕਤ ਗੱਲ ਦਾ ਪਰਤੱਖ ਪ੍ਰਮਾਣ ਹੈ—

'ਜਿਉਂ ਦੁਰਗਾ, ਰਣ ਦੇ ਵਿਚ ਝਣਕੇ,
ਦੈਂਤਾਂ ਦੇ ਦਲ ਡਾਰੇ।
ਤਿਉਂ ਰਾਣੀ ਰਣ-ਚੰਡੀ ਵਾਂਗ ਕੇ,
ਦਸੇ ਹਥ ਕਰਾਰੇ।
ਰਾਣੀ ਦਾ ਜੰਗ ਦੇਖ ਦੰਗਕਾ,
ਦਿਲ ਅੰਦਰ ਘਬਰਾਈ।
ਮੈਂ ਤਾਂ ਇਕੋ-ਇਕ ਸਾਂ ਜਗ ਤੇ,
ਕੌਣ ਦੂਸਰੀ ਆਈ।'[3]

ਇਹ ਤੁਕਾਂ ਬੀਰ ਰਸ ਦਾ ਉੱਚਾ ਤੇ ਸੁਚਾ ਨਮੂਨਾ ਹਨ।

ਕੌਮੀ ਪਰਵਾਨਿਆਂ ਦੇ ਕਾਰਨਾਮਿਆਂ ਨਾਲ ਭਰਪੂਰ ਹੋਣ ਕਰਕੇ, ਬੀਰ-ਰਸ ਦੀ ਪ੍ਰਮੁੱਖ ਲਹਿਰ ਤਾਂ ਸਾਰੀ ਪੁਸਤਕ ਵਿਚ ਠਾਠਾਂ ਮਾਰਦੀ ਨਜ਼ਰ ਆਉਂਦੀ ਹੈ ਪਰ ਕਿਤੇ ਕਿਤੇ ਕਰੁਣਾ ਰਸ ਵੀ ਕਾਂਗ ਦੀ ਕਮਾਲ ਤਕ ਪਹੁੰਚ ਜਾਂਦੀ ਹੈ। ਇਹ ਲਹਿਰ ਬਹਾਦਰਾਂ ਦੀ ਕੁਰਬਾਨੀ ਸਮੇਂ ਕੁਦਰਤੀ ਉਠਦੀ ਹੈ। ਰਾਣੀ ਦੇ ਸ਼ਹੀਦੀ ਪ੍ਰਾਪਤ ਕਰ ਜਾਣ ਤੇ ਖੰਨਾ ਜੀ ਲਿਖਦੇ ਹਨ:—

"ਦੇਸ਼ ਭਗਤਣੀ ਮੋਈ ਤੱਕ ਕੇ,
ਹਾਉਕੇ ਭਰਨ ਰਵਾਵਾਂ,
ਵਿਚ ਸੋਗ ਦੇ ਕਾਲੀਆਂ ਹੋਈਆਂ,
ਹਰੀਆਂ ਭਰੀਆਂ ਛਾਵਾਂ।
ਪੰਘਰ-ਪੰਘਰ ਕੁਦਰਤਾ ਅੰਦਰ,
ਰੋਇਆ ਤਦੋਂ ਹਿਮਾਲਾ,
ਹੰਝੂ ਬਣ ਕੇ ਨਦੀਆਂ ਵਗੀਆਂ,
ਖਾ-ਖਾ ਜੋਸ਼ ਉਛਾਲਾ।
ਸੂਰਜ, ਚੰਦ, ਤਾਰਿਆਂ ਰਲ ਕੇ,
ਇਉਂ ਫਿਰ ਸੋਗ ਮਨਾਈ।"

ਇਨ੍ਹਾਂ ਤੁਕਾਂ ਵਿਚ ਕਵੀ ਦੀ ਕਲਪਨਾ ਤੇ ਕਲਾ-ਪੱਖ ਨੂੰ ਵੇਖ ਕੇ ਕਹਿਣਾ ਪੈਂਦਾ ਹੈ ਕਿ ਇਹ ਉੱਚ ਕਲਾਕਾਰੀ ਦਾ ਨਮੂਨਾ ਹਨ । ਸ਼ਹੀਦ ਜਾਣੀ ਦੇ ਸੋਗ 'ਚ ਆਦਮੀਆਂ ਦੇ ਨਾਲ ਕੁਦਰਤ ਵੀ ਰੋ ਰਹੀ ਹੈ । ਇਸ ਵਾਤਾਵਰਨ ਨੂੰ ਕਵੀ ਨੇ ਚੰਗੇ ਤੇ ਸੁਚੱਜੇ ਢੰਗ ਨਾਲ ਮੂਰਤੀ-ਮਾਨ ਕੀਤਾ ਹੈ । ਵਾਤਾਵਰਨ ਕਲਪਤ ਹੈ ਪਰ ਕੁਦਰਤ ਦੀ ਕਰੁਣਾਮਈ ਤਸਵੀਰ ਅੱਖਾਂ ਸਾਹਵੇਂ ਰੂਪਮਾਨ ਹੋ ਜਾਂਦੀ ਹੈ ।

ਖੰਨਾ ਜੀ ਨੇ ਜਿਥੇ ਅਲੀਪੁਰ ਬੰਬ-ਕੇਸ, ਬੰਗਾਲ ਦੀ ਵੰਡ, ੧੯੧੪-੧੫ ਦੀ ਲਹਿਰ, ਕਾਕੋਰੀ ਕੇਸ, ਭਗਤ ਸਿੰਘ ਵਾਲੇ ਤੇ ਪੇਸ਼ਾਵਰ ਕਾਂਡ ਆਦਿ ਦਾ ਜ਼ਿਕਰ ਪੁਸਤਕ ਵਿਚ ਕੀਤਾ ਹੈ ਉਥੇ ਉਹ ਇਕ ਬੜੇ ਜ਼ਰੂਰੀ ਕਾਂਡ ਨੂੰ ਭੁੱਲ ਗਏ ਹਨ । ਇਸ ਕਾਂਡ ਜਾਂ ਇਸ ਲਹਿਰ ਨੇ ਦੇਸ਼ ਦੇ ਕਿਰਤੀਆਂ ਵਿਚ ਸਭ ਤੋਂ ਵੱਧ ਜਾਗ੍ਰਿਤੀ ਤੇ ਉਤਸ਼ਾਹ ਪੈਦਾ ਕੀਤਾ ਹੈ । ਤੇ ਭਾਰਤ ਦੇ ਮਜ਼ਦੂਰਾਂ ਨੂੰ ਇਕ-ਮਿਕ ਕਰਨ ਤੇ ਉਨ੍ਹਾਂ ਨੂੰ ਪੂਰੇ ਹੱਕ ਦਵਾਉਣ ਦੀ ਕੋਸ਼ਿਸ਼ ਕੀਤੀ ਹੈ ।

ਇਹ ਕਾਂਡ 'ਮੇਰਠ ਸਾਜ਼ਸ਼ ਕੇਸ' ਦੇ ਨਾਂ ਨਾਲ ਮਸ਼ਹੂਰ ਹੈ । ਇਸ ਕੇਸ ਵਿਚ ਭਾਰਤ ਦੇ ਕਈ ਸੂਬਿਆਂ ਦੇ ਕਿਰਤੀਆਂ ਦੇ ਆਗੂ ਗਰਿਫ਼ਤਾਰ ਕੀਤੇ ਗਏ ਸਨ । ਪੰਜਾਬ ਚੋਂ ਸੋਹਨ ਸਿੰਘ ਜੋਸ਼ ਤੇ ਕਿਦਾਰਨਾਥ ਸਹਿਗਲ ਆਦਿ, ਬੰਗਾਲ ਚੋਂ ਡਾ. ਮੁਜ਼ੱਫਰ ਅਹਿਮਦ, ਤੇ ਏਸੇ ਤਰ੍ਹਾਂ ਕਾਮਰੇਡ 'ਡਾਂਗੇ' ਜੋਗਲੇਕਰ ਤੇ ਮਿਰਾਜਕਰ, ਜਿਨ੍ਹਾਂ ਵਿਚ ਬਦੇਸ਼ੀ ਮਜ਼ਦੂਰ ਆਗੂ ਜਿਹਾ ਕਿ ਫ਼ਿਲਪ ਸਪਰੈਟ ਤੇ ਦੋ ਹੋਰ ਸਾਥੀ ਵੀ ਸਨ । ਲੱਗ ਭੱਗ ਇਨ੍ਹਾਂ ੩੩ ਮਜ਼ਦੂਰ ਨੇਤਾਵਾਂ ਤੇ ਹਕੂਮਤ ਵਲੋਂ, ਸਰਕਾਰ ਦਾ ਤਖ਼ਤਾ ਉਲਟਾਉਣ ਦਾ ਦੋਸ਼ ਲਾ ਕੇ ਮੁਕੱਦਮਾ ਚਲਾਇਆ ਗਿਆ ਸੀ । ਮੁਕੱਦਮੇ ਉਤੇ ਸਰਕਾਰ ਦਾ ਵੀਹ ਲੱਖ ਰੁਪਿਆ ਖ਼ਰਚ ਆਇਆ । ਸੈਂਕੜੇ ਗਵਾਹੀਆਂ ਹੋਈਆਂ, ਪੰਜ ਸਾਲ ਮੁਕਦਮਾ ਚਲਣ ਤੋਂ ਬਾਅਦ ਸਤ ਸੌ ਸਫ਼ੇ ਫ਼ੈਸਲੇ ਦੇ ਲਿਖੇ ਗਏ । ਪਰ ਇਲਾਹਾਬਾਦ ਹਾਈ ਕੋਰਟ 'ਚ ਜਾ ਕੇ ਇਨ੍ਹਾਂ ਸਾਥੀਆਂ ਤੇ ਹਕੂਮਤ ਵਲੋਂ ਲਾਇਆ ਦੋਸ਼ ਸੱਚਾ ਸਾਬਤ ਨਾ ਹੋ ਸਕਿਆ । ਉਠਦੀ ਹੋਈ ਇਸ ਮਜ਼ਦੂਰ ਲਹਿਰ ਦੇ ਅਸਰ ਹੇਠਾਂ ਕਾਮਿਆਂ ਦੀਆਂ ਸਭਾਵਾਂ ਬਣੀਆਂ, ਉਨ੍ਹਾਂ ਦਾ ਏਕਾ ਮਜ਼ਬੂਤ ਹੋਇਆ ਤੇ ਉਨ੍ਹਾਂ ਆਪਣੇ ਹੱਕਾਂ ਲਈ ਕਾਮਯਾਬ ਲੜਾਈਆਂ ਲੜੀਆਂ । ਇਸ ਤਰ੍ਹਾਂ ਮਜ਼ਦੂਰਾਂ ਦੀ ਮਿਹਨਤ ਦੇ ਘੰਟੇ ਘੱਟੇ ਤੇ ਮਜ਼ਦੂਰੀਆਂ ਵਧੀਆਂ । ਸੋ ਇਸ ਲਹਿਰ ਨੇ ਸਾਰੇ ਦੇਸ਼ ਵਿਚ ਨਵੀਂ ਜਾਗ੍ਰਿਤੀ ਲੈ ਆਂਦੀ । ਆਸ ਹੈ ਅਗਲੇ ਅਡੀਸ਼ਨ ਵਿਚ ਖੰਨਾ ਜੀ ਇਸ ਪਾਸੇ ਵਧੇਰੇ ਧਿਆਨ ਦੇਣਗੇ ਤੇ ਇਸ ਤਰ੍ਹਾਂ ਤਾਰੀਖ਼ ਦੀ ਇਕ ਜ਼ਰੂਰੀ ਕੜੀ ਨਾਲ ਜੁੜ ਜਾਏਗੀ ।

ਖੰਨਾ ਜੀ ਦੀ ਇਸ ਪੁਸਤਕ ਵਿਚ ਬੀਰ-ਰਸ ਤੇ ਕਰੁਣਾਰਸ ਦੇ ਨਾਲ ਕਿਤੇ-ਕਿਤੇ ਹਾਸ-ਰਸ ਵੀ ਬਿਰਾਜ-ਮਾਨ ਹੈ । ਹਾਸ-ਰਸ ਵੀ ਉਪਜਾ ਤੇ ਘਟੀਆ, ਕਿਸਮ ਦਾ ਨਹੀਂ ਸਗੋਂ ਭਰਮੇ ਵਾਲਾ ਤੇ ਹਲਕਾ-ਫੁਲਕਾ ਹੁੰਦਾ ਹੈ । ਸੰਨ ੧੯੪੭ ਦੇ ਘਲੂਘਾਰੇ ਬਾਰੇ ਲਿਖਦਿਆਂ ਕਹਿੰਦੇ ਹਨ:—

"ਅੰਮ੍ਰਿਤਸਰ ਵਿਚ ਹਰ-ਹਰ ਮਹਾ ਦਿਉ,
ਸ੍ਰੀ ਅਕਾਲ ਦਾ ਨਾਹਰਾ,
ਵਿਚ ਲਾਹੌਰ ਅੱਲਾਹੂ ਅਕਬਰ,
ਗਰਜੇ ਪਿਆ ਕਰਾਰਾ ।
ਪਿਆ ਬਹਿਸ਼ਤੋਂ ਅੱਲਾ ਭੇਜੇ,
ਕੈਲਾਸ਼ੋਂ ਸ਼ਿਵ ਭੋਲਾ,
ਸੱਚ ਖੰਡ ਤੋਂ ਵਾਹਿਗੁਰੂ ਭੇਜੇ,
ਇਕ-ਇਕ ਬੰਬ ਦਾ ਗੋਲਾ ।"

ਅਲੰਕਾਰ ਕਾਵਿ-ਸੁੰਦਰੀ ਦਾ ਸ਼ਿੰਗਾਰ ਹੁੰਦੇ ਹਨ । ਸੋ ਖੰਨਾ ਜੀ ਨੇ ਵੀ ਥਾਂ ਥਾਂ ਅਲੰਕਾਰਾਂ ਤੋਂ ਕੰਮ ਲਿਆ ਹੈ । ਉਨ੍ਹਾਂ ਨੇ ਅਲੰਕਾਰ ਇਸ ਤਰ੍ਹਾਂ ਵਰਤੇ ਹਨ ਕਿ ਕਾਵਿ-ਸੁੰਦਰੀ ਦੀ ਕੁਦਰਤੀ ਸੁੰਦਰਤਾ ਹੋਰ ਵੀ ਨਿਖਰ ਗਈ ਹੈ ।

ਵੱਖ-ਵੱਖ ਅਲੰਕਾਰ ਦੇ ਨਮੂਨੇ ਇਸ ਪ੍ਰਕਾਰ ਹਨ: —

ਅਤਿ ਕਥਨੀ

"ਦੇਸ਼ ਭਗਤਣੀ ਮੋਈ ਤਕ ਕੇ,
ਹਾਉਕੇ ਭਰਨ ਹਵਾਵਾਂ,
ਵਿਚ ਸੋਗ ਦੇ ਕਾਲੀਆਂ ਹੋਈਆਂ,
ਹਰੀਆਂ ਭਰੀਆਂ ਛਾਵਾਂ ।"

ਉਪਮਾ ਆਦਿ

"ਸਾਵਣ ਬੈਂਤ ਉਭਾਵਣ ਰਮਣੀ,
ਵੇਖ ਜਿਹੇ ਮਨ ਆਵੇ,

ਜਿਉਂ ਪੇਂਜਾ ਨੂੰ ਧੁਨਖੇ ਛੰਦੇ,
ਗੋਹੜਾ ਓਡ-ਉਡ ਜਾਏ ।''

(ਰੰਗਿਆਂ ਦਾ ਜ਼ੁਲਮ)

ਰੂਪਕ

''ਵੰਡਲੀ ਪਈ ਹਕੂਮਤ ਨੂੰ ਇਹ,
ਚਲਦੀ-ਫਿਰਦੀ ''ਗੀਤਾ ।''

ਚਲਦੀ-ਫਿਰਦੀ ''ਗੀਤਾ'' ਗਾਂਧੀ ਜੀ ਨੂੰ ਕਿਹਾ ਗਿਆ ਹੈ । ਖੰਨਾ ਜੀ ਨੇ ਬਹੁਤ ਸੁੰਦਰ, ਭਾਵ ਪੂਰਤ ਤੇ ਮੁਨਾਸਬ ਰੂਪਕ ਬਣਾਇਆ ਹੈ ।

ਪੱਕੀ ਤੇ ਰਸੀ ਹੋਈ ਬੋਲੀ ਦਾ ਇਕ ਇਹ ਕਮਾਲ ਹੁੰਦਾ ਹੈ ਕਿ ਉਸਦੇ ਵਾਕ ਅੰਸ਼ਾਂ ਤੇ ਮੁਹਾਵਰਿਆਂ ਰਾਹੀਂ ਬਹੁਤੀ ਗੱਲ ਨੂੰ ਥੋੜ੍ਹੇ ਸ਼ਬਦਾਂ ਵਿਚ, ਸੁੰਦਰ ਢੰਗ ਨਾਲ ਬਿਆਨਿਆ ਜਾਂਦਾ ਹੈ । ਖੰਨਾ ਜੀ ਆਪਣੀ ਕਵਿਤਾ ਵਿਚ ਅਖੌਤਾਂ, ਮੁਹਾਵਰਿਆਂ ਤੇ ਵਾਕ ਅੰਸ਼ਾਂ ਨੂੰ ਨਗੀਨਿਆਂ ਵਾਂਗ ਜੜਦੇ ਚਲੇ ਜਾਂਦੇ ਹਨ । ਪਾਠਕ ਹੇਠ ਲਿਖੇ ਨਮੂਨਿਆਂ ਤੋਂ ਉਨ੍ਹਾਂ ਦਾ ਕਮਾਲ ਦੇਖ ਸਕਦੇ ਹਨ ।

ਅਖੌਤ

''ਕੌਣ ਕਰੇ ਪਰ ਗੱਲ ਉਨ੍ਹਾਂ ਦੀ,
ਲੰਬ ਜਿਨ੍ਹਾਂ ਦੀਆਂ ਮੰਨੇ,
ਛੰਨੇ ਉੱਗਣ ਮੰਨ ਉਨ੍ਹਾਂ ਦੇ,
ਬਣਨ ਸਰਕੜੇ ਗੰਨੇ ।''

ਮੁਹਾਵਰੇ ਆਦਿ

''ਉਧਰੋਂ ਬਾਨ੍ਹ ਪੂਰੋਂ ਵੀ ਆਖਰ,
ਪਾਟੀ ਚਿੱਠੀ ਆਈ ।
'ਪਾਟੀ ਚਿੱਠੀ ਵਿਚ ਮੌਤ, ਸੋਗ ਤੇ ਹਾਰ ਵਰਗੇ
ਵਡੇ ਮਜ਼ਮੂਨ ਲੁਕੇ ਪਏ ਹਨ ।
'ਭੰਗ ਦੇ ਭਾੜੇ ਕਈ ਭਾਰਤੀ ਆਪੋ ਵਿਚ ਲੜ ਮੋਏ'
'ਨਾਲੇ ਤਰਦੀ ਖੇਤੀ ਡੋਬੀ ਜ਼ਾਤ-ਪਾਤ ਦੇ ਝਗੜੇ ।''
'ਰੁੱਤੀ ਲੱਗੀ ਹੋਈ ਸੀ ਤਾਰੇ ਸੀ ਇਕ ਕੰਮ ਅਨੋਖਾ ।

ਬੋਲੀ

ਖੰਨਾ ਜੀ ਨੂੰ ਬੋਲੀ ਤੇ ਪੂਰੀ ਤਰ੍ਹਾਂ ਅਧਿਕਾਰ ਹੈ । ਉਨ੍ਹਾਂ ਦੀ ਬੋਲੀ ਸਾਦੀ- ਠੇਠ ਤੇ ਬਾ-ਮੁਹਾਵਰਾ ਹੈ । ਜੋ ਕਿ ਸੈਂਟਰਲ ਪੰਜਾਬ ਦੀ ਬੋਲੀ ਹੈ । ਪਰ ਕਿਤੇ ਕਿਤੇ ਲਾਹੌਰੀ 'ਨ' ਦਾ ਅਸਰ ਜ਼ਰੂਰ ਹੈ । ਖੰਨਾ ਜੀ ਦੀ ਬੋਲੀ ਦਾ ਕਮਾਲ ਇਹ ਹੈ ਕਿ ਉਹ ਸਰਲ ਤੇ ਸਰਲ ਹੈ ਫੇਰ ਭਾਵ ਤੇ ਭਾਸ਼ਾ ਦਾ ਸੁੰਦਰ ਮੇਲ ਹੈ । ਇਹ ਸਾਡੀ ਪੰਜਾਬੀ ਦੀ ਜ਼ਬਾਨ ਹੈ ਸਾਫ਼, ਸੁਥਰੀ, ਸੌਖੀ ਤੇ ਰਮਾਨੀ ਵਾਲੀ ।

ਸ਼ੈਲੀ

ਖੰਨਾ ਜੀ ਦੀ ਕਾਵਿ-ਸ਼ੈਲੀ ਮਹਾ ਕਵੀ ਹਾਸ਼ਮ ਨਾਲ ਮਿਲਦੀ ਜੁਲਦੀ ਹੈ । ਇਹ ਸ਼ੈਲੀ ਸੰਜਮ ਭਰੀ ਤੇ ਗੁੰਦਵੀ ਹੈ । ਜ਼ਰੂਰੀ ਗੱਲ ਕੋਈ ਛੱਡੀ ਨਹੀਂ ਗਈ ਤੇ ਵਾਧੂ ਗੱਲ ਭਰਤੀ ਵਾਲੀ ਕੋਈ ਆਉਣ ਨਹੀਂ ਦਿੱਤੀ । ਛੰਦ-ਪ੍ਰਬੰਧ ਵੀ ਹਾਸ਼ਮ ਵਾਲਾ ਦੋਹੜਾ ਹੈ ਜੋ ਕਿ ਦਵਈਆ ਛੰਦ ਦੇ ਤੋਲ ਦਾ ਹੈ । ਛੰਦ ਦੀ ਆਮ ਚਾਲ ੧੬-੧੨ ਤੇ ਬਿਸਰਾਮ ਅਤੇ ਅੰਤ ਗੁਰੂ ਹੈ:—

''ਬੀਤੇ ਨਹੀਂ ਸਨ ਦੋ ਸਾਲ ਵੀ,
ਦੇਸ ਚਾਲ ਵਿਚ ਚਲਦੇ ।
ਏਨੇ ਵਿਚ ਲਾਂਬੂ ਮਚ ਉਠੇ,
ਜੰਗੀ ਦਾਵਾ-ਨਲ ਦੇ ।

ਛੰਦ ਦੀ ਮਾਤ੍ਰਾ ਕਿਤੇ ਘੱਟ-ਵਧ ਵੀ ਹੋ ਜਾਂਦੀ ਹੈ ਪਰ ਰਵਾਨੀ ਤੇ ਲੈਅ 'ਚ ਕਿਤੇ ਫ਼ਰਕ ਨਹੀਂ ਆਉਂਦਾ । ਕਵੀ ਨੇ ਤੋਲ ਤੋਂ ਵੱਧ ਲੈਅ ਦਾ ਖਿਆਲ ਰਖਿਆ ਹੈ। ਇਸ ਤਰ੍ਹਾਂ ਛੰਦ ਦੀ ਸੰਗੀਤਕ-ਰੂਹ ਕਾਇਮ ਰਹੀ ਹੈ ।

ਖੰਨਾ ਜੀ ਦੀ ਦੂਸਰੀ ਪੁਸਤਕ ''ਅਮਰ-ਜੋਤੀ'' ਉਨ੍ਹਾਂ ਦੇ ਪੁਨਰ-ਪੁਨੀਤ ਇਸ਼ਟਦੇਵ ਦੀ ਅਰਾਧਨਾ ਹੈ । ਇਸ ਤੋਂ ਪਹਿਲਾਂ ਸ੍ਰੀ ''ਐਡ ਵਿਨ ਆਰਨਲਡ'' ਦੀ ਪੁਸਤਕ Light of Asia'' ਦੇ ਪੰਜਾਬੀ ਵਿਚ ਦੋ ਅਨੁਵਾਦ ਹੋ ਚੁਕੇ ਹਨ । ਇਕ ਸ੍ਰੀ ਗੁਰਬਖਸ਼ ਸਿੰਘ ਤੇ ਦੂਜਾ ਪ੍ਰੋ. ਮੋਹਨ ਸਿੰਘ ਦਾ । ਆਪਣੀ-ਆਪਣੀ ਥਾਂ ਉਹ ਦੋਵੇਂ ਅਨੁਵਾਦ ਸੁੰਦਰ ਹਨ । ਪਰ ਖੰਨਾ ਜੀ ਦੀ ਛੋਟੀ ਜਹੀ ਪੁਸਤਕ ਉਨ੍ਹਾਂ ਦੇ ਭਗਤੀ ਭਰੇ ਮਨ'ਚੋਂ ਨਿਕਲੀ ਹੈ ਜੋ ਬੜੀ ਸਰਲ, ਤੇ ਭਾਵਪੂਰਤ ਹੈ । ਸਾਦਗੀ ਦੇ ਇਸ ਕਮਾਲ ਨੂੰ ਦੇਖ ਕੇ, ''ਮੀਰਾ'' ਦਾ ਉਹ ਡੁਲ੍ਹ-ਡੁਲ੍ਹ ਪੈਂਦਾ ਪਿਆਰ ਯਾਦ ਆ ਜਾਂਦਾ ਹੈ ਜੋ ਉਹ ਆਪਣੇ ''ਗਿਰਧਰ-ਗੁਪਾਲ'' ਦੇ ਚਰਨਾਂ ਤੇ ਨਿਛਾਵਰ ਕਰਦੀ ਹੈ । ਖੰਨਾ ਜੀ ਦਾ ਪਿਆਰ ਵੀ ਭਗਵਾਨ-ਬੁੱਧ ਦੇ ਪ੍ਰਤਿ ਉਸ ਤਰ੍ਹਾਂ ਡੁਲ੍ਹ-ਡੁਲ੍ਹ ਪੈ ਰਿਹਾ ਹੈ । ਜਿਸ ਤਰ੍ਹਾਂ

ਮਹਾਤਮਾ ਬੁੱਧ ਨੇ ਆਪਣਾ ਪੈਗ਼ਾਮ, ਸੰਸਕ੍ਰਿਤ ਨੂੰ ਛੱਡ ਕ ਉਸ ਵੇਲੇ ਦੀ ਆਮ ਬੋਲੀ ਵਿਚ ਦਿੱਤਾ ਹੈ, ਖੰਨਾ ਜੀ ਨੇ ਵੀ ਉਸੇ ਤਰ੍ਹਾਂ ਸਾਦੀ ਤੇ ਆਮ ਬੋਲਚਾਲ ਦੀ ਬੋਲੀ ਨੂੰ ਅਪਣਾਇਆ ਹੈ। ਬੋਲੀ ਸਰਲ ਤੇ ਠੇਠ ਹੋਣ ਤੇ ਵੀ ਇਕ ਸਾਊ ਪੰਜਾਬੀ ਦੀ ਮਿੱਠੀ ਤੇ ਪਿਆਰੀ ਬੋਲੀ ਹੈ। ਇਸ ਤਰ੍ਹਾਂ ਦੀ ਸਾਦੀ ਬੋਲੀ ਵਿਚ ਬਜ਼ਾਰੀ-ਪਨ ਆਉਣ ਦੀ ਵੀ ਸੰਭਾਵਨਾ ਹੈ, ਪਰ ਖੰਨਾ ਜੀ ਦਾ ਇਹੋ ਕਮਾਲ ਹੈ ਕਿ ਉਨ੍ਹਾਂ ਕਿਤੇ ਵੀ ਬਜ਼ਾਰੀ-ਪਨ ਨਹੀਂ ਆਉਣ ਦਿੱਤਾ।

ਇਸ ਪੁਸਤਕ ਵਿਚ ਵੀ ਛੰਦ-ਪ੍ਰਬੰਧ ਪਹਿਲੀ ਪੁਸਤਕ ਵਰਗਾ ਦਵਈਆ ਛੰਦ ਹੀ ਰੱਖਿਆ ਗਿਆ ਹੈ। ਕੌਮੀ ਲਹਿਰਾਂ ਵਿਚ ਜਿਥੇ ਬੀਰ-ਰਸ ਪ੍ਰਧਾਨ ਸੀ ਇਸ ਪੁਸਤਕ ਵਿਚ ਕਰੁਣਾ ਰਸ ਪ੍ਰਧਾਨ ਹੈ। ਕਿਤੇ ਕਿਤੇ ਵਿਜੋਗ-ਸੰਜੋਗ ਤੇ ਸ਼ਾਂਤ-ਰਸ ਵੀ ਇਸ ਪੁਸਤਕ ਵਿਚ ਆਪਣੀ ਸੁੰਦਰ ਨੁਹਾਰ ਵਿਖਾ ਜਾਂਦੇ ਹਨ। "ਅਮਰ ਜੋਤੀ" ਵਿਚ ਅਲੰਕਾਰ ਚਾਹੇ ਬਹੁਤੇ ਨਹੀਂ ਵਰਤੇ ਗਏ ਪਰ ਪਹਿਲੀ ਪੁਸਤਕ ਕੋਲੋਂ ਘੱਟ ਵੀ ਨਹੀਂ।

ਕਲਾ-ਪੱਖ ਤੋਂ ਇਹ ਪੁਸਤਕ "ਕੌਮੀ ਲਹਿਰਾਂ" ਤੋਂ ਅੱਗੇ ਵਧੀ ਹੈ ਤੇ ਉਚੀ ਹੈ। ਖਾਸ ਕਰ ਬੋਲੀ ਦੇ ਪੱਖ ਤੋਂ ਇਹ ਬਹੁਤ ਸੁੰਦਰ ਪੁਸਤਕ ਹੈ। ਇਸ ਪੁਸਤਕ ਦੀ ਭਾਸ਼ਾ ਪਹਿਲੀ ਪੁਸਤਕ ਕੋਲੋਂ, ਮਧੁਰ, ਮਲੂਕ, ਤੇ ਕਾਵਿ-ਮਈ ਹੈ। ਪਾਠਕ ਇੱਕ-ਦੋ ਮਿਸਾਲਾਂ ਤੋਂ ਹੀ ਅੰਦਾਜ਼ਾ ਲਾ ਸਕਦੇ ਹਨ:---

"ਨਿਰਮਲ ਬੱਦਲ, ਮਸਤ ਹਵਾਵਾਂ,
ਅਦਭੁੱਤ ਇੱਕ ਤਰਾਵਟ,
ਰੁੱਤ ਬਸੰਤ ਬਣੀ ਅੱਜ ਭਾਬੀ,
ਕਰ ਕੇ ਨਵੀਂ ਸਜਾਵਟ।"

ਜਾਂ

"ਪੱਤ ਝੜ ਗਈ ਰੁੱਤ ਰਾਣੀ ਆਈ,
ਨਵੀਂ ਬਹਾਰ ਲਿਆਈ,
ਧਰਤੀ ਪਹਿਨੀ ਸਾਵੀ ਸਾੜ੍ਹੀ,
ਫੁਲਾਂ ਨਾਲ ਸਜਾਈ।
ਸਬਜ਼-ਪਰੀ ਅੱਧ ਭਰੀ ਸੁਰਾਹੀ,
ਰੰਗਾ-ਰੰਗ ਸਜਾ ਕੇ,
ਠੁਮਕ-ਠੁਮਕ ਕਰਦੀ ਲੈ ਆਈ,
ਦੇ ਰਹੀ ਸੁਰਾਂ ਸੁਣਾ ਕੇ।"

ਬਹਾਰ ਦੇ ਆਉਣ ਦਾ ਦ੍ਰਿਸ਼-ਚਿਤ੍ਰਨ ਤੇ ਵਾਤਾਵਰਨ ਨੂੰ ਮੂਰਤੀਮਾਨ ਕਰਨ ਦੀ ਕਲਾਕਾਰੀ ਖੰਨਾ ਜੀ ਦੀ ਕਾਵਿ ਸੂਝ ਦਾ ਪ੍ਰਤੀਕ ਹਨ।

ਭਗਵਾਨ-ਬੁੱਧ ਦੀ ਕਹਾਣੀ ਕੌਣ ਨਹੀਂ ਜਾਣਦਾ। ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਖੰਨਾ ਜੀ ਨੇ ਵੀ ਰਵਾਇਤੀ ਕਹਾਣੀ ਨੂੰ ਹੀ ਅਪਣਾਇਆ ਹੈ। ਨਵੇਂ ਜ਼ਮਾਨੇ ਦਾ ਬੁੱਧ-ਭਗਤ ਹੋਣ ਦੇ ਨਾਤੇ ਉਨ੍ਹਾਂ ਨੂੰ ਬੁੱਧ ਬਾਰੇ ਹੋਈ ਨਵੀਂ ਖੋਜ ਵਲ ਧਿਆਨ ਦੇਣਾ ਚਾਹੀਦਾ ਸੀ। ਅਚਾਰੀਆ ਧਰਮ ਨੰਦ 'ਕੋਸ਼ਬੀ' ਜੀ ਨੇ ਲਿਖਿਆ ਹੈ ਕਿ "ਸਿਧਾਰਥ ਨੇ ਇਕੱਤੀ ਸਾਲ ਦੀ ਉਮਰ 'ਚ ਘਰ ਤਿਆਗਿਆ" ਇਕੱਤੀ ਸਾਲ ਦੀ ਉਮਰ ਦਾ ਆਦਮੀ ਦੁਨੀਆ ਦਾ ਬਹੁਤ ਕੁਝ ਦੇਖ ਲੈਂਦਾ ਹੈ। ਪਰ ਰਵਾਇਤੀ ਕਹਾਣੀ ਵਿਚ ਇਹ ਦੱਸਿਆ ਹੈ ਕਿ ਜਿਵੇਂ ਬੀਮਾਰ, ਬੁਢੇ, ਦੁਖੀਆਂ ਤੇ ਮੁਰਦੇ ਨੂੰ ਉਸ ਨੇ ਪਹਿਲੀ ਵਾਰ ਦੇਖਿਆ ਹੋਵੇ। ਹਕੀਕਤ ਇਹ ਹੈ ਕਿ ਇਕੱਤੀ ਸਾਲ ਦੀ ਉਮਰ ਤਕ ਸਿਧਾਰਥ ਨੇ ਘਰ ਦਾ ਹਰ ਕੰਮ ਕੀਤਾ ਹੈ। ਉਸ ਨੇ ਹੱਥੀਂ ਖੇਤੀ ਕੀਤੀ, ਉਹ ਵੱਧ ਤੋਂ ਵੱਧ ਇੱਕ ਜ਼ਿਮੀਂਦਾਰ ਦਾ ਬੇਟਾ ਸੀ। ਪਰ ਉਸ ਨੂੰ ਬਹੁਤ ਵੱਡੇ ਮਹਾਂ ਰਾਜੇ ਦਾ ਪੁੱਤ੍ਰ ਦਰਸਾਇਆ ਗਿਆ ਹੈ। ਬੁੱਧ ਤੇ ਮਹਾਂਬੀਰ ਦੇ ਸਮੇਂ ਵੱਡੇ ਮਹਾਂ-ਰਾਜਿਆਂ ਦੀ ਨੁਹਾਰ ਵੀ ਨਹੀਂ ਉਘੜੀ ਸੀ। ਇਕੱਤੀ ਸਾਲ ਦੀ ਉਮਰ ਤਕ, ਸੰਕਰਾ ਚਾਰੀਆ, ਗੁਰੂ ਗੋਬਿੰਦ ਸਿੰਘ, ਭਾਰਤ ਇੰਦੂ, ਹਰੀਸ਼ ਚੰਦਰ ਤੇ ਮਹਾਤਮਾ ਗਾਂਧੀ ਆਦਿ ਨੇ ਦੁਨੀਆ ਦਾ ਕੀ ਕੁਝ ਨਹੀਂ ਦੇਖਿਆ। ਸੋ ਭਗਵਾਨ ਬੁਧ ਵੀ ਘਰ ਤਿਆਗਣ ਤੋਂ ਪਹਿਲਾਂ ਆਪਣੇ ਸਮੇਂ ਦੀਆਂ ਸਭ ਬੁਰਾਈਆਂ ਨੂੰ ਦੇਖ ਚੁੱਕਾ ਸੀ ਜੋ ਕਿ ਜਨਤਾ ਨੂੰ ਤਬਾਹ ਕਰ ਰਹੀਆਂ ਸਨ। ਚਾਹੇ ਉਸ ਨੂੰ ਆਪਣਾ ਮਾਰਗ ਕੁਝ ਸਾਲ ਬਾਅਦ ਮਿਲਿਆ ਜੋ ਕਿ ਮਨੁਖ-ਮਾਤ੍ਰ ਦੀ ਭਲਾਈ ਦਾ ਮਾਰਗ ਸੀ। ਕੀ ਭਗਵਾਨ ਮਹਾਂਬੀਰ ਦੇ ਅੱਧੀ ਸਦੀ ਪਹਿਲਾਂ ਪਾਏ ਪੂਰਨੇ, ਭਗਵਾਨ ਬੁੱਧ ਦੇ ਧਿਆਨ ਵਿਚ ਨਹੀਂ ਸਨ? ਹੋ ਸਕਦਾ ਹੈ ਕਦੀ ਖੰਨਾ ਜੀ ਇਸ ਪਾਸੇ ਧਿਆਨ ਦੇਣ।

ਸਮੁੱਚੇ ਤੌਰ ਤੇ ਖੰਨਾ ਜੀ ਦੀਆਂ ਦੋਵੇਂ ਕਾਵਿ-ਪੁਸਤਕਾਂ, ਦਰਮਿਆਨੇ ਦਰਜੇ ਦੀਆਂ ਹਨ, ਪਰ ਚੰਗੀਆਂ ਹਨ। ਇਹ ਦੋਵੇਂ ਪੁਸਤਕਾਂ ਪੰਜਾਬੀ ਦੇ "ਕਿਸ਼ੋਰ-ਸਾਹਿਤ" ਵਿਚ ਨਿੱਗਰ ਵਾਧਾ ਹਨ। ਪੰਜਾਬੀ ਵਿਚ ਬੱਚਿਆਂ ਲਈ ਵੀ ਲਿਖਿਆ ਜਾਂਦਾ ਹੈ ਤੇ ਵੱਡਿਆਂ ਲਈ ਵੀ। ਪਰ ਕਿਸ਼ੋਰ ਬਾਲਕਾਂ ਦੇ ਸਾਹਿੱਤ ਵਲ ਘੱਟ ਖਿਆਲ ਦਿੱਤਾ ਗਿਆ ਹੈ। ਖੰਨਾ ਜੀ ਦੀਆਂ ਪੁਸਤਕਾਂ ਇਸ ਕਮੀ ਨੂੰ ਪੂਰਾ ਕਰਦੀਆਂ ਹਨ। ਖੰਨਾ ਜੀ ਇਕ ਸੱਚੇ ਦੇਸ਼ ਭਗਤ ਇਮਾਨਦਾਰ, ਇਤਿਹਾਸਕਾਰ ਤੇ ਅਹਿੰਸਾ-ਵਾਦੀ ਕਵੀ ਹਨ।

ਆਧੁਨਿਕ ਗੱਦ ਅਤੇ ਪੰਜਾਬੀ ਗੱਦਕਾਰ

ਸੁਖਪਾਲਵੀਰ ਸਿੰਘ ਹਸਰਤ

ਇਹ ਇਕ ਮੰਨੀ-ਪ੍ਰਮੰਨੀ ਗੱਲ ਹੈ, ਜਿਸ ਨੂੰ ਹਰ ਚਰਚਾ ਵਿਚ ਜੋ ਕਿ ਵਾਰਤਕ ਬਾਰੇ ਹੋਵੇ, ਦੁਹਰਾਇਆ ਜਾਂਦਾ ਹੈ, ਕਿ ਵਾਰਤਕ ਦਾ ਸਬੰਧ ਸਿੱਧਾ ਦਿਮਾਗ਼ ਨਾਲ ਹੈ ਅਤੇ ਕਵਿਤਾ ਦਾ ਦਿਲ ਨਾਲ। ਇਹ ਵੀ ਕਈ ਸਾਇੰਸਾਂ ਮੰਨ ਚੁਕੀਆਂ ਹਨ ਕਿ ਦਿਮਾਗ਼ ਵਧੇਰੇ ਉਸਾਰੂ ਹੁੰਦਾ ਹੈ ਅਤੇ ਦਿਲ ਦੇ ਕਲਾਮਈ ਉਦਗਾਰ ਸਿਰਜਨਾਤਮਕ ਹੁੰਦੇ ਹਨ।

ਕਵਿਤਾ ਉਨੀ ਦੇਰ ਨਹੀਂ ਉਪਜ ਸਕੇਗੀ ਜਿੰਨਾਂ ਚਿਰ ਕਿ ਦਿਲ ਕਿਸੇ ਹਿਲੋਰ ਵਿਚ ਨਾ ਗੜੂੰਦ ਜਾਵੇ। ਕਵਿਤਾ ਦੀ ਮੂਲ-ਉਪਜਾਊ-ਧਾਰਾ ਵਲਵਲਾ ਤੇ ਜਜ਼ਬਾਤ ਹਨ। ਵਲਵਲੇ ਅਤੇ ਜਜ਼ਬਾਤ ਦੇ ਠੀਕ ਅਨੁਪਾਤ ਤੋਂ ਸਿਵਾ, ਜਿਹੜਾ ਕਿ ਉਚੇਰੀ ਅਕਲ ਨਾਲ ਰਚ ਮਿਚ ਜਾਂਦਾ ਹੈ, ਮਹਾਨ ਕਵਿਤਾ ਨਹੀਂ ਉਪਜ ਸਕਦੀ। ਕਵਿਤਾ ਵਿਚ ਰਾਗ ਦੀ ਲੋੜ ਹੈ। ਰਾਗ ਨੂੰ ਦਿਲ ਕਬੂਲਦਾ ਹੈ, ਦਿਮਾਗ਼ ਨਹੀਂ। ਕਵਿਤਾ ਇਕ ਦੱਬਵੇਂ ਪ੍ਰਭਾਵ ਦੀ ਏਕਤਾ ਵਿਚ ਹੀ ਲਿਖੀ ਜਾ ਸਕਦੀ ਹੈ, ਪਰੰਤੂ ਵਾਰਤਕ ਦਿਮਾਗ਼ ਦੀ ਸੂਝ ਅਤੇ ਇਸ ਦੀ ਕਲਾਕਾਰੀ ਦਾ ਜਾਦੂ ਹੈ। ਜਿਥੇ ਕਵਿਤਾ ਲਈ ਖ਼ਾਸ ਪਰੇਰਤ ਪਲਾਂ ਦੀ ਲੋੜ ਹੁੰਦੀ ਹੈ, ਉਥੇ ਵਾਰਤਕ ਕਿਸੇ ਵੇਲੇ ਵੀ ਦਿਮਾਗ਼ ਨੂੰ ਉਸ ਸਮੱਸਿਆ ਵੱਲ ਮੋੜਿਆਂ ਜਿਸ ਬਾਰੇ ਕਿ ਕੁਝ ਕਹਿਣਾ ਹੈ, ਲਿਖੀ ਜਾ ਸਕਦੀ ਹੈ।

ਕਵਿਤਾ ਦਾ ਸਭ ਤੋਂ ਵੱਡਾ ਵਾਰਤਕ ਨਾਲੋਂ ਵੱਖਰਾ ਮੁਹਾਂਦਰਾ ਇਸ ਵਿਚਲੇ ਰਿਦਮ ਅਰਥਾਤ ਤਾਲ ਕਾਰਨ ਹੈ। ਇਸ ਤਾਲ ਦੀ ਵਾਰਤਕ ਵਿਚ ਬੱਝਵੀਂ ਅਵੱਸ਼ਕਤਾ ਨਹੀਂ ਹੁੰਦੀ। ਇਕ ਤਾਲ ਜਾਂ ਲੈ ਜਿਹੀ ਤਾਂ ਵਾਰਤਕ ਦੇ ਸੁਆਦ ਨੂੰ ਇਕਸਾਰ ਰੱਖਣ ਲਈ ਇਸ ਵਿਚ ਵੀ ਲੋੜੀਂਦੀ ਹੈ-ਪਰ ਇਹ ਕਿਸੇ ਗ੍ਰਹਿਣਤ ਰੂਪ ਦੁਵਾਰਾ ਨਹੀਂ ਹੈ। ਇਸ ਤੋਂ ਇਲਾਵਾ ਕਵਿਤਾ ਦਾ ਅਸਰਦਾਇਕ ਮੂਲ-ਸੋਮਾ ਇਸ ਵਿਚਲਾ ਰਾਗ ਹੈ। ਇਸ ਰਾਗ ਦੀ ਜਾਣਕਾਰੀ ਜਾਂ ਦਿਲੀ ਇਕਮਿੱਕਤਾ ਦੀ ਵਾਰਤਕ ਲਿਖਾਰੀ ਨੂੰ ਏਨੀਂ ਲੋੜ ਨਹੀਂ ਜਿੰਨੀ ਕਿ ਇਕ ਕਵੀ ਨੂੰ ਹੁੰਦੀ ਹੈ।

ਕਵੀ ਲਈ ਇਕ ਵਿਸ਼ੇਸ਼ ਭਾਂਤ ਦੀ ਸ਼ਬਦ-ਚੋਣ ਬੜੀ ਭਾਰੀ ਅਵੱਸ਼ਕਤਾ ਹੈ ਜਿਵੇਂ ਕਿ ਆਈਫ਼ਰ ਈਵਨਜ਼ ਦੀ ਕਹਿੰਦਾ ਹੈ, 'Poet more than any other writer looks at Words afresh' ਇਸ ਖ਼ਾਸ ਭਾਂਤ ਦੀ ਸ਼ਬਦ ਚੋਣਕਾਰੀ ਦਾ ਵਾਰਤਕ ਲਿਖਾਰੀ ਕੋਈ ਮੁਥਾਜ ਨਹੀਂ ਹੁੰਦਾ। ਉਹ ਗਲਬਾਤੀ ਢੰਗ ਨਾਲੋਂ ਥੋੜ੍ਹਾ ਜਿਹਾ ਨਿਖੜ ਕੇ ਕੰਮ ਸਾਰ ਸਕਦਾ ਹੈ ਪਰ ਕਵੀ ਬਾਰੇ ਇਹ ਗੱਲ ਨਹੀਂ ਹੈ। ਉਸ ਨੂੰ ਢੁਕਵੀਂ ਸ਼ਬਦ-ਚੋਣ ਚਹੀਦੀ ਹੈ। ਪਰੰਤੂ ਕਵਿਤਾ ਅਤੇ ਵਾਰਤਕ ਦਾ ਮੂਲ ਭੇਦ ਪਹਿਲਾਂ ਕਿਹਾ ਜਾ ਚੁਕਾ ਹੈ ਕਿ ਵਾਰਤਕ ਇਕ ਉਸਾਰੂ-ਕਲਾ ਹੈ ਅਤੇ ਕਵਿਤਾ ਸਿਰਜਨਾਤਮਕ।

ਕਵਿਤਾ ਦੀ ਉਪਜ ਦਾ ਮੂਲ-ਸੋਮਾ ਭਾਵਾਂ ਦੀ ਉਤੇਜਨਾ ਜਾਂ ਉਕਸਾਹਟ ਹੈ। ਪਰੰਤੂ ਵਾਰਤਕ ਦਾ ਮੂਲ-ਸੋਮਾ ਅਕਲ ਜਾਂ ਸੋਚ ਹੈ। ਇਹ ਚੀਜ਼ ਸਪੱਸ਼ਟ ਹੈ ਕਿ ਭਾਵ ਅਸਾਡੇ ਵਿਚ ਹਰ ਵੇਲੇ ਉਤੇਜਤ ਰੂਪ ਵਿਚ ਨਹੀਂ ਹੁੰਦੇ, ਪਰੰਤੂ ਅਕਲ ਜਾਂ ਸੋਚ ਕਿਸੇ ਨਾ ਕਿਸੇ ਅਨੁਪਾਤ ਵਿਚ ਹਰ ਵੇਲੇ ਸਾਡੇ ਕੋਲ ਹੁੰਦੀ ਹੈ। ਦਰਅਸਲ ਕਵਿਤਾ ਦੀ ਉਪਜ ਉਦੋਂ ਹੁੰਦੀ ਹੈ, ਜਦੋਂ ਕਿ ਦਿਲ ਅਕਲ ਦੀਆਂ ਦੀਵਾਰਾਂ ਤੋੜ ਕ ਕਿਸੇ ਨਿਰੋਲ ਭਾਵਾਂ ਦੇ ਦੇਸ਼ ਵਿਚ ਜਾ ਵਿਚਰਦਾ ਹੈ ਜੋ ਕਿ ਪਿਆਰ ਦਾ ਦੇਸ਼ ਹੈ। ਜਿੰਨਾ ਚਿਰ ਇਹ ਦੀਵਾਰਾਂ ਦਿਲ ਨਹੀਂ ਤੋੜਦਾ ਓਨਾਂ ਚਿਰ ਖੇਤ੍ਰ ਵਾਰਤਕ ਦਾ ਹੈ, ਅਤੇ ਵਾਰਤਕ ਹੀ ਲਿਖੀ ਜਾ ਸਕਦੀ ਹੈ। ਇਹ ਕਹਿਣਾ ਕਿ ਆਦਿ-ਕਾਲ ਵਿਚ ਕਿਉਂਕਿ ਮਨੁਖੀ ਅਕਲ ਬਹੁਤ ਪਿਛੇ ਸੀ ਇਸ ਲਈ ਭਾਵਾਂ ਦਾ ਰਾਜ ਹੋਣ ਕਰਕੇ ਕਵਿਤਾ ਹੀ ਉਪਜਦੀ ਰਹੀ, ਉਸ ਸਮੇਂ ਅਕਲ ਦੀ ਚਾਦਰ ਭਾਵਾਂ ਦੇ ਰੰਗ-ਮੰਚ ਉਤੇ ਨਹੀਂ ਸੀ ਤਾਣੀ ਗਈ-ਕਿਸੇ ਹੱਦ ਤਕ ਠੀਕ ਹੈ। ਪਰੰਤੂ ਇਸ ਚੀਜ਼ ਦਾ ਇਕ ਹੋਰ ਕਾਰਨ ਵੀ ਸੀ ਤੇ ਉਹ ਸੀ ਬਣੀ ਬਣਾਈ ਪ੍ਰਗਟਾਵੀ ਭਾਸ਼ਾ ਦੀ ਅਣਹੋਂਦ ਜਿਸ ਤੋਂ ਬਿਨਾਂ ਕਿ ਵਾਰਤਕ ਨਹੀਂ ਸੀ ਲਿਖੀ ਜਾ ਸਕਦੀ।

ਵਾਰਤਕ ਦਿਮਾਗ਼ੀ ਘੁਣਤਰਾਂ ਨਾਲ ਲਿਖੀ ਜਾ ਸਕਦੀ ਹੈ। ਦੇਰ ਮਿਹਨਤ ਤੇ ਤਜਰਬੇ ਤੋਂ ਬਾਅਦ ਕੋਈ ਵੀ ਆਦਮੀ ਵਾਰਤਕ-ਲਿਖਾਰੀ (ਕਾਫ਼ੀ ਚੰਗਾ) ਬਣ ਸਕਦਾ ਹੈ। ਕਵੀ ਬਣਨ ਲਈ ਬਾਹਰਮੁਖੀ ਮਿਹਨਤ ਦੀ ਨਹੀਂ ਸਗੋਂ ਅੰਦਰਮੁਖੀ ਮਿਹਨਤ ਦੀ ਲੋੜ ਹੁੰਦੀ ਹੈ। ਮਿਲਟਨ ਦਾ ਇਹ ਕਹਿਣਾ ਕਿ ਕਵਿਤਾ ਉਨਾਂ ਚਿਰ ਨਹੀਂ ਉਪਜ ਸਕਦੀ

ਜਿੰਨਾ ਚਿਰ ਇਸ ਦੇ ਰਚਨਹਾਰੇ ਦੇ ਮਨ-ਅੰਤਰ ਵਿਚ ਕੋਈ ਬਹੁਤ ਵੱਡੀ ਪਹਾੜ ਜੇਡੀ ਰੁਕਾਵਟ ਨਾ ਆ ਖਲੋਤੀ ਹੋਵੇ, ਤੇ ਇਸ ਰੁਕਾਵਟ ਨੂੰ ਉਹ ਵਿਅਕਤੀ ਸਿਵਾਏ ਕਵਿਤਾ ਦੇ ਹੋਰ ਕਿਸੇ ਜ਼ਰੀਏ ਭੀ ਦੂਰ ਨਾ ਕਰ ਸਕਦਾ ਹੋਵੇ। ਅਜਿਹੀ ਹਾਲਤ ਵਿਚੋਂ ਹੀ ਸਿਰਜਣ-ਜੋਗੀ ਕਵਿਤਾ ਉਪਜ ਸਕਦੀ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਅਜਿਹੀ ਹਾਲਤ ਨੂੰ ਜੇ ਉਹ ਕਦੀ ਕਵਿਤਾ ਰਾਹੀਂ ਬਿਆਨ ਨਹੀਂ ਕਰੇਗਾ ਤਾਂ ਇਹ ਇਕ ਅਜਿਹੀ ਸ਼ਕਤੀ ਹੈ ਜਿਹੜੀ ਕਿ ਜਾਂ ਤਾਂ ਉਹ ਨੂੰ ਪਾਗ਼ਲ ਕਰ ਦੇਵੇਗੀ ਜਾਂ ਉਹ ਮਰ ਜਾਏਗਾ। ਵਾਰਤਕ ਲਿਖਣ ਲਈ ਅਜਿਹੀਆਂ ਕਰੜੀਆਂ ਜੀਵਨ-ਘੋਲ ਦੀਆਂ ਅੰਦਰੂਨੀ ਸ਼ਕਤੀਆਂ ਦੀ ਆਵੱਸ਼ਕਤਾ ਘੱਟ ਹੈ। ਇਹ ਬਗ਼ੈਰ ਕਿਸੇ ਰਾਗ ਦੀ ਸੂਝ ਦੇ, ਬਿਨਾਂ ਇਕ ਬੱਝਵੇਂ ਪੈਟਰਨ ਦੇ (ਜਿਹੜਾ ਕਿ ਕਲਾਸਕੀ-ਸ਼ੈਲੀ ਲਈ ਲੋੜੀਂਦਾ ਵੀ ਹੈ), ਤੂਰ ਪਰਸਪਰ ਢੰਗ ਨਾਲ ਉਦੇਰੀ ਭਾਂਤ ਦੀ ਲਿਖੀ ਜਾ ਸਕਦੀ ਹੈ। ਭਾਵੇਂ ਵਾਰਤਕ ਵਿਚ ਵੀ ਹਰ ਲੇਖਕ ਦਾ ਆਪਣਾ ਰੰਗ (ਤੇ ਨਿੱਜੀ ਸ਼ੈਲੀ) ਹੋਵੇਗੀ, ਪਰੰਤੂ ਇਹ ਨਿੱਜਤਵ ਵੀ ਵਧੇਰੇ ਤੌਰ ਤੇ ਵਿਚਾਰਾਂ ਦੀ ਪਰਮਾਣੀਕਤਾ ਵਿਚ ਰਲ ਜਾਣਾ ਹੁੰਦਾ ਹੈ।

ਉਪਰੋਕਤ ਚੀਜ਼ਾਂ ਵਾਰਤਕ ਤੇ ਕਵਿਤਾ ਦੇ ਉਸਾਰੂ ਅਤੇ ਸਿਰਜਣਾਤਮਕ ਹੋਣ ਦੀਆਂ ਗਵਾਹ ਹਨ ਅਤੇ ਇਹਨਾਂ ਦੋਹਾਂ ਮੁਖ ਸਾਹਿੱਤ-ਰੂਪਾਂ ਦਾ ਵਿਸ਼ੇਸ਼ ਭਿੰਨ-ਭੇਦ ਵੀ ਇਸ ਨਾਲ ਜ਼ਾਹਿਰ ਹੋ ਜਾਂਦਾ ਹੈ। ਇਹਨਾਂ ਦਾ ਭੇਦ ਹੀ ਦਿਲ ਤੇ ਦਿਮਾਗ਼ ਦਾ ਭੇਦ ਹੈ।

ਆਧੁਨਿਕ ਵਾਰਤਕ ਦਾ ਪੱਧਰ ਮਨੁਖੀ ਦਿਮਾਗ਼ ਦਾ ਪੱਧਰ ਹੈ। ਜਿਸ ਸਮਾਜ ਵਿਚ ਜਿਸ ਟੀਚੇ ਤੇ ਮਨੁਖੀ ਸੋਚ ਪਹੁੰਚ ਚੁਕੀ ਹੈ ਓਸੇ ਮਿਆਰ ਦੀ ਉਸ ਸਮਾਜ ਦੇ ਸਾਹਿੱਤ ਦੀ ਵਾਰਤਕ ਹੋਵੇਗੀ। ਆਧੁਨਿਕ ਵਾਰਤਕ ਆਧੁਨਿਕ ਮਨੁਖੀ ਦਿਮਾਗ਼ ਦਾ ਹੀ ਪ੍ਰਤੀਬਿੰਬ ਹੈ।

ਆਧੁਨਿਕ ਪੰਜਾਬੀ ਵਾਰਤਕ ਜਿਹੜੀ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਉਤਪੰਨ ਹੋਈ ਅਤੇ ਆਧੁਨਿਕ ਪੰਜਾਬੀ ਕਵਿਤਾ ਵਾਂਗ ਜਿਸ ਦੇ ਮੋਢੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਨ, ਦਾ ਪਸਾਰਾ ਅਤੇ ਵੰਨਗੀ ਅਜੇ ਤ੍ਰਿਕ ਕਿਸੇ ਉਤ-ਕ੍ਰਿਸ਼ਟ ਭਾਂਤ ਦੀ ਨਹੀਂ ਹੈ। ਭਾਈ ਸਾਹਿਬ ਦੀ ਵਾਰਤਕ ਜੋ ਕਿ ਕਈ ਹਜ਼ਾਰ ਪੰਨਿਆਂ ਵਿਚ ਹੈ ਤੋਂ ਬਾਹਰ ਵੀ ਵੈਸੇ ਪੰਜਾਬੀ ਵਿਚ ਕਾਫ਼ੀ ਵਾਰਤਕ ਲਿਖੀ ਗਈ ਹੈ। ਇਸ ਤੋਂ ਪਹਿਲਾਂ ਕਿ ਇਹ ਵੇਖੀਏ ਕਿ ਸਾਡੀ ਵਾਰਤਕ ਆਦਰਸ਼ਕ ਵਾਰਤਕ ਹੈ ਕਿ ਨਹੀਂ ਇਹ ਜ਼ਰੂਰੀ ਭਾਸਦਾ ਹੈ ਕਿ ਇਹ ਨਿਸ਼ਚਾ ਕਰ ਲਈਏ ਕਿ ਪੰਜਾਬੀ ਵਿਚ ਕਿੰਨੀ ਕੁ ਵਾਰਤਕ ਉਪਜ ਚੁਕੀ ਹੈ। ਅੰਗਰੇਜ਼ੀ ਸਾਹਿਤ ਦੀ ਵਾਰਤਕ ਨਿਸ਼ਸੰਦੇਹ ਬਹੁਤ ਉਚੇਰੇ ਟੀਚੇ ਛੂਹ ਚੁਕੀ ਹੈ ਇਸ ਲਈ ਅਸੀਂ ਅੰਗਰੇਜ਼ੀ ਵਾਰਤਕ ਨੂੰ ਆਦਰਸ਼ ਮੰਨਦੇ ਹੋਏ, ਗਾਹੇ ਬਗਾਹੇ ਲੋੜ ਪੈਣ ਤੇ ਆਪਣੀ ਵਾਰਤਕ ਨਾਲ ਟਕਰਾਵਾਂਗੇ।

ਭਾਈ ਵੀਰ ਸਿੰਘ ਜੀ ਤੋਂ ਬਾਅਦ ਗਿਣਨਾਤਮਕ ਪੱਖ ਤੋਂ ਕਿਸੇ ਹੱਦ ਤਕ ਗੁਣਨਾਤਮਕ ਪੱਖ ਤੋਂ ਵੀ ਸ: ਗੁਰਬਖਸ਼ ਸਿੰਘ ਪ੍ਰੀਤ-ਲੜੀ ਦਾ ਵਿਸ਼ੇਸ਼ ਸਥਾਨ ਹੈ। ਅਤੇ ਕਈ ਹਾਲਤਾਂ ਵਿਚ (ਜਿਥੋਂ ਤਕ ਵਿਸ਼ੇ ਦਾ ਸੰਬੰਧ ਹੈ) ਗੁਰਬਖਸ਼ ਸਿੰਘ ਹੀ ਅਸਲ ਅਰਥਾਂ ਵਿਚ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਹੈ। ਡਾ. ਮੋਹਣ ਸਿੰਘ ਦੀ ਪਰਖ ਪੜਚੋਲ ਦੇ ਖੇਤ੍ਰ ਵਿਚ ਲਿਖੀ ਵਾਰਤਕ ਬਹੁਤ ਸੁੰਦਰ ਭਾਂਤ ਦੀ ਹੈ। ਨਾਨਕ ਸਿੰਘ ਦੇ ਨਾਵਲਾਂ ਵਿਚ ਵੀ ਕਾਫ਼ੀ ਚੰਗੀ ਵਾਰਤਕ ਹੈ। ਸੰਤ ਸਿੰਘ ਸੇਖੋਂ ਨੇ ਸਾਹਿਤ ਦੇ ਬਹੁਤ ਸਾਰੇ ਪੱਖਾਂ ਤੋਂ ਪੰਜਾਬੀ ਵਾਰਤਕ ਦੀ ਝੋਲ ਨੂੰ ਭਰਿਆ ਹੈ। ਪ੍ਰਿੰਸੀਪਲ ਤੇਜਾ ਸਿੰਘ ਅਤੇ ਲਾਲ ਸਿੰਘ ਕਮਲਾ ਅਕਾਲੀ ਦੇ ਹੋਰ ਮੁਖੀ ਨਾਂ ਹਨ।

ਪ੍ਰੋ. ਸ. ਸ. ਅਮੋਲ, ਪ੍ਰੋ. ਕਿਰਪਾਲ ਸਿੰਘ 'ਕਸੇਲ', ਆਜ਼ਾਦ, ਪਿਆਰਾ ਸਿੰਘ 'ਪਦਮ', ਡਾ. ਜੀਤ ਸਿੰਘ ਸੀਤਲ, ਅਟਾਰੀ, ਪ੍ਰੋ. ਗੁਰਦਿਆਲ ਸਿੰਘ ਫੁੱਲ, ਸੁਰਜੀਤ ਸਿੰਘ ਸੇਠੀ ਅਤੇ ਸੁਖਪਾਲਵੀਰ ਸਿੰਘ ਹਸਰਤ ਆਦਿ ਸਾਹਿੱਤਕ ਨਿਬੰਧਾਂ ਦੇ ਖੇਤ੍ਰ ਵਿਚ ਕਾਫ਼ੀ ਉਚੇਰੇ ਪੱਧਰ ਦੀ ਵਾਰਤਕ ਉਪਜਾ ਰਹੇ ਹਨ। ਕਰਤਾਰ ਸਿੰਘ ਦੁੱਗਲ ਅਤੇ ਬਲਵੰਤ ਗਾਰਗੀ ਦੋ ਹੋਰ ਵਿਲੱਖਣ ਵਾਰਤਕ-ਲਿਖਾਰੀ ਹਨ। ਬਾਵਾ ਬਲਵੰਤ ਅਤੇ 'ਰੂਪ' ਦੋ ਹੋਰ ਨਾਂ ਹਨ। ਬਾਵਾ ਬਲਵੰਤ ਦੀ ਵਾਰਤਕ ਆਪਣੀ ਹੀ ਭਾਂਤ ਦੀ ਹੈ ਅਤੇ ਇਹਦੇ ਵਿਚਲਾ ਇਕ ਲੁਭਾਊ ਜਿਹਾ ਢੰਗ ਹੋਰਨਾਂ ਨਾਲੋਂ ਇਹਨੂੰ ਨਿਖੇੜਦਾ ਹੈ।

ਪਰ ਜੋ ਵਾਰਤਕ ਪ੍ਰੋ. ਪੂਰਨ ਸਿੰਘ ਨੇ 'ਖੁਲ੍ਹੇ ਲੇਖ' ਨਾਂ ਦੀ ਪੁਸਤਕ ਵਿਚ ਲਿਖੀ, ਉਹ ਅਸਾਡੇ ਸਾਹਿਤ ਵਿਚ ਇਕ ਸਦੀਵੀ. ,ਚਮਤਕਾਰ ਹੈ, ਜਿਸ ਦੀ ਪ੍ਰਾਪਤ ਪਧਰ ਨੂੰ ਪਹੁੰਚਣਾ ਕੋਈ ਅਸਾਨ ਕੰਮ ਨਹੀਂ।

ਪੰਜਾਬੀ ਵਾਰਤਕ ਜਿਹੜੀ ਕਿ ਉਪ੍ਰੋਕਤ ਲੇਖਕਾਂ ਵਿਚ ਦੱਸੀ ਗਈ ਹੈ ਕੁਝ ਲੇਖਾਂ ਵਿਚ ਹੈ। ਕੁਝ ਜੀਵਨੀਆਂ ਵਿਚ ਹੈ, ਕੁਝ ਨਾਵਲਾਂ, ਕਹਾਣੀਆਂ, ਨਾਟਕਾਂ ਵਿਚ ਅਤੇ ਕੁਝ ਪੜਚੋਲ-ਪਰਖ ਆਦਿ ਵਿਚ ਹੈ।

ਭਾਈ ਵੀਰ ਸਿੰਘ ਦੀ ਵਾਰਤਕ ਜੋ ਕਿ ਵਧੇਰੇ ਧਾਰਮਕ ਮਜ਼ਮੂਨਾਂ ਦਾ ਵਿਸ਼ਲੇਸ਼ਣ ਹੀ ਕਰਦੀ ਹੈ, ਕਾਵਿਕ-ਨਖਾਰ ਰਾਹੀਂ ਕਿਤੇ ਕਿਤੇ ਅਤੀ ਥੋੜਵਾਂ ਪ੍ਰਭਾਵ ਪਾਉਂਦੀ ਹੈ। ਇਸ ਵਾਰਤਕ ਵਿਚ ਜੋ ਕਿ 'ਗੁਰੂ ਨਾਨਕ ਚਮਤਕਾਰ' ਵਿਚ ਹੈ ਅਤੀ ਉਦੇਰੀ ਵਾਰਤਕ ਦੇ ਕਈ ਨਮੂਨੇ ਮਿਲਦੇ ਹਨ ਅਤੇ ਨਿਰਸੰਦੇਹ ਅਜਿਹੇ ਹੋਰ ਨਮੂਨੇ ਸਾਡੇ ਸਾਹਿਤ ਵਿਚ ਭਾਲਿਆਂ ਵੀ ਨਹੀਂ ਮਿਲਣਗੇ।

ਗੁਰਬਖਸ਼ ਸਿੰਘ ਦੀ ਵਾਰਤਕ ਜੋ ਕਿ 'ਸਵੈ-ਸੰਪੂਰਨਤਾ ਦੀ ਲਗਨ', ਅਤੇ 'ਨਵੀਂ ਤਕੜੀ ਦੁਨੀਆ' ਆਦਿ ਲੇਖ ਸੰਗ੍ਰਹਿ ਵਿਚ ਹੈ, ਇਸ ਉਤੇ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਹੈ। ਇਸ ਵਾਰਤਕ ਦੇ ਮਜ਼ਮੂਨਾਂ ਦਾ ਧੁਰਾ ਆਦਰਸ਼ਕ ਪ੍ਰੀਤ ਹੈ — ਜੋ ਸਮਾਜਵਾਦੀ ਸੂਝ ਅਤੇ ਸਾਮੰਤਵਾਦੀ ਅਮਰੀਕੀ-ਸਾਮਰਾਜ ਦੀ ਪਰਸਪਰ ਟੱਕਰਾਵੀਂ ਖਹਿਸ਼ ਦਾ ਸਿੱਟਾ ਹੈ। ਏਸੇ ਲਈ ਇਹਨਾਂ ਲੇਖਾਂ ਦੇ ਮਜ਼ਮੂਨ ਸਾਡੇ ਸਾਹਿਤ ਵਿਚ ਭਾਵੇਂ ਨਵਾਂ ਅਤੇ ਕਿਸੇ ਹੱਦ ਤਕ ਨਰੋਆ ਹੈ ਸਪਸ਼ਟ ਨਹੀਂ ਹੁੰਦਾ। ਉਸ ਦੇ ਵਾਕਾਂ ਦੀ ਬਣਤਰ ਵੀ ਪੱਛਮੀ ਢਾਂਚੇ ਅਨੁਸਾਰ ਹੁੰਦੀ ਹੈ। ਸਟੀਵਨਸਨ ਅਤੇ ਹੌਥੋਰਨ ਆਦਿ ਦਾ ਗੁਰਬਖਸ਼ ਸਿੰਘ ਦੀ ਵਾਰਤਕ ਉਤੇ ਡੂੰਘਾ ਅਸਰ ਹੈ, ਅਤੇ ਇਹ ਪ੍ਰਭਾਵ ਕਿਉਂਕਿ ਪੰਜਾਬ ਆਇਆ ਨਹੀਂ ਗਿਆ ਇਸ ਲਈ ਘਾਟਵੰਦੀ ਚੀਜ਼ ਹੈ। ਫਿਰ ਵੀ ਗੁਰਬਖਸ਼ ਸਿੰਘ ਦਾ ਪੰਜਾਬੀ ਵਾਰਤਕ ਵਿਚ ਆਪਣਾ ਵੱਖਰਾ ਸਥਾਨ ਹੈ।

ਇਸ ਤੋਂ ਬਾਅਦ ਪ੍ਰਿੰਸੀਪਲ ਤੇਜਾ ਸਿੰਘ ਦਾ ਨਾਂ ਆਉਂਦਾ ਹੈ। ਉਸ ਦੀ ਸਭ ਤੋਂ ਚੰਗੀ ਵਾਰਤਕ 'ਨਵੀਆਂ ਸੋਚਾਂ' ਤੇ 'ਆਰਸੀ' ਨਾਂ ਦੀ ਸਵੈਜੀਵਨੀ ਵਿਚ ਮਿਲਦੀ ਹੈ। ਇਸ ਵਾਰਤਕ ਦੀ ਯੋਗ ਪ੍ਰਸੰਸਾ ਕਰਨੀ ਪੈਂਦੀ ਹੈ। ਇਸ ਵਿਚ ਭਾਸ਼ਾ ਅਤੀ ਸੁਖਾਵੀਂ, ਪ੍ਰਭਾਵ ਠੁੱਕਵੀਂ ਅਤੇ ਸਪੱਸ਼ਟ ਹੈ। ਯੋਗ ਮਿਹਨਤ ਇਸ ਲਿਖਤ ਤੇ ਕੀਤੀ ਹੋਈ ਹੈ। ਇਸ ਵਿਚ ਇਹ ਵਾਰਤਕ ਹੈ ਬਹੁਤ ਥੋੜੀ ਪਰੰਤੂ ਬਹੁਤ ਉਤਮ ਹੈ।

ਡਾਕਟਰ ਮੋਹਨ ਸਿੰਘ 'ਦੀਵਾਨਾ' ਦੀ ਵਾਰਤਕ 'ਜਤਿੰਦਰ-ਸਾਹਿਤ ਸਰੋਵਰ' ਅਤੇ ਉਸ ਦੇ ਲਿਖੇ ਹੋਏ ਮੁਖਬੰਧਾਂ ਵਿਚ ਬਹੁਤ ਉਤਮ ਭਾਂਤ ਦੀ ਮਿਲ ਜਾਂਦੀ ਹੈ। ਉਸ ਦੀ ਸ਼ੈਲੀ ਮੈਥੀਊ ਆਰਨਲਡ ਦੇ ਕਲਾਸ਼ਕ-ਢੰਗ ਦੀ ਹੈ ਜਿਸ ਦੀ ਮਿਸਾਲ ਨਾਲ ਸਾਡੇ ਸਾਹਿਤ ਦੀ ਵਾਰਤਕ ਨੂੰ ਅਮੀਰ ਕੀਤਾ ਜਾ ਸਕਦਾ ਹੈ। ਪਰੰਤੂ ਇਹ ਗੱਲ ਸ਼ੋਕ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਨਾਵਲਕਾਰਾਂ ਦੀ ਸ਼ੈਲੀ ਬਹੁਤ ਢਿੱਲੀ ਅਤੇ ਕਸਰਵੰਦੀ ਹੈ। ਉਹ ਇਸ ਵੱਲ ਯੋਗ ਧਿਆਨ ਨਹੀਂ ਦੇਂਦੇ। ਬੋਲ-ਚਾਲ ਦੇ ਫਿਕਰੇ ਬਿਨਾਂ ਕਲਾਕਾਰੀ ਘਾੜਤ ਦੇ ਲਿਖਤ ਵਿਚ ਪਸਿੱਤ ਦੇਂਦੇ ਹਨ। ਇਹ ਔਗੁਣ ਨਾਨਕ ਸਿੰਘ ਵਿਚ ਬਹੁਤ ਮਿਲਦੇ ਹਨ। ਏਨਾਂ ਕੁਝ ਲਿਖ ਚੁੱਕਣ ਤੋਂ ਬਾਅਦ ਵੀ ਉਸ ਦੀ ਵਾਰਤਕ ਕੋਈ ਪ੍ਰਤੀਨਿਧ-ਰੂਪ ਇਖਤਿਆਰ ਨਹੀਂ ਕਰ ਸਕੀ। ਬਾਕੀ ਨਾਵਲਕਾਰਾਂ ਨੇ ਅਜੇ ਥੋੜਾ ਹੀ ਲਿਖਿਆ ਹੈ ਅਤੇ ਬਹੁਤਾ ਲਿਖਣਾ ਹੈ ਇਸ ਲਈ ਉਹਨਾਂ ਦੀ ਇਸ ਪੱਖ ਤੇ ਸਾਹਿਤ ਨੂੰ ਦੇਣ ਬਾਰੇ ਕੁਝ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ। ਹਾਂ ਜਸਵੰਤ ਸਿੰਘ ਕੰਵਲ ਦੀ ਵਾਰਤਕ ਕਾਫੀ ਮਿਠੀ ਤੇ ਦਿਲ ਖਿਚਵੀਂ ਹੈ।

ਪ੍ਰੋ. ਸੰਤ ਸਿੰਘ ਸੇਖੋਂ ਬਰਨਾਰਡ ਸ਼ਾਅ ਵਰਗੀ ਸੁਲਝੀ ਹੋਈ ਵਾਰਤਕ ਲਿਖਦਾ ਹੈ। ਉਸ ਦੀ ਵਾਰਤਕ ਵਿਚ ਇਕ ਖਾਸ ਕਿਸਮ ਦਾ ਅਸਲੀਅਤ-ਭਰਿਆ ਸੁਭਾਵੀ ਗੁਣ ਹੁੰਦਾ ਹੈ। ਉਸ ਦੀ ਸਾਹਿਤ-ਸਿਧਾਂਤ ਬਾਰੇ ਲਿਖੀ ਵਾਰਤਕ ਵਿਚ ਅੰਤਾਂ ਦੀ ਜਾਨ ਹੈ ਭਾਵੇਂ ਪਰਯੋਗੀ ਪੜਚੋਲ ਵਿਚ ਕਈ ਵੇਰ ਉਹ ਯੋਗ-ਭਾਂਤ ਪੜਚੋਲ ਨਹੀਂ ਕਰ ਸਕਦਾ, ਫਿਰ ਉਸ ਦੀ ਵਾਰਤਕਵੀ ਵਡਿੱਤਣ ਵਿਚ ਕਈ ਫ਼ਰਕ ਨਹੀਂ ਪੈਂਦਾ।

ਕਰਤਾਰ ਸਿੰਘ ਦੁੱਗਲ ਦੀ ਵਾਰਤਕ ਇਕ ਜਿਉਂਦੀ ਜਾਗਦੀ ਅਹਿਸਾਸ ਭਰੀ ਸ਼ੈ ਹੈ, ਜਿਸ ਨੂੰ ਲਗਾਂ-ਮਾਤਰਾਂ ਦੀ ਵਾਧ-ਘਾਟ ਵੇਖਣ ਵਾਲੇ ਮਾਣ ਨਹੀਂ ਸਕਦੇ, ਵੈਸੇ ਇਹ ਸੋਹਣੀ ਸੁਹੱਪਣ-ਭਰੀ ਅਨੂਠੀ ਵਸਤ ਹੈ।

ਲਾਲ ਸਿੰਘ 'ਕਮਲਾ ਅਕਾਲੀ' ਦਾਰਸ਼ਨਿਕ ਜਿਹੀ ਵਾਰਤਕ ਲਿਖਦਾ ਹੈ। 'ਮੇਰਾ ਵਲੈਤੀ ਸਫ਼ਰਨਾਮਾ' ਉਸ ਦੀ ਪ੍ਰਤਿਨਿਧ ਵਾਰਤਕ ਦੀ ਕਿਤਾਬ ਹੈ। ਵੈਸੇ ਇਸ ਰਚਨਾ ਵਿਚ ਉਹ ਰੋਮਾਂਟਿਕ ਅਤੇ ਵਿਸਤਾਰਕ ਜ਼ਿਆਦਾ ਸੀ। ਇਸ ਦੀ ਵਾਰਤਕ ਦਾ ਨਿਰਸੰਦੇਹ ਸਾਡੇ ਸਾਹਿਤ ਵਿਚ ਇਕ ਨਿਸ਼ਚਿਤ ਥਾਂ ਹੈ, ਜੋ ਦਾਰਸ਼ਨਿਕ-ਰੋਮਾਂਚ ਦੀ ਦੇਣ ਕਿਹਾ ਜਾ ਸਕਦਾ ਹੈ।

ਪ੍ਰੋ. ਕਿਰਪਾਲ ਸਿੰਘ 'ਕਸੇਲ' ਸਾਹਿਤ-ਪਰਕਾਸ਼ ਦੇ ਨਿਬੰਧਾਂ ਵਿਚ ਨਿਸ਼ਚਤ ਭਾਂਤ ਦੀ ਮਨੋਹਰ ਵਾਰਤਕ ਲਿਖਦਾ ਹੈ। ਪਿਆਰਾ ਸਿੰਘ 'ਪਦਮ' ਨੇ 'ਹਾਸ਼ਮ ਰਚਨਾਵਲੀ' ਵਿਚ ਗੰਭੀਰ ਸਰਲ-ਕਾਵਿਕ ਵਾਰਤਕ ਲਿਖੀ ਹੈ। 'ਸੂਫ਼ੀਵਾਦ ਤੇ ਹੋਰ ਲੇਖ' ਵਿਚ ਪ੍ਰੋ. ਦੀਵਾਨ ਸਿੰਘ ਵੀ ਸਫ਼ਲ ਵਾਰਤਕ ਲਿਖਾਰੀ ਦੇ ਰੂਪ ਵਿਚ ਪੇਸ਼ ਹੋਇਆ ਹੈ।

'ਕਵਿਤਾ ਅਤੇ ਆਧੁਨਿਕ ਯੁਗ' ਉਸ ਦਾ ਬਹੁਤ ਸੁੰਦਰ ਲੇਖ ਹੈ । ਪ੍ਰੋ. ਫੂੱਲ ਨੇ ਕਈ ਕਲਾਪੂਰਤ ਨਿਬੰਧ ਲਿਖੇ ਹਨ । ਸੁਰਜੀਤ ਸਿੰਘ ਸੇਠੀ ਨੇ 'ਕਵੀ ਕਾਤ੍ਰਿਕ' ਵਿਚ ਕਾਫ਼ੀ ਟੁੰਬਵੇਂ ਗੱਦ ਦਾ ਝਲਕਾਰਾ ਦਿਤਾ ਹੈ । ਕਈ ਹੋਰ ਨਿਬੰਧਕਾਰਾਂ ਦੇ ਸਾਹਿੱਤਕ-ਨਿਬੰਧ ਪ੍ਰੋ. ਸੇਖੋਂ ਅਤੇ ਪ੍ਰੋ. ਕਸੇਲ ਦੀ ਲੀਹ ਨੂੰ ਅੱਗੇ ਤੋਰਦੇ ਹਨ । ਅੰਗਰੇਜ਼ੀ ਸਾਹਿੱਤ ਵਿਚ ਬਰੈਡਲੇ ਦੀ ਵਾਰਤਕ ਇਸ ਪੱਖ ਦੀ ਪ੍ਰਤੀਨਿੱਧ ਕਹੀ ਜਾ ਸਕਦੀ ਹੈ । ਸ. ਸ. ਅਮੋਲ ਦੀ ਵਾਰਤਕ ਸ਼ੁਧ, ਠੇਠ ਅਤੇ ਮੁਹਾਵਰੇਦਾਰ ਹੁੰਦੀ ਹੈ । ਵਿਚਾਰ ਦੇ ਪੱਖ ਤੋਂ ਵੀ ਇਹ ਭਰਪੂਰ-ਗੱਦ ਹੈ ।

ਬਾਵਾ ਬਲਵੰਤ ਦੀ ਵਾਰਤਕ ਨੇ ਜੋ ਕਿ 'ਕਿਸ ਕਿਸ ਤਰ੍ਹਾਂ ਦੇ ਨਾਚ' ਨਾਂ ਦੀ ਪੁਸਤਕ ਵਿਚ ਹੈ ਇਕ ਨਵੇਂ ਸੰਭਵ ਦਾ ਝਲਕਾਰਾ ਦਿਤਾ ਹੈ । ਇਕ ਆਮ ਆਦਮੀ ਦੇ ਉਦਗਾਰਾਂ ਨੂੰ ਬੜੀ ਸੁਝਾਊ ਸ਼ੈਲੀ ਰਾਹੀਂ ਉਸ ਨੇ ਪਹਿਲੀ ਵੇਰ ਸਾਡੇ ਸਾਹਿਤ ਵਿਚ ਸੁਲਝਾਇਆ ਹੈ । ਇਹ ਰੰਗ ਜੋ ਅੰਗਰੇਜ਼ੀ ਸਾਹਿਤ ਵਿਚ ਸਵਿਫ਼ਟ ਅਤੇ ਐਡੀਸਨ ਵਰਗੇ ਜਗਤ ਪ੍ਰਸਿੱਧ ਲੇਖਕਾਂ ਵਿਚ ਵੇਖਿਆ ਜਾਂਦਾ ਹੈ— ਬਾਵੇ ਵਿਚ ਕਿਵੇਂ ਸਹਿਜ-ਸੁਭਾ ਹੀ ਆ ਗਿਆ । ਸੋਚ ਕੇ ਅਕਲ ਹੈਰਾਨ ਹੁੰਦੀ ਹੈ ।

'ਰੂਪ' ਦੀ ਵਾਰਤਕ ਹੌਲੇ ਲੇਖਾਂ 'ਚ ਸੁਝਾਊ ਜਿਹੀ ਹੈ । ਗਾਰਗੀ ਦੀ ਲਿਖਤ ਵਿਅਕਤੀਗਤ ਛਾਂਡ ਦੀ ਹੈ । ਉਸ ਦੀ ਵਾਰਤਕ ਦਾ ਰੋਮਾਂਟਿਕ ਢਾਂਚਾ ਇਕ ਖਾਸ ਵਿਸ਼ੇਸ਼ਤਾ ਵਾਲਾ ਹੈ । ਕਪੂਰ ਸਿੰਘ ਘੁੰਮਣ ਦੀ ਨਾਟਕੀ-ਵਾਰਤਕ ਆਪਣਾ ਅਨੂਪਮ ਜਿਹਾ ਸੁਝਾਵਕ ਰੰਗ ਖਿੰਡਾਰਦੀ ਹੈ, ਇਹ ਰੰਗ ਅੰਗਰੇਜ਼ੀ ਨਾਟਕਕਾਰਾਂ 'ਚੋਂ ਜੇਮਜ਼ ਬੈਰੀ ਵਿਚ ਬਹੁਤ ਮਿਲਦਾ ਹੈ । ਕਪੂਰ ਸਿੰਘ ਘੁੰਮਣ ਦੀ ਇਸ ਵਿਚ ਸਫਲਤਾ ਇਕ ਗੌਰਵ ਵਾਲੀ ਸ਼ੈ ਹੈ । 'ਅਣਹੋਣੀ' ਵਿਚ ਇਹ ਰੰਗ ਬਹੁਤ ਪ੍ਰਬੱਲ ਹੈ । ਸਰਨੇ ਦੀ ਲਿਖਣ ਸ਼ੈਲੀ ਨਵੇਕਲੀ ਅਤੇ ਸ਼ਕਤੀਸ਼ਾਲੀ ਹੈ ।

ਆਧੁਨਿਕ ਪੰਜਾਬੀ ਵਾਰਤਕ ਦੀ ਉਪ੍ਰੋਕਤ ਨੁਹਾਰ ਚਿਤਰਨ ਤੋਂ ਬਾਅਦ ਇਹ ਸਪੱਸ਼ਟ-ਭਾਂਤ ਦਿਸ ਆਉਂਦਾ ਹੈ ਕਿ ਭਾਵੇਂ ਕਾਫ਼ੀ ਨਾਂ ਇਸ ਪਾਸੇ ਯਤਨ ਕਰ ਰਹੇ ਹਨ (ਇਹਨਾਂ ਯਤਨਾਂ 'ਚੋਂ ਕਈ ਸਫਲ ਵੀ ਹਨ) ਫਿਰ ਵੀ ਇਸ ਨੇ ਵਿਕਸਤ ਸਾਹਿਤਾਂ ਦੀ ਵਾਰਤਕ ਵਾਂਗ ਕੋਈ ਨਿਸਚਿਤ ਰੂਪ ਨਹੀਂ ਗ੍ਰਹਿਣ ਕੀਤਾ । ਇਸ ਵਿਚ ਵਿਅਕਤੀਵਾਦੀ-ਤਜਰਬੇ ਵਧੇਰੇ ਹਨ ਅਤੇ ਇਕ ਖਾਸ ਪੈਟਰਨ ਜੋ ਕਿ ਉਤਕ੍ਰਿਸ਼ਟ ਵੀ ਹੋਵੇ ਸਾਡੀ ਵਾਰਤਕ ਗ੍ਰਹਿਣ ਨਹੀਂ ਕਰ ਸਕੀ । ਭਾਈ ਵੀਰ ਸਿੰਘ ਰਾਹੀਂ ਅਸਾਂ ਇਕ ਮਹਾਨ-ਸੰਭਵ ਦੇ ਦਰਸ਼ਨ ਪਾਏ ਸਨ, ਪ੍ਰੰਤੂ ਇਹ ਸੰਭਵ ਗੁਰਬਖਸ਼ ਸਿੰਘ ਰਾਹੀਂ ਹੋਰ ਨਹੀਂ ਦਮਕਿਆ । ਇਹਨਾਂ ਤੋਂ ਬਾਅਦ ਦੇ ਵਾਰਤਕ ਲਿਖਾਰੀ ਵੀ ਤਜਰਬਿਆਂ ਦੀ ਵਾਦੀ 'ਚੋਂ ਹੀ ਗੁਜ਼ਰ ਰਹੇ ਹਨ । ਅਜੇ ਸਾਡੇ ਸਾਹਿਤ ਨੇ ਰਸਿੱਲ ਜਿਹੇ ਦਾਰਸ਼ਨਿਕ ਸ਼ੈਲੀਕਾਰ, ਬਰਨਰਡ ਸ਼ਾਅ ਜਿਹੇ ਬੌਧਿਕ ਵਿਚਾਰਵਾਨ, ਰਸਕਿਨ ਅਤੇ ਕਾਰਲਾਈਲ ਜਿਹੀ ਕਾਵਿਕ ਵਿਗਿਆਨ ਵੰਡਦੀ ਵਾਰਤਕ ਦੇ ਲੇਖਕ (ਜਿਸਦਾ ਝਲਕਾ ਪ੍ਰੋ. ਪੂਰਨ ਸਿੰਘ ਦੇ ਖੁਲ੍ਹੇ ਲੇਖਾਂ ਵਿਚ ਪਿਆ ਸੀ), ਹਾਰਡੀ ਜਿਹੇ ਕਲਾਸਿਕ ਢੰਗ ਵਿਚ ਲਿਖਦੇ ਨਾਵਲੀ ਵਾਰਤਕ ਲਿਖਾਰੀ ਪੈਦਾ ਕਰਨੇ ਹਨ । ਕਿਸੇ ਸਟੀਵਨਸਨ, ਬੇਕਨ ਅਤੇ ਹੱਕਸਲੇ ਜਿਹੀ ਵਾਰਤਕ ਲਈ ਸਾਡਾ ਭਵਿੱਖ ਅਜੇ ਤਾਂਘ ਰਿਹਾ ਹੈ ।

———

ਲੇਖਕ ਤੇ ਪਾਠਕ

"ਹਰ ਉਹ ਪੁਰਸ਼ ਜਿਹੜਾ ਆਪਣੇ ਅੰਦਰਲੇ ਵਲ ਝਾਕ ਕੇ ਮੁੜ ਨੇਕ ਨੀਅਤੀ ਨਾਲ ਜੋ ਉਥੇ ਵੇਖਦਾ ਹੈ, ਲਿਖਦਾ ਹੈ, ਇਕ ਨਹੀਂ ਅਨੇਕਾਂ ਪਾਠਕ ਆਪਣੇ ਵਲ ਪਰੇਰਤ ਕਰ ਲੈਂਦਾ ਹੈ"

[ਸਿਡਨੀ ਸਮਿਥ]

ਇਕ ਵਿਅੰਗਮਈ ਅਧਿਐਨ

ਲੋਕ ਅਖਾਣ ਕਸਵਟੀ ਤੇ

ਤਖਤ ਸਿੰਘ 'ਕੋਮਲ'

ਅਖਾਣਾਂ ਬਾਬਤ ਆਖਿਆ ਜਾਂਦਾ ਹੈ ਕਿ ਇਹ ਲੋਕਾਂ ਦੇ ਮੂੰਹ ਚੜ੍ਹੀਆਂ ਅਟੱਲ ਸਚਾਈਆਂ ਹਨ ਅਤੇ ਗੱਲ-ਬਾਤ ਨੂੰ ਮਸਾਲੇਦਾਰ ਬਣਾਉਣ ਲਈ, ਮਹਾਸ਼ਿਆਂ ਦੀ ਦੁਕਾਨ ਦੀ ਦੇਗੀ ਮਿਰਚ ਦਾ ਕੰਮ ਦੇਂਦੀਆਂ ਹਨ। ਆਪਾਂ ਗੱਲਾਂ ਬਾਤਾਂ ਕਰਦੇ ਦਿਨ ਭਰ ਕਈ ਮੁਹਾਵਰੇ ਤੇ ਅਖਾਣ ਸੁਤੇ ਸਿਧ ਹੀ ਵਰਤ ਜਾਂਦੇ ਹਾਂ, ਪਰ ਆਉ ਜ਼ਰਾ ਇਹਨਾਂ ਨੂੰ ਅਜ ਇਖਲਾਕ ਤੇ ਰੋਜ਼ਾਨਾ ਜੀਵਨ ਦੀ ਕਸਵੱਟੀ ਤੇ ਪਰਖ ਕੇ ਵੇਖੀਏ। ਮੇਰੀ ਜਾਚੇ ਇਹਨਾਂ 'ਚੋਂ ਕੋਈ ਭੀ ਇਹਨਾਂ ਵੱਟਿਆਂ ਤੇ ਪੂਰੀ ਨਹੀਂ ਉਤਰਦੀ। ਹਰ ਅਖਾਣ ਵਿਚ ਬੇਈਮਾਨੀ, ਤਨ-ਪਰਵਰੀ ਤੇ ਕੁਨਬਾ ਪ੍ਰਵਰੀ ਦੀ ਸਿਖਿਆ ਹੈ ਤੇ ਨਾਲ ਹੀ ਹਰ ਅਖਾਣ ਜੀਵਨ ਦਾ ਗ਼ਲਤ ਪਹਿਲੂ ਪੇਸ਼ ਕਰਦਾ ਹੈ। ਉਦਾਹਰਣ ਵਜੋਂ ਅੰਗਰੇਜ਼ੀ ਦੀ ਕਹਾਵਤ "Make hay while the sun shines" ਅਰਥਾਤ ਧੁਪ ਹੁੰਦੇ ਆਪਣਾ ਪੱਠਾ ਦੱਥਾ ਸੁਕਾ ਲਵੋ ਜਾਂ ਥੋੜੇ ਸ਼ਬਦਾਂ ਵਿਚ ਮੌਕੇ ਤੋਂ ਲਾਭ ਪ੍ਰਾਪਤ ਕਰੋ। ਕੀ ਇਸ ਵਿਚ ਕੁਨਬਾ-ਪ੍ਰਵਰੀ ਲਈ ਸਿੱਧੀ ਵੰਗਾਰ ਨਹੀਂ? ਕੀ ਇਹ ਬੇਈਮਾਨੀ ਤੇ ਘਾਲਾ-ਮਾਲਾ ਕਰਨ ਲਈ ਸੱਦਾ-ਪੱਤਰ ਨਹੀਂ? ਇਸ ਦਾ ਮੋਟਾ ਭਾਵ ਇਹ ਹੈ ਕਿ ਚਾਹੇ ਤੁਹਾਡੇ ਵਿਚ ਕੋਈ ਸਿਫ਼ਤ ਹੈ ਜਾਂ ਨਹੀਂ ਕੋਈ ਵਿਦਵਤਾ ਜਾਂ ਤਜਰਬਾ ਰਖਦੇ ਵੀ ਹੋ ਜਾਂ ਨਹੀਂ, ਨੌਕਰੀ ਲਈ ਉਦੋਂ ਅਰਜ਼ੀ ਘੱਲੋ ਜਦੋਂ ਕੋਈ ਮਾਮਾ, ਸੌਹਰਾ ਜਾਂ ਭਣੋਈਆ, ਕਿਸੇ ਚੰਗੀ ਨੌਕਰੀ ਦੇ ਸਿਖਰਲੇ ਟੰਬੇ ਤੇ ਬਿਰਾਜਮਾਨ ਹੋਵੇ। ਜੇ ਕਿਸੇ ਠੇਕੇ ਦੀ ਤਾਕ ਵਿਚ ਹੋ, ਤਾਂ ਉਦੋਂ ਟੈਂਡਰ ਭਰੋ ਜਦ ਕੋਈ ਤੁਹਾਡਾ ਰਿਸ਼ਤੇਦਾਰ ਸੰਬੰਧਤ ਡੀਪਾਰਟਮੈਂਟ ਦਾ ਹੈਡ ਹੋਵੇ। ਇਸ ਸੂਰਤ ਵਿਚ ਤੁਹਾਡਾ ਰੇਟ ਹੋਰਨਾਂ ਠੇਕੇਦਾਰਾਂ ਤੋਂ ਵਧ ਵੀ ਕਿਉਂ ਨਾ ਹੋਵੇ, ਠੇਕਾ ਤੁਹਾਨੂੰ ਹੀ ਮਿਲੇਗਾ। ਕਿਉਂਕਿ ਤੁਸੀਂ ਆਪਣਾ ਘਾ ਫੂਸ ਸੂਰਜ ਚੜ੍ਹੇ ਸੁਕਾਉਣ ਦਾ ਉਪਰਾਲਾ ਕੀਤਾ ਹੈ। ਇਹ ਜਗਮਗਾਂਦਾ ਸੂਰਜ ਤੁਹਾਡੇ ਮਾਮੇ, ਭਰਾ, ਮਾਸੜ, ਸੌਹਰੇ ਜਾਂ ਭਣੋਈਏ ਚੋਂ ਕੋਈ ਭੀ ਹੋ ਸਕਦਾ ਹੈ।

ਹੋਰ ਲਵੋ। "ਅਜ ਦਾ ਕੰਮ ਕਲ ਤੇ ਨਾ ਛਡੋ" ਇਸ ਬਾਰੇ ਮੈਂ ਇਕ ਗੱਲ ਸੁਣਾਂਦਾ ਹਾਂ। ਕਿਸੇ ਬੈਂਕ ਵਿਚ ਕਲਰਕ ਤੇ ਖਜ਼ਾਨਚੀ ਰੋਜ਼ ਦਾ ਕੰਮ ਰੋਜ਼ ਨਹੀਂ ਨਬੇੜਦੇ ਸਨ। ਜਿਸ ਨਾਲ ਪੈਸੇ ਜਮ੍ਹਾਂ ਕਰਾਉਣ ਤੇ ਕਢਾਉਣ ਵਾਲਿਆਂ ਨੂੰ ਬੜੀ ਹੀ ਤਕਲੀਫ਼ ਹੁੰਦੀ ਸੀ ਤੇ ਨਾਲ ਹੀ ਬੈਂਕ ਦੇ ਬਾਕੀ ਕੰਮਾਂ ਵਿਚ ਬੜੀ ਰੁਕਾਵਟ ਪੈਂਦੀ ਸੀ। ਮੈਨੇਜਰ ਨੇ ਬੈਂਕ ਵਿਚ ਥਾਂ ਥਾਂ ਪੋਸਟਰ ਲੁਆ ਦਿਤੇ "ਅਜ ਦਾ ਕੰਮ ਕਲ ਤੇ ਨਾ ਛਡੋ" ਅਗਲੇ ਦਿਨ ਹੀ ਖਜ਼ਾਨਚੀ ਬੈਂਕ ਦਾ ਇਕ ਲੱਖ ਰੁਪਿਆ ਲੈ ਕੇ ਹਰਨ ਹੋਇਆ। ਅਸਲ ਵਿਚ ਉਹ ਵਿਚਾਰਾ ਕਈਆਂ ਮਹੀਨਿਆਂ ਦਾ ਏਨੀ ਕੁ ਰਕਮ ਬਿਲੇ ਲਾਉਣ ਦੀਆਂ ਗੋਂਦਾਂ ਗੁੰਦ ਰਿਹਾ ਸੀ। ਇਹਨਾਂ ਪੋਸਟਰਾਂ ਨੇ ਉਸ ਦੇ ਘੜਿਚ-ਘੜਿਚ ਕਰਦੇ ਹੌਂਸਲੇ ਨੂੰ ਗਰੀਸ ਦਾ ਕੰਮ ਦਿਤਾ। ਨਾਲ ਹੀ ਹੱਥ ਲਗਦੇ ਮੈਨੇਜਰ ਸਾਹਿਬ ਦਾ ਡਰਾਈਵਰ ਉਹਨਾਂ ਦੀ ਨੌਕਰਾਣੀ ਨੂੰ ਲੈ ਉਡਿਆ।

"ਅਜ ਦਾ ਕੰਮ ਕਲ ਤੇ ਨਾ ਛਡੋ" ਨੂੰ ਵਰਤੋਂ ਵਿਚ ਲਿਆਉਣ ਦੇ ਬੜੇ ਨੁਕਸਾਨ ਨੇ। ਅਸਲ ਵਿਚ ਦੁਨੀਆਂ ਵਿਚ ਜਿਹੜੀ ਰਤਾ ਮਾਸਾ ਸ਼ਰਾਫ਼ਤ ਤੇ ਅਮਨ ਹੈ ਉਹ ਕੇਵਲ ਏਸੇ ਕਰ ਕੇ ਹੈ ਕਿ ਬਹੁ ਗਿਣਤੀ ਅਜ ਦਾ ਕੰਮ ਕਲ ਤੇ ਛਡਦੀ ਹੈ। ਕਈ ਨੌਜਵਾਨ ਮੁੰਡੇ ਕੁੜੀਆਂ ਦਸ ਦਸ ਸਾਲ ਇਸ਼ਕ ਲੜਾ ਕੇ ਵੀ ਮਾਪਿਆਂ ਦੇ ਕਹਿਣ ਮੁਜਬ "ਅੱਖ ਵਿਚ ਪਾਏ ਨਹੀਂ ਰੜਕਦੇ"। ਉਹ ਇਸੇ ਲਈ ਨਹੀਂ ਰੜਕੇ, ਕਿਉਂ ਕਿ ਹੁਣ ਤਕ ਉਹ ਅਜ ਦਾ ਕੰਮ ਕਲ ਤੇ ਛਡਦੇ ਆ ਰਹੇ ਨੇ। ਨਹੀਂ ਤਾਂ ਦੋਹਾਂ ਘਰਾਂ ਦੀ ਹੁਣ ਤਕ ਫਟਕੜੀ ਫੂਲ ਹੋਈ ਹੁੰਦੀ। ਜੇ ਹਰ ਕੋਈ ਇਸ ਤੇ ਪੂਰਾ ਪੂਰਾ ਅਮਲ ਕਰਨ ਲਗ ਜਾਵੇ, ਤਾਂ ਚੋਰੀ, ਡਾਕੇ ਉਧਾਲੇ, ਗ਼ਬਨ ਤੇ ਕਤਲ ਦੀਆਂ ਵਾਰਦਾਤਾਂ ਵਧ ਜਾਣ। ਕਿਉਂਕਿ ਹਰ ਕੋਈ ਆਪਣੇ ਇਰਾਦੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਾਹਲਾ ਹੁੰਦਾ ਹੈ। ਇਕ ਹੋਰ ਨੁਕਸਾਨ ਵੀ ਹੈ। ਵਿਦਿਅਕ ਮਹਿਕਮੇ ਦੇ ਦਫ਼ਤਰਾਂ, ਰਾਸ਼ਨ ਆਫ਼ਿਸਾਂ, ਸੈਕਰੀਟੇਰੀਅਟ ਤੇ ਟੈਕਸੇਸ਼ਨ ਆਫ਼ਿਸਾਂ ਵਿਚੋਂ ਸਟਾਫ਼ ਬਹੁਤ ਜ਼ਿਆਦਾ ਘਟਾਉਣਾ ਪਵੇ, ਜਿਸ ਨਾਲ ਬੇਰੁਜ਼ਗਾਰੀ ਹੋਰ ਭੀ ਕੋੜੀ ਵੇਲ ਵਾਂਗ ਵਧ ਜਾਵੇ। ਕਿਉਂਕਿ ਜੇ ਕੰਮ

ਮਿਹਨਤ ਤੇ ਦਿਲ ਨਾਲ ਰੋਜ਼ ਦਾ ਰੋਜ਼ ਨਬੇੜਿਆ ਜਾਵੇ ਫੇਰ ਭਲਾ ਐਨੀ ਹੋੜ ਦੀ ਲੋੜ ਹੀ ਕੀ ਰਹਿ ਜਾਂਦੀ ਹੈ ?

ਹੋਰ ਵੇਖੋ 'ਇਮਾਨਦਾਰੀ ਬੜੀ ਬੇਸਟ ਪਾਲਸੀ ਹੈ' ਕੀ ਤੁਸੀਂ ਇਸ ਦੀ ਪੁਸ਼ਟਤਾ ਕਰਦੇ ਹੋ ? ਮੈਂ ਤਾਂ ਇਸ ਨਾਲ ਸਹਿਮਤ ਨਹੀਂ ਕਿਉਂਕਿ ਮੈਂ ਜਦ ਭੀ ਇਸ ਤੇ ਅਮਲ ਕੀਤਾ ਹੈ, ਬੁਰਾ ਹਾਲ ਹੀ ਡਿਗਿਆਂ ਹਾਂ । ਬੀ. ਏ. ਦਾ ਇਮਤਿਹਾਨ ਦੇਣ ਸਮੇਂ ਮੈਂ ਵਿਦਿਅਕ-ਮਹਿਕਮੇ ਨੂੰ ਸਾਫ਼ ਲਿਖ ਦਿਤਾ ਕਿ ਮੈਨੂੰ ਇਮਤਿਹਾਨ ਲਈ ਚਾਰ ਦਿਨ ਦੀ ਛੁਟੀ ਦਿਤੀ ਜਾਵੇ। ਇਮਤਿਹਾਨ ਮੈਂ ਨਬੇੜ ਆਇਆ। ਸਕੂਲ ਆ ਕੇ ਪਤਾ ਲਗਾ ਕਿ ਮੇਰੀ ਤਨਖਾਹ ਬਗੈਰ ਆਗਿਆ, ਇਮਤਿਹਾਨ ਦੇਣ ਕਰ ਕੇ ਰੋਕ ਲੀਤੀ ਗਈ ਹੈ ਅਤੇ ਨਾਲ ਹੀ ਜਵਾਬ ਤਲਬੀ ਭੀ ਹੋਈ ਹੈ । ਮੈਂ ਮਹਿਕਮੇ ਨੂੰ ਲਿਖਿਆ ਜੇ ਮੈਂ ਤੁਹਾਨੂੰ ਧੋਖਾ ਦੇਣਾ ਹੁੰਦਾ ਤਾਂ ਮੇਰੇ ਕੇਵਲ ਦੋ ਦਮੜੇ ਹੀ ਡਾਕਟਰੀ ਸਰਟੀਫ਼ੀਕੇਟ ਤੇ ਖਰਚ ਆਉਣੇ ਸਨ । ਪਰ 'ਇਮਾਨਦਾਰੀ ਬੜੀ ਚੰਗੀ ਚੀਜ਼ ਹੈ' ਮੈਂ ਤੁਹਾਨੂੰ ਧੋਖਾ ਦੇ ਕੇ ਭਾਰਤੀ ਪਰੰਪਰਾ ਨੂੰ ਸ਼ਰਮ-ਸਾਰ ਕਰਨਾ ਨਹੀਂ ਸਾਂ ਚਾਹੁੰਦਾ। ਰੱਬ ਵਾਸਤੇ ਮੇਰੇ ਸੱਚ ਦੀ ਕਦਰ ਕਰੋ । ਮੇਰੇ ਵਰਗੇ ਖੁਪ੍ਹ ਹੀਰੇ ਵਿਦਿਅਕ-ਮਹਿਕਮੇ ਵਿਚ ਬੜੇ ਘਟ ਹੋਣਗੇ । ਜੁਆਬ ਤਾਂ ਉਨ੍ਹਾਂ ਕੀ ਦੇਣਾ ਸੀ ਹਾਂ, ਤਨਖਾਹ ਮੇਰੀ ਪੂਰੇ ਗਿਆਰਾਂ ਮਹੀਨਿਆਂ ਮਗਰੋਂ ਦਿਤੀ ।

ਇਹ ਗੱਲ ਨਹੀਂ, ਰੋਜ਼ਾਨਾ ਜੀਵਨ ਵਿਚ ਇਕ ਦਿਨ ਵੀ ਨਿਰਣੇ-ਕਾਲਜੇ ਮੂੰਹ ਹੱਥ ਧੋ ਕੇ ਪ੍ਰਣ ਕਰ ਲਵੋ ਕਿ ਅਜ ਸਾਰੀ ਦਿਹਾੜੀ ਸੱਚ ਦਾ ਪੱਲਾ ਹਥੋਂ ਨਹੀਂ ਛਡਣਾ, ਜੇ ਸ਼ਾਮ ਤਾਈਂ ਤੁਹਾਡੀ ਇਕ ਸੇਖੀ ਵੀ ਸਾਬਤ ਰਹਿ ਜਾਵੇ ਤਾਂ ਮੈਨੂੰ ਕਹਿਣਾ । ਆਪਣੇ ਕਾਰਖਾਨੇ ਦੇ ਫੋਰਮੈਨ ਨੂੰ ਜਾਂ ਆਪਣੇ ਕਾਲਜ ਦੇ ਪ੍ਰਿੰਸੀਪਲ ਜੇ ਇਹ ਗੱਲ ਆਖ ਦੇਵੋ ਕਿ ਜੀ ਤੁਹਾਨੂੰ ਚੰਗਾ ਤਰਨ ਵਾਲਾ ਲਭਾ। ਬਸ ਦਸਖ਼ਤ ਕਰ ਕੇ ਕਾਗਜ਼ ਉਲਟਾਉਣ ਪਲਟਾਉਣ ਦਾ ਹੀ ਕੰਮ ਹੈ। ਵਿਹਲੇ ਸਾਰਾ ਦਿਨ ਕੁਰਸੀ ਛੋਲਦੇ ਓ, ਕਮਰੇ'ਚੋਂ ਹਿਲਦੇ ਨਹੀਂ ਆਦਿ। ਵੇਖ ਲਵ ਕੀ ਬਣਦਾ ਹੈ? ਆਪਣੇ ਹੈਡਮਾਸਟਰ ਨੂੰ ਜੋ ਕੋਈ ਅਧਿਆਪਕ ਇਹ ਗੱਲ ਆਖ ਦੇਵੇ ਕਿ ਹਾਜ਼ਰੀ ਰਜਿਸਟਰ ਵਿਚ ਤੁਸਾਂ ਦੋ ਦਿਨ ਡਿਊਟੀ ਪਾਈ ਹੈ ਪਰ ਤਸ਼ਰੀਫ਼ ਸਰਕਾਰ ਲਿਆ ਰਹੀ ਹੈ ਜੇਵੇਂ, ਝੱਟ ਤੁਹਾਡੀ ਸ਼ਿਕਾਇਤ ਕਰ ਦੇਵੇਗਾ। ਕਿ ਇਹ ਅਧਿਆਪਕ ਮੈਨੂੰ ਮਿਲਵਰਤਨ ਨਹੀਂ ਦੇਂਦਾ ਅਤੇ ਵਕੀਲਾਂ ਵਾਂਗ ... ਜੁਆਬ ਬਹੁਤ ਕਰਦਾ ਹੈ । ਇਸੇ ਤਰ੍ਹਾਂ ਆਪਣੇ ਵੀਰੇ ਮਾਲਕ ਨੂੰ ਕਹਿ ਦੇਵੋ, ਜੀ ਅੱਖ ਬੜੀ ਲਿਬਕੋਰ ਮਾਰਦੀ ਹੈ, ਕਿਸੇ ਗੁਆਂਢਣ ਨੂੰ ਉਸ ਦੀ ਵਿਆਹੁਣ ਯੋਗ ਕੁੜੀ ਬਾਬਤ ਇਹ ਗੱਲ ਆਖ ਦਿਓ, "ਭੈਣ ਜੀ । ਤੁਹਾਡੀ ਬੀਬੀ ਵਲ ਦੇਖ ਕੇ ਤਾਂ ਮੈਨੂੰ ਉਦੱਤ ਆਉਣ ਲਗ ਪੈਂਦੇ ਨੇ। ਜੀਹਦੇ ਲੜ ਲਾਉਗੇ, ਰੋਊ ਆਪਣੇ ਜਣਦਿਆਂ ਨੂੰ ।" ਇਸੇ ਤਰ੍ਹਾਂ ਠਾਣੇਦਾਰ, ਵਕੀਲ, ਲੀਡਰ, ਆਦਿ ਨੂੰ "ਇ-ਮਾਨਦਾਰੀ ਬੜੀ ਚੰਗੀ ਚੀਜ਼ ਹੈ" ਤੇ ਅਮਲ ਕਰਦੇ ਹੋਏ, ਸੱਚੀ ਗੱਲ ਕਹਿ ਕਿ ਵੇਖ ਲਵੋ, ਜੇ ਨਾ ਗੇੜੇ ਖਵਾਈ ਫਿਰਨ ਤਾਂ ਮੈਨੂੰ ਕਹਿਣਾ । ਜੋ ਇਹ ਸਾਰੀਆਂ ਗੱਲਾਂ ਦੱਸਦੀਆਂ ਹਨ ਕਿ ਇਮਾਨਦਾਰੀ ਕੁਝ ਚੰਗੀ ਨੀਤੀ ਸਾਬਤ ਨਹੀਂ ਹੁੰਦੀ।

ਏਸੇ ਤਰ੍ਹਾਂ ਅੰਗਰੇਜ਼ੀ ਦਾ ਅਖਾਣ 'God's Mill Grinds slowly but surely' ਅਰਥਾਤ ਰੱਬ ਦੀ ਚੱਕੀ ਪੀਂਹਦੀ ਹੌਲੀ ਹੌਲੀ ਹੈ ਪਰ ਪੀਂਹਦੀ ਜ਼ਰੂਰ ਹੈ। ਇਸ ਅਖਾਣ ਦੇ ਤਾਂ ਮੂਲੋਂ ਹੀ ਪੈਰ ਨਹੀਂ । ਜ਼ਰਾ ਆਪਣੇ ਰੋਜ਼ਾਨਾ ਜੀਵਨ ਵਿਚ ਵਾਪਰ ਰਹੀਆਂ ਘਟਨਾਵਾਂ ਵਲ ਤਕੋ । ਕੀ ਰੱਬ ਦੀ ਚੱਕੀ ਪੀਂਹਦੀ ਵੀ ਹੈ ? ਮੈਨੂੰ ਤਾਂ ਇਸ ਤੇ ਯਕੀਨ ਨਹੀਂ ਆਉਂਦਾ । ਜਦ ਮੈਂ ਤਕਦਾ ਹਾਂ ਕਿ ਭਲੇ ਮਾਣਸਾਂ ਤੇ ਇਮਾਨਦਾਰਾਂ ਨੂੰ ਕਦਮ ਕਦਮ ਤੇ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਪੈਰ ਪੈਰ ਤੇ ਉਹਨਾਂ ਦਾ ਰਾਹ ਕੰਡਿਆਲਾ ਬਣਾਇਆ ਜਾ ਰਿਹਾ ਹੈ, ਪੈਰ ਪਰ ਤੇ ਹੱਕ ਤਲਫ਼ੀ ਹੋ ਰਹੀ ਹੈ । ਜ਼ਬਰਦਸਤੀ ਜਾਂ ਮਾਇਆ ਦੀ ਛਣਕਾਰ ਨਾਲ ਸੱਤ ਭੰਗ ਕੀਤੇ ਜਾ ਰਹੇ ਨੇ। ਮਜ਼ਬੀ ਜਨੂਨ ਮਾਸੂਮਾਂ ਨੂੰ ਛੁਰੇ ਤੇ ਕਿਰਪਾਨਾਂ ਦੀਆਂ ਨੋਕਾਂ ਵਿਚ ਪਰੁੱਚ, ਮਨੁਖਤਾ ਨੂੰ ਸ਼ਰਮਸਾਰ ਕਰ ਰਹੇ ਨੇ । ਰੋਜ਼ ਉਸੇ ਤਰ੍ਹਾਂ ਅਰਦਾਸਾਂ ਹੁੰਦੀਆਂ ਨੇ, ਰੋਜ਼ ਬਾਂਗਾਂ ਦਿਤੀਆਂ ਜਾਂਦੀਆਂ ਨੇ, ਰੋਜ਼ ਆਰਤੀ ਉਤਾਰੀ ਜਾਂਦੀ ਹੈ ਤੇ ਟੱਲ ਖੜਕਦੇ ਨੇ। ਪਰ ਰੱਬ ਸੁਣਦਾ ਨਹੀਂ, ਰੱਬ ਬੋਲਾ ਹੈ । ਉਸ ਦੀ ਚੱਕੀ ਦੇ ਪੁੜ ਹੈ ਹੀ ਨਹੀਂ । ਜੇ ਭਲਾ ਹੈਨ ਭੀ ਤਾਂ ਮਰਦੂਦ ਮੰਗ ਕੇ ਲੈ ਗਏ ਨੇ । ਇਸ ਲਈ ਕੇਵਲ ਉਹਨਾਂ ਦੀ ਹੀ ਚੱਕੀ ਚਲ ਰਹੀ ਹੈ । ਬੜਾ ਬਰੀਕ ਪੀਂਹਦੀ ਹੈ ਮਾਸ਼ਾ-ਅੱਲਾ ਤੇ ਰੱਬ ਵਿਚਾਰੇ ਨੂੰ ਆਪਣੇ ਪੁੱਤਾਂ ਦਾ ਫ਼ਿਕਰ ਵੱਢ ਵੱਢ ਖਾ ਰਿਹਾ ਹੈ।

ਹੋਰ ਵੇਖੋ "ਅੱਗ ਦਾ ਜਲਿਆ ਅੱਗ ਨਾਲ ਹੀ ਠੀਕ ਹੁੰਦਾ ਹੈ" ਅਜੀਬ ਹਾਸੋ ਹੀਣੀ ਗੱਲ ਹੈ । ਅੱਗ ਦਾ ਜਲਿਆ

ਫਲਾ ਅੱਗ ਨਾਲ ਕਿਸ ਤਰ੍ਹਾਂ ਠੀਕ ਹੋ ਸਕਦਾ ਹੈ। ਇਸ ਅਨੁਸਾਰ ਜੇ ਕੋਈ ਅੱਗ ਨਾਲ ਸੜ ਜਾਵੇ ਤਾਂ ਉਸ ਨੂੰ ਮਲ੍ਹਮ ਪੱਟੀ ਦੀ ਲੋੜ ਨਹੀਂ, ਚੁਕ ਕੇ ਗਹੀਰੇ ਵਿਚ ਖੜਾ ਕਰਕੇ ਲਾਂਬੂ ਲਾ ਦੇਵੋ ਆਪੇ ਅਖਾਣ ਘੜਨ ਵਾਲਾ ਅਸਤ ਪਹੁੰਚਾਂਦਾ ਫਿਰੂ। ਇਸੇ ਤਰ੍ਹਾਂ 'ਦੇਰ ਆਇਦ ਦਰੁਸਤ ਆਇਦ' ਨਾਮੀ ਫਾਰਸੀ ਕਹਾਵਤ ਵੀ ਗਲਤ ਹੈ। ਜ਼ਰੂਰੀ ਨਹੀਂ ਦੇਰ ਨਾਲ ਹੋਣ ਵਾਲਾ ਕੰਮ ਜ਼ਰੂਰੀ ਠੀਕ ਹੋ ਜਾਵੇ। ਸਗੋਂ, ਕਈ ਹਾਲਤਾਂ ਵਿਚ ਦੇਰ ਨਾਲ ਹੋਣ ਵਾਲਾ ਕੰਮ ਖੱਟੇ ਪੈ ਜਾਂਦਾ ਹੈ ਅਤੇ ਹੁੰਦਾ ਹੀ ਨਹੀਂ। ਆਓ ਘਰੇਲੂ ਜੀਵਨ 'ਚੋਂ ਹੀ ਮਸਾਲਾਂ ਲੈ ਲਈਏ। ਜੇ ਵਿਆਹੁਤ ਜੀਵਨ ਦੇ ਪਹਿਲੇ ਸਾਲਾਂ ਵਿਚ ਬਣ ਜਾਵੇ-ਬਣ ਜਾਵੇ-ਫੇਰ ਮਗਰੋਂ ਔਖੀ ਹੀ ਬਣਦੀ ਹੈ। ਇਸੇ ਤਰ੍ਹਾਂ ਜੇ ਪਹਿਲੇ ਇਕ ਦੋ ਸਾਲਾਂ ਅੰਦਰ ਕੁਖ ਹਰੀ ਹੋ ਜਾਵੇ-ਹੋ ਜਾਵੇ-ਨਹੀਂ ਤਾਂ ਬਸ ਹਕੀਮਾਂ, ਵੈਦਾਂ, ਡਾਕਟਰਾਂ, ਸੰਤਾਂ, ਮੌਲਾਣਿਆਂ ਜਾਂ ਪਾਂਧਿਆਂ ਜੋਗੀ ਹੀ ਰਹਿ ਜਾਂਦੀ ਹੈ। ਹੋਰ ਅਨੇਕਾਂ ਅਜਿਹੀਆਂ ਉਦਾਹਰਣਾਂ ਮਿਲ ਸਕਦੀਆਂ ਨੇ, ਰੋਜ਼ਾਨਾ ਜੀਵਨ 'ਚੋਂ ਹੀ। 'ਪਹਿਲੇ ਸੋ ਪਹਿਲੇ-ਪੀਛੇ ਸੋ ਪੀਛੇ' ਅਖਾਣ ਨੂੰ ਲਵੋ। ਅਜ ਇਸਦੀ ਬਸ ਸਟੈਂਡ ਤੇ, ਤੇ ਰਾਸ਼ਨ ਦੀਆਂ ਦੁਕਾਨਾਂ ਤੇ ਚੰਗੀ ਮਿੱਟੀ ਪਲੀਤ ਕੀਤੀ ਜਾ ਰਹੀ ਹੈ। ਜਿਸ ਵਿਚ ਰਤੀ ਵੀ ਜ਼ੋਰ ਹੈ ਉਹ ਧੱਕਾ ਮਾਰ ਕੇ ਟਿਕਟ ਪਹਿਲਾਂ ਲੈਣਾ, ਖੰਡ ਪਹਿਲਾਂ ਤੁਲਾਉਣੀ, ਬਗੈਰ ਸਰਟੀਫੀਕੇਟਾਂ ਤੋਂ ਨੌਕਰੀ ਲੈਣੀ ਤੇ ਠੇਕਾ ਲੈਣਾ ਆਪਣਾ ਪੈਦਾਇਸ਼ੀ ਹੱਕ ਸਮਝਦਾ ਹੈ। ਕਹਿ ਦੇਂਦਾ ਹੈ ਮੈਂ ਪਹਿਲਾਂ ਪਿਛੋਂ ਦੇ ਗੇੜ ਵਿਚ ਨਹੀਂ ਪਿਆ ਕਰਦੇ। ਅੰਗਰੇਜ਼ੀ ਅਖਾਣ 'ਪਹਿਲਾਂ ਹਕਦਾਰ ਬਣੋ ਫੇਰ ਇਛਾ ਕਰੋ' ਨੂੰ ਦੇਖੋ। ਆਮ ਜੀਵਨ ਵਿਚ ਲੰਗੂਰਾਂ ਨੂੰ ਬਿਨਾਂ ਇਛਿਆ ਹੂਰਾਂ ਮਿਲ ਰਹੀਆਂ ਨੇ ਤੇ ਹੱਕਦਾਰ ਦਰਸ਼ਨੀ ਜਵਾਨ ਵਿਚਾਰੇ ਇਸਤਰੀ ਦੀਦ ਨੂੰ ਸਹਿਕ ਰਹੇ ਨੇ।

ਕੁਝ ਹੋਰ ਅਖਾਣਾਂ ਦੀ ਨੂਰੀ ਝਲਕ ਵਿਖਾਵਾਂ 'ਗਲਤੀ ਕਰਨੀ ਮਾਨੁਖ ਦੀ ਖਾਸੀਅਤ ਹੈ ਤੇ ਮੁਆਫ ਕਰਨਾ ਰੱਬ ਦੀ' ਫੇਰ ਇਨਸਾਫ਼ ਨੂੰ ਰੱਬੀ ਕੰਨ ਦਾ ਡਰਾਵਾ ਕਿਉਂ ? ਚੋਰਾਂ ਤੇ ਠੱਗਾਂ ਨੂੰ ਕੈਦਾਂ ਤੇ ਫਾਂਸੀਆਂ ਕਿਉਂ ? ਕਿਉਂ ਕਿ ਗਲਤੀ ਕਰਨੀ ਤਾਂ ਮਾਨੁਖ ਦਾ ਸੁਭਾਉ ਜੁ ਹੋਇਆ। ਇਸੇ ਤਰ੍ਹਾਂ 'ਜੋ ਉਪਦੇਸ਼ ਕਰੋ ਉਸ ਤੇ ਅਮਲ ਕਰੋ'। ਪਰ ਆਮ ਜੀਵਨ ਵਿਚ ਮੁਆਮਲਾ ਇਸ ਦੇ ਬਿਲਕੁਲ ਉਲਟ ਹੈ। ਜੋ ਉਪਦੇਸ਼ ਕੀਤਾ ਜਾਂਦਾ ਹੈ, ਅਮਲ ਇਸ ਦੇ ਬਿਲਕੁਲ ਉਲਟ ਰੋਜ਼ ਰੋਜ਼ ਕੀਤਾ ਜਾਂਦਾ ਹੈ 'ਕਾਮ ਮਹਾਬਲੀ ਸੂਰਾ ਹੈ। ਇਸ ਮੂੰਹ-ਜ਼ੋਰ ਘੋੜੇ ਨੂੰ ਕਾਬੂ ਕਰ'। ਪਰ ਉਪਦੇਸ਼ਕਾਂ ਦੀਆਂ ਲਗਾਮਾਂ ਆਮ ਢਿੱਲੀਆਂ ਹੁੰਦੀਆਂ ਹਨ 'ਮਾਨੁਖਤਾ ਨਾਲ ਪਿਆਰ ਕਰੋ, ਰੋਜ਼ਾਨਾ ਜੀਵਨ ਦੇ ਕੰਮਾਂ ਕਾਰਾਂ ਵਿਚ ਸਦਾ ਸੋਚ ਦੀ ਆੜ ਲਵੋ, ਕਿਸੇ ਦਾ ਦਿਲ ਨਾ ਦੁਖਾਓ, ਕਿਉਂਕਿ ਇਕ ਦਿਲ ਜਿਤ ਲੈਣਾ ਸੌ ਹੱਜਾਂ ਤੋਂ ਕਿਤੇ ਚੰਗਾ ਹੈ, ਸਦਾ ਪ੍ਰਮਾਤਮਾਂ ਤੋਂ ਮੰਗੋ ਆਦਿ। ਉਪਦੇਸ਼ ਕਰਨ ਵਾਲੇ ਮਾਨੁਖਤਾ ਨਾਲ ਪਿਆਰ ਕਰਨ ਦੀ ਬਜਾਏ ਲੋਕਾਂ ਦੀਆਂ ਨੂਹਾਂ-ਧੀਆਂ ਨਾਲ ਪਿਆਰ ਕਰਨਾ ਚਾਹੁੰਦੇ ਨੇ। ਸੋਚ ਦੀ ਚੰਗੀ ਚੰਮੜੀ ਉਧੇੜੀ ਜਾਂਦੀ ਹੈ—ਰੋਜ਼ ਰੋਜ਼ ਦਿਲ ਦੁਖਾਏ ਜਾਂਦੇ ਨੇ। ਰੋਜ਼ ਰੋਜ਼ ਅਰਮਾਨ ਕੁਚਲੇ ਜਾਂਦੇ ਨੇ—ਸਧਰਾਂ ਦਾ ਖੂਨ ਕੀਤਾ ਜਾਂਦਾ ਹੈ। ਨਿਝੱਕ ਕਹਿਣ ਵਾਲੇ ਦੀ ਆਤਮਾ ਨੂੰ ਉਚੇ ਟਬੇ ਤੇ ਅਸਵਾਰ ਰਿਸ਼ਤੇਦਾਰਾਂ ਦੀ ਸਹਾਇਤਾ ਨਾਲ ਵਲੂੰਧਰਿਆ ਜਾਂਦਾ ਹੈ। ਪ੍ਰਮਾਤਮਾਂ ਤੋਂ ਕੁਝ ਨਹੀਂ ਮੰਗਿਆ ਜਾਂਦਾ। ਹੱਕਦਾਰਾਂ ਦੇ ਹੱਕ ਲਤੜਵਾ ਕੇ ਜ਼ਬਰਦਸਤੀ ਲਿਆ ਜਾਂਦਾ ਹੈ।

ਹੁਣ ਆਓ ਉਰਦੂ ਦੇ ਅਖਾਣ 'ਝੂਠ ਕੇ ਪੈਰ ਕਹਾਂ' ਨੂੰ ਵੇਖੀਏ। ਪੈਰਾਂ ਦੀ ਗੱਲ ਛਡੋ। ਝੂਠ ਅਜ ਕਲ ਛਾਬੜਾ ਭੈਮ ਬਣਿਆ ਖੜਾ ਹੈ। ਅਜ ਕਲ ਸੱਚੀ ਗਲ ਕਹਿਣ ਵਾਲਾ ਭਾਵੇਂ ਥਿੜਕ ਜਾਵੇ। ਝੂਠਾ ਬਿਲਕੁਲ ਨਹੀਂ ਥਿੜਕਦਾ। ਜਿਹੜਾ ਦੁਕਾਨਦਾਰ ਰੱਜ ਕੇ ਝੂਠ ਨਹੀਂ ਬੋਲ ਸਕਦਾ ਉਹ ਭੁਖਾ ਮਰਦਾ ਹੈ। ਖੁਸ਼ਾਮਦ, ਝੂਠ ਦੀ ਲਾਡਲੀ ਭੈਣ ਹੈ। ਮਹਾਂ-ਸੂਮ ਨੂੰ ਹਾਤਮ ਦੀ ਕਬਰ ਤੇ ਲਤ ਮਾਰਨ ਵਾਲਾ ਦਰਸਾਣਾ, ਬੇਈਮਾਨ, ਕਪਟੀ ਤੇ ਮਿਤਰ-ਧ੍ਰੋਹੀ ਨੂੰ ਭਗਤ ਦਾ ਦਰਜਾ ਦੇ ਦੇ ਫੁਲਾਉਣਾ, ਅਤਿ-ਕਾਮੀ ਨੂੰ ਭੀਸ਼ਮ-ਪਿਤਾਮਾ ਦਸਣਾ, ਹੰਕਾਰੀ ਨੂੰ ਅਤਿ ਨਿਰਮਾਣ ਕਹਿ ਕਹਿ ਉਪਮਾਂ ਦੇ ਭੈਮ ਉਸਾਰਨੇ, ਕੰਮਪੌਂਡਰ ਰਿਸ਼ਤੇਦਾਰ ਨੂੰ ਕੰਨ, ਨੱਕ, ਗੱਲ ਦਾ ਮਾਹਰ ਡਾਕਟਰ ਦੱਸਣਾ, ਤੇ ਫਿਲਮ ਕੰਪਨੀ ਵਿਚ ਕੈਮਰਾ ਚੁਕਣ ਵਾਲੇ ਭਰਾ ਨੂੰ ਡਾਇਰੈਕਟਰ ਦੀ ਪਦਵੀ ਤੇ ਪੁਚਾ ਦੇਣਾ, ਝੂਠ ਦਾ ਇਕ ਤੁਛ ਜਿਹਾ ਕਰਿਸ਼ਮਾ ਹੈ। ਅਜ ਕਲ ਕਿਸੇ ਪਾਸੇ ਪਪੀਤੇ ਦੇ ਬੀ ਕਾਲੀ-ਮਿਰਚ ਦੀ ਪਦਵੀ ਪ੍ਰਾਪਤ ਕਰ ਜਾਂਦੇ ਨੇ। ਸ਼ਕਰਕੰਦੀ ਦਾ ਆਟਾ ਕਣਕ ਦੇ ਆਟੇ ਦਾ ਦਰਜਾ ਮਲ ਬਹਿੰਦਾ ਹੈ। ਰੰਗੀ ਮੁੰਜ ਕੇਸਰ ਦੀਆਂ ਤੁਰੀਆਂ ਦਾ ਰੂਪ ਧਾਰਨ ਕਰ ਲੈਂਦੀ ਏ। ਆਪ ਹੀ ਸੋਚੋ ਆਖਰ ਇਹ ਕਾਠ ਦੀ ਹਾਂਡੀ ਕਿਸ ਸਹਾਰੇ ਚੜ੍ਹੀ ਹੋਈ ਹੈ—ਜਨਾਬ ਝੂਠ ਦੇ—ਕਿਉਂਕਿ ਉਸ ਦੇ ਪੈਰ ਅਜੰਤਾ ਗ਼ਾਰ ਦੇ ਥੰਮਾਂ ਵਰਗੇ ਨੇ।

ਹੁਣ ਅਖ਼ੀਰ ਵਿਚ ਮੇਰੀ ਖਾਮੋਸ਼ੀ ਦੀ ਵਾਰੀ ਆਈ ਹੈ 'ਖਾਮੋਸ਼ੀ ਸੁਨਹਿਰੀ ਹੈ' ਜਾਂ 'ਚੁਪ ਹਜ਼ਾਰ ਸੁਖ' ਇਸ ਵਿਚ ਵੀ

ਪੋਲ ਹੈ। ਘਰ ਨੂੰ ਅੱਗ ਲਗ ਜਾਵੇ, ਬਿੱਲੀ ਕਾੜ੍ਹਨੀ ਚੋਂ ਦੁਧ ਪੀ ਰਹੀ ਹੋਵੇ, ਤੁਹਾਡੇ ਨਾਲ ਦੇ ਖੇਤ ਵਾਲਾ ਹਰ ਹਲ ਦੇ ਗੇੜੇ ਨਾਲ ਤੁਹਾਡੀ ਕਨਾਲ ਤੇ ਕਨਾਲ ਰੋਕੀ ਜਾ ਰਿਹਾ ਹੋਵੇ, ਤੁਹਾਡਾ ਨਿੱਕਾ ਬਲੌਰਾਂ ਨਾਲ ਮੂੰਹ ਭਰੀਂ ਫਿਰਦਾ ਹੋਵੇ, ਕੋਈ ਗੁਆਂਢੀ ਤੁਹਾਡੀ ਛਤ ਪਾੜ ਰਿਹਾ ਹੋਵੇ ਤਾਂ ਭੀ ਬੋਲਣ ਦੀ ਲੋੜ ਨਹੀਂ। ਕਿਉਂਕਿ ਖਾਮੋਸ਼ੀ ਸੁਨਹਿਰੀ ਹੈ। ਤੁਹਾਡਾ ਸਾਈਕਲ ਬਗੈਰ ਟਲੀਓਂ, ਬਗੈਰ ਬਰੇਕੋਂ ਹੈ। ਰਾਹ ਜਾਂਦਿਆਂ ਨੂੰ ਹਟਾਉਣ ਲਈ ਬੋਲੋ ਬਿਲਕੁਲ ਨਾ—ਉਹਨਾਂ ਦੀਆਂ ਪਿਠਾ ਸੇਕੀ ਚਲੋ ਤੇ ਜੁਤੋ-ਜੁਤੀ ਹੁੰਦੇ ਜਾਵੋ, ਕਿਉਂ ਕਿ 'ਖਾਮੋਸ਼ੀ ਸੁਨਹਿਰੀ ਹੈ'।

ਮੈਂ ਭਾਸ਼ਾਵਾਂ ਦਾ ਆਸ਼ਕ ਹਾਂ। ਕੀ ਅਖਾਣ ਮੈਨੂੰ ਇਹ ਕਹਿੰਦੇ ਗਿਲਾ ਨਹੀਂ ਕਰਨਗੇ।

'ਗ਼ਮ ਨਾ ਥਾ ਕੋਈ, ਬੁਰਾ ਕਹਿਤੀ ਅਗਰ ਦੁਨੀਆ ਮੁਝੇ।
ਆਪਨੇ ਮੂੰਹ ਸੇ ਕਾਸ਼, ਤੁਮ ਨਾ ਕਹਿਤੇ ਦੀਵਾਨਾ ਮੁਝੇ।'

ਪੰਜਾਬੀ ਲੇਖਕਾਂ ਅਗੇ ਬੇਨਤੀ

ਪਿਛਲੇ ਸਾਲ ਪੰਜਾਬੀ ਸਾਹਿਤ-ਸਭਾ ਬਰਨਾਲਾ ਨੇ ੩੦੦ ਸਫ਼ੇ ਦੀ ਇਕ ਖੋਜ-ਭਰਪੂਰ ਪੁਸਤਕ 'ਹੀਰ ਅਹਿਮਦ' ਛਾਪੀ ਸੀ। ਇਸ ਵਰ੍ਹੇ ਸਭਾ ਨੇ ਮਾਲਵੇ ਦੇ ਉੱਘੇ ਕਵੀ ਭਗਵਾਨ ਸਿੰਘ 'ਮਰਾਝ' (ਜਿਨ੍ਹਾਂ ਨੇ ਕਬਿੱਤਾਂ ਵਿਚ ਹੀਰ ਲਿਖੀ ਹੈ) ਦੀਆਂ ਸਾਰੀਆਂ ਪ੍ਰਾਪਤ ਲਿਖਤਾਂ ਅਤੇ ਉਨ੍ਹਾਂ ਦੀ ਜੀਵਨੀ ਛਾਪਣ ਦਾ ਕੰਮ ਅਰੰਭਿਆ ਹੈ। ਇਹ ਪੁਸਤਕ ਮਾਰਚ ਤਕ ਛਪ ਜਾਣੀ ਹੈ, ਪਰ ਅਜੇ ਤਕ ਸਭਾ ਨੂੰ ਲੇਖਕ ਦੀਆਂ ਕਈ ਰਚਨਾਵਾਂ ਨਹੀਂ ਮਿਲ ਸਕੀਆਂ, ਵਿਸ਼ੇਸ਼ ਕਰਕੇ 'ਸੋਹਲੀ' ਅਤੇ 'ਬਾਰਾਂ ਮਾਹਾਂ'।

ਸੋ ਸਭ ਲੇਖਕਾਂ ਅਤੇ ਸਾਹਿਤ ਰਸੀਆਂ ਅਗੇ ਬੇਨਤੀ ਹੈ ਕਿ ਜੇ ਕਿਸੇ ਕੋਲ ਭਗਵਾਨ ਸਿੰਘ 'ਮਰਾਝ' ਦੀ ਕੋਈ ਲਿਖਤ ਹੋਵੇ ਤਾਂ ਉਹ ਕਿਰਪਾ ਕਰਕੇ ਸਭਾ ਨੂੰ ਤੁਰੰਤ ਹੀ ਸੂਚਤ ਕਰਨ ਦੀ ਖੇਚਲ ਕਰੇ। ਜਿਸ ਕਿਸੇ ਮਿਹਰਬਾਨ ਕੋਲ 'ਸੋਹਲੀ' ਅਤੇ 'ਬਾਰਾਂ ਮਾਹਾਂ' ਹੋਵੇ ਉਹ ਸਭਾ ਨੂੰ ਪਾਰਸਲ ਕਰਕੇ ਭੇਜ ਦੇਵੇ। ਉਹ ਲਿਖਤਾਂ ਉਸੇ ਹਾਲਤ ਵਿਚ ਇਕ ਹਫ਼ਤੇ ਦੇ ਅੰਦਰ ਅੰਦਰ ਪਰਤਾ ਦਿਤੀਆਂ ਜਾਣਗੀਆਂ। ਡਾਕ ਖਰਚ ਸਭਾ ਦਾ ਹੋਵੇਗਾ ਅਤੇ ਸਭਾ ਉਨ੍ਹਾਂ ਦੇ ਇਸ ਵਡਮੁੱਲੇ ਸਹਿਯੋਗ ਲਈ ਧੰਨਵਾਦੀ ਹੋਵੇਗੀ।

ਸਕੱਤਰ
ਪੰਜਾਬੀ ਸਾਹਿਤ ਸਭਾ,
ਬਰਨਾਲਾ।

ਲੋਕ-ਗੀਤਾਂ ਵਿਚ ਬਾਬਲ

ਹਰਕੇਸ਼ ਸਿੰਘ ਕਹਿਲ

ਸੌ ਦਾਰੂ ਇਕ ਘਿਉ ।
ਸੌ ਚਾਚਾ ਇਕ ਪਿਉ ।

ਬਾਬਲ ਦੀ ਮਹਾਨਤਾ ਦਾ ਸਾਨੂੰ ਇਸ ਕਥਨ ਤੋਂ ਭਲੀ ਭਾਂਤ ਪਤਾ ਲੱਗ ਜਾਂਦਾ ਹੈ । ਫੇਰ, ਲੜਕੀਆਂ ਦਾ ਤਾਂ ਸਭ ਕੁਝ ਹੀ ਬਾਬਲ ਹੋਇਆ ਕਰਦਾ ਹੈ । ਭਾਵ ਬਾਪ ਹੀ ਇਕ ਅਜੇਹਾ ਧੁਰਾ ਹੈ ਜਿਸ ਦੇ ਦੁਆਲੇ ਕੁਟੰਬ ਦਾ ਸਾਰਾ ਚੱਕਰ ਚਲਦਾ ਹੈ । ਬਾਪ ਤੋਂ ਉਤਰ ਕੇ ਲੜਕੀਆਂ ਦਾ ਜ਼ਿਆਦਾ ਜ਼ੋਰ ਆਪਣੀ ਮਾਂ ਜਾਈ ਤੇ ਹੁੰਦਾ ਹੈ । ਇਹ ਹੀ ਉਨ੍ਹਾਂ ਦੇ ਹਰ ਰਾਜ਼ ਦੀ ਸਾਂਝੀਵਾਲ ਹੁੰਦੀ ਹੈ । ਭੈਣ ਤੇ ਭਰਾਵਾਂ ਦਾ ਵੀ ਆਪਸ ਵਿਚ ਇਕ ਅਮੁੱਲ ਪਿਆਰ ਹੈ । ਭੈਣਾਂ ਭਰਾਵਾਂ ਨੂੰ ਆਪਣੀ ਸਾਰੀ ਉਮਰ ਦੇ ਮਾਪੇ ਸਮਝਦੀਆਂ ਹਨ । ਭੈਣਾਂ ਦੀ ਆਪਣੇ ਭਰਾਵਾਂ ਲਈ ਕਿੰਨੀ ਤੀਬਰ ਤਾਂਘ ਹੈ—

ਦੋ ਵੀਰ ਦੇਈਂ ਵੇ ਰੱਬਾ,
ਮੇਰੀ ਸਾਰੀ ਉਮਰ ਦੇ ਮਾਪੇ ।

ਮੰਨਿਆਂ, ਕਿ ਅੱਜ ਇਸਤ੍ਰੀ ਨੇ ਆਪਣੀ ਵੱਖਰੀ ਹਸਤੀ ਬਣਾ ਲਈ ਹੈ ਜਿਹੜੀ ਕਿ ਉਸ ਨੂੰ ਜਿਉਣ ਜੋਗਿਆਂ ਰੱਖਣ ਲਈ ਕਾਫ਼ੀ ਹੈ, ਪਰ ਫੇਰ ਵੀ ਇਨਾਂ ਕੁਝ ਕਾਫ਼ੀ ਨਹੀਂ । ਪਹਿਲਾਂ ਇਸਤ੍ਰੀ ਦਾ ਆਦਮੀ ਤੇ ਜ਼ਿਆਦਾ ਨਿਰਭਰ ਹੋਣ ਦਾ ਕਾਰਨ ਆਰਥਕਤਾ ਸੀ, ਜਿਹੜੀ ਕਿ ਅਜ ਉਸ ਨੇ ਪ੍ਰਾਪਤ ਕਰ ਲਈ ਹੈ ਪਰ ਫਿਰ ਵੀ ਉਸ ਨੂੰ ਆਪਣਾ ਸਫ਼ਰ ਸੁਆਦਲਾ ਤੇ ਰੰਗੀਨ ਬਣਾਉਣ ਲਈ ਮਰਦ ਦੀ ਆਵਸ਼ਕਤਾ ਹੈ । ਜੀਵਨ ਨੂੰ ਸਹੀ ਅਰਥਾਂ ਵਿਚ ਜਿਉਣ ਲਈ ਅਤੇ ਮਨੋਰੰਜਕ ਬਣਾਉਣ ਲਈ ਇਸਤ੍ਰੀ ਮਰਦ ਦਾ ਸੁਮੇਲ ਜ਼ਰੂਰੀ ਹੈ ।

ਬਾਪ ਘਰ ਦਾ ਸੰਚਾਲਕ ਹੁੰਦਾ ਹੈ । ਸਾਰੀਆਂ ਜ਼ੁੰਮੇਵਾਰੀਆਂ ਇਸ ਦੇ ਸਿਰ ਹੁੰਦੀਆਂ ਹਨ । ਸਾਰੇ ਕੁਟੰਬ ਦੀਆਂ ਰੀਝਾਂ, ਉਮੰਗਾਂ ਤੇ ਸੱਧਰਾਂ ਨੂੰ ਬਾਪ ਹੀ ਨੇਪਰੇ ਚਾੜ੍ਹਦਾ ਹੈ । ਇਹ ਇਕ ਜੱਜ ਦਾ ਕੰਮ ਕਰਦਾ ਹੈ ਜਦ ਕਿ ਟੱਬਰ ਵਿਚਲਿਆਂ ਛੋਟੇ ਛੋਟੇ ਝਗੜਿਆਂ ਨੂੰ ਨਜਿੱਠਦਾ ਹੈ ।

ਬੱਚੇ ਵੀ ਆਪਣੇ ਮਾਂ ਬਾਪ ਦਾ ਸਾਰਾ ਅਸਰ ਕਬੂਲਦੇ ਹਨ । ਉਂਜ ਤਾਂ ਬੱਚਾ ਹੀ ਆਪਣੇ ਮਾਂ ਬਾਪ ਦਾ ਦੂਸਰਾ ਰੂਪ ਹੁੰਦਾ ਹੈ । ਉਸ ਨੂੰ ਬੋਲ ਚਾਲ, ਰਹਿਣੀ ਬਹਿਣੀ ਸਭ ਵਿਰਸੇ ਵਿਚ ਹੀ ਮਿਲਦੇ ਹਨ । ਇਥੋਂ ਤੱਕ ਕਿ ਕਈ ਵਾਰੀ ਮਾਂ ਬਾਪ ਦੀਆਂ ਦੁਸ਼ਮਣੀਆਂ ਵੀ ਬੱਚਿਆਂ ਨੂੰ ਵਿਰਸੇ ਵਿਚ ਮਿਲਦੀਆਂ ਹਨ, ਜਿਸ ਤਰ੍ਹਾਂ ਕਿ ਘਰ ਅਤੇ ਜ਼ਮੀਨ ਆਦਿ ਕਰਕੇ ।

ਸਮਾਜ ਵਿਚ ਬਾਪ ਦੀ ਮਹੱਤਤਾ ਅਵਰਨਣੀ ਹੈ । ਕੋਈ ਕਿੰਨੀ ਵੀ ਉੱਚੀ ਪਦਵੀ ਨੂੰ ਕਿਉਂ ਨਾ ਪਾ ਜਾਏ ਪਰ ਸਦਾ ਉਹ ਕਿਸੇ ਨਾ ਕਿਸੇ ਦਾ ਪੁੱਤਰ ਸੱਦੀ ਦਾ ਹੈ । ਅਸੀਂ ਹਰ ਰੋਜ਼ ਗਲੀ ਮਹੱਲੇ ਵਿਚ ਇਹ ਵਾਕ ਆਮ ਸੁਣਦੇ ਹਾਂ "ਫਲਾਣਿਆਂ ਦਾ ਮੁੰਡਾ ਕਪਤਾਨ ਬਣ ਗਿਆ," "ਫਲਾਣਿਆਂ ਦੀ ਧੀ ਥਾਣੇਦਾਰ ਨੂੰ ਵਿਆਹੀ ਹੋਈ ਆ।"

ਉਂਜ ਤਾਂ ਲੜਕੇ ਤੇ ਲੜਕੀ ਦੋਹਾਂ ਲਈ ਬਾਪ ਦੀ ਬਹੁਤ ਮਹਾਨਤਾ ਹੁੰਦੀ ਹੈ ਪਰ ਲੜਕਾ ਵਡਾ ਹੋ ਕੇ ਖ਼ੁਦਮੁਖ਼ਤਿਆਰ ਹੋ ਜਾਂਦਾ ਹੈ, ਜਿਥੇ ਕਿ ਲੜਕੀ ਨੂੰ ਹਰ ਗੱਲ ਬਾਤ, ਮਤਲਬ ਕਿ ਜੀਵਨ ਦੀ ਕੋਈ ਵੀ ਗੁੰਝਲ ਕਿਉਂ ਨਾ ਹੋਵੇ, ਆਪਣੇ ਬਾਪ ਤੇ ਮਾਂ ਦੀ ਸਲਾਹ ਨਾਲ ਖੋਲ੍ਹਣੀ ਪੈਂਦੀ ਹੈ । ਜਿਸ ਤਰ੍ਹਾਂ ਲੜਕੀ ਛੋਟੀ ਉਮਰੇ ਆਪਣੇ ਮਾਂ ਬਾਪ ਦੇ ਆਸਰੇ, ਵਡੀ ਹੋ ਕੇ ਆਪਣੇ ਪਤੀ ਪਰਮੇਸ਼ਵਰ ਦੇ ਆਸਰੇ ਅਤੇ ਬੁੜ੍ਹੀ ਹੋ ਕੇ ਆਪਣੇ ਜਵਾਨ ਪੁੱਤਰਾਂ ਦੇ ਆਸਰੇ ਰਹਿੰਦੀ ਹੈ । ਇਕ ਤਰ੍ਹਾਂ ਨਾਲ ਇਸ ਦਾ ਸਾਰਾ ਜੀਵਨ ਹੀ ਪਰਾਧੀਨਤਾ ਭਾਵ ਕਿ ਪਰ ਆਸਰੇ ਹੀ ਲੰਘਦਾ ਹੈ ।

ਪਹਿਲਾਂ ਤਾਂ ਲੜਕੀ ਦੇ ਜਨਮ ਨੂੰ ਹੀ ਨਹਿਸ ਸਮਝਿਆ ਜਾਂਦਾ ਹੈ । ਅਜ ਤੋਂ ਕੋਈ ਇਕ ਸਦੀ ਪਹਿਲਾਂ ਕਈ ਕਬੀਲਿਆਂ ਵਿਚ ਲੜਕੀ ਦੇ ਜਨਮ ਨੂੰ ਇੰਨਾ ਬੁਰਾ ਸਮਝਿਆ ਜਾਂਦਾ ਸੀ ਕਿ ਲੜਕੀ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ ਜਿਸ ਤਰ੍ਹਾਂ ਕਿ ਇਸ ਲੋਕ-ਗੀਤ ਤੋਂ ਪ੍ਰਤੱਖ ਹੈ ।

ਕਦੇ ਨਾ ਆਇਆ ਹਸਦਾ ਖੇਡਦਾ,
ਕਦੇ ਨਾ ਆਇਆ ਖੁਸ਼ੀ ਕਰ ਕੇ,
ਤੈਨੂੰ ਰੱਬ ਕਿਉਂ ਨਾ ਦਿੱਤਾ,
ਵੇ ਕੁੜੀ ਬਦਲੇ !

ਅਤੇ ਫੇਰ ਪੁੱਤਰ ਦੇ ਜਨਮ ਤੇ ਬਾਪ ਦੇ ਖੇੜੇ ਚੰਨ ਚੜ੍ਹ ਜਾਂਦਾ ਹੈ। ਇਥੇ ਵੀ ਲੜਕੀ ਦਾ ਜਿਗਰਾ ਵੇਖੋ, ਉਹ ਸ਼ਰੀਕ ਨਹੀਂ ਬਣਦੀ, ਸਗੋਂ ਆਪਣੇ ਬਾਬਲ ਦੀ ਖ਼ੁਸ਼ੀ ਵਿਚ ਖ਼ੁਸ਼ੀ ਮਹਿਸੂਸ ਕਰਦੀ ਹੈ ...

ਚੰਨ ਚੜ੍ਹਿਆ ਬਾਪ ਦੇ ਖੇੜੇ,
ਵੀਰ ਘਰ ਪੁੱਤ ਜੰਮਿਆ।

ਲੜਕੀ ਨੂੰ ਜੰਮਦੇ ਦੇ ਹੀ ਮਾਰ ਦਿੱਤਾ ਜਾਂਦਾ ਹੈ ਪਰ ਲੜਕੇ ਦੇ ਜਨਮ ਤੇ ਗਾਈਆਂ ਮੱਝਾਂ ਪੁੰਨ ਦਿੱਤੀਆਂ ਜਾਂਦੀਆਂ ਹਨ—

ਬਾਪੂ ਮੱਝੀਆਂ ਦੇ ਸੰਗਲ ਫੜਾਵੇ,
ਵੀਰ ਘਰ ਪੁੱਤ ਜੰਮਿਆਂ।

ਲੜਕੇ ਤੇ ਲੜਕੀ ਦੇ ਜਨਮ ਵਿਚ ਕਿੰਨਾ ਅੰਤਰ ਹੈ। ਫੇਰ ਇਥੋਂ ਤੱਕ, ਕਿ ਮਾਂ ਦੇ ਭਾਵੇਂ ਚਾਰ ਲੜਕੀਆਂ ਹੋਣ, ਪਰ ਫਿਰ ਵੀ ਉਹ ਉਨ੍ਹਾਂ ਚਿਰ ਨਹੀਂ ਸੌਂਹਦੀ ਜਿੰਨਾਂ ਚਿਰ ਕਿ ਉਸ ਦੇ ਵਿਹੜੇ ਪੁੱਤਰ ਨਹੀਂ ਖੇਡਦਾ। ਪੁੱਤਰ ਖਾਤਰ ਉਹ ਟੂਣੇ ਤਵੀਤ ਕਰਾਉਂਦੀਆਂ ਤੇ ਜਗਰਾਤੇ ਕੱਟਦੀਆਂ ਹਨ ਤੇ ਹੋਰ ਪਤਾ ਨਹੀਂ ਕੀ ਕੁਝ ਕਰਦੀਆਂ ਹਨ।

ਪੁੱਤਰਾਂ ਦੀ ਹੋਂਦ ਤੋਂ ਬਿਨਾਂ ਵਿਹੜੇ ਸੁੰਞੇ ਤੇ ਬੂਹੇ-ਦਾਰ ਕੋਠੀਆਂ ਨਹੀਂ ਸੋਂਹਦੀਆਂ। ਪੁੱਤਰਾਂ ਨੂੰ ਲੱਖ ਤੇ ਦੋ ਲੱਖ ਦੇ ਕੇ ਵੀ ਖਰੀਦਣ ਲਈ ਕਿਹਾ ਜਾਂਦਾ ਹੈ। ਪਰ ਪੁੱਤਰ ਇਸ ਤਰ੍ਹਾਂ ਥੋੜੇ ਮਿਲਦੇ ਹਨ। ਇਹ ਰੱਬੀ ਦਾਤ ਹੈ—

ਪੁੱਤਰ ਮਿਠੜੇ ਮੇਵੇ, ਮਾਹੀ ਵੇ,
ਪੁੱਤਰ ਮਿਠੜੇ ਮੇਵੇ,
ਵਿਚ ਬਜ਼ਾਰੀ ਨਾ ਵਿਕਦੇ, ਮਾਹੀ ਵੇ,
ਰੱਬ ਦੇਵੇ ਤਾਂ ਲੈਵੇ।

ਪਰ ਸਾਨੂੰ ਕੋਈ ਅਜਿਹੇ ਲੋਕ ਗੀਤ ਨਹੀਂ ਮਿਲਦੇ ਜਿਨ੍ਹਾਂ ਵਿਚ ਲੜਕੀਆਂ ਦੇ ਜਨਮ ਲਈ ਤਰਲਾ ਹੋਵੇ, ਵਿਹੜੇ ਸੱਖਣੇ ਹੋਣ ਤੇ ਘਰ ਸੁੰਞੇ ਲੱਗਣ। ਪੁੱਤਰ ਲਈ ਲੋਰੀਆਂ ਹਨ। ਪੁੱਤਰਾਂ ਦੇ ਵਾਲ ਵੀ ਗੜ ਵੰਡ ਕੇ ਰਖਾਏ ਜਾਂਦੇ ਹਨ। ਕੇਸ ਗੁੰਦਣ ਦੇ ਗੀਤ ਹਨ, ਘੋੜੀਆਂ ਹਨ, ਘੋੜੀ ਚੜ੍ਹਣ ਸਮੇਂ ਦੇ ਗੀਤ ਹਨ, ਪਰ ਸਾਨੂੰ ਲੜਕੀਆਂ ਸਬੰਧੀ ਅਜਿਹੇ ਗੀਤ ਬਹੁਤ ਘੱਟ ਵੇਖਣ ਵਿਚ ਆਉਂਦੇ ਹਨ।

ਪ੍ਰਮਾਤਮਾ ਦਾ ਸ਼ੁਕਰ ਹੈ ਕਿ ਅੱਜ ਇਸਤ੍ਰੀ ਨੂੰ ਸਮਾਜ ਦੇ ਅੰਦਰ ਪੁੱਤਰ ਜਿੰਨੀ ਕੁ ਥਾਂ ਮਿਲਣ ਲਗ ਪਈ ਹੈ। ਅਜ ਲੜਕੀ ਦੇ ਜਨਮ ਨੂੰ ਅਗੇ ਜਿੰਨੀ ਘ੍ਰਿਣਾ ਨਾਲ ਨਹੀਂ ਵੇਖਿਆ ਜਾਂਦਾ। ਅਜ ਇਸਤ੍ਰੀ ਨੂੰ ਜੀਵਨ ਦੀ ਦੌੜ ਵਿਚ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦਾ ਅਵਸਰ ਮਿਲ ਰਿਹਾ ਹੈ। ਸਾਡੇ ਸੰਵਿਧਾਨ ਨੇ ਵੀ ਇਸਤ੍ਰੀ ਨੂੰ ਮਰਦ ਜਿੰਨੀ ਖੁੱਲ੍ਹ ਦੇ ਦਿੱਤੀ ਹੈ। ਹੁਣ ਇਸਤ੍ਰੀ ਹਰ ਉਹ ਕੰਮ ਬਿਨਾਂ ਝਿਜਕ ਕਰ ਸਕਦੀ ਹੈ ਜਿਹੜਾ ਕਿ ਮਰਦ ਕਰਦਾ ਹੈ। ਅਜ ਇਸਤ੍ਰੀਆਂ ਹਿੰਦੁਸਤਾਨ ਅੰਦਰ ਤਾਂ ਕੀ, ਦੁਨੀਆਂ ਦੇ ਦੂਜੇ ਦੇਸ਼ਾਂ ਵਿਚ ਵੀ ਵਡੀਆਂ ਵਡੀਆਂ ਪਦਵੀਆਂ ਤੇ ਲੱਗੀਆਂ ਹੋਈਆਂ ਹਨ।

ਖੈਰ ਇਸ ਬਾਬਤ ਕਦੇ ਫੇਰ ਸਹੀ, ਵਿਸ਼ਾ ਸੀ ਲੋਕ-ਗੀਤਾਂ ਵਿਚ ਬਾਬਲ।

ਲੜਕੀ ਦੀ ਆਪਣੇ ਬਾਬਲ ਦੇ ਘਰ ਜੋਗੀ ਵਾਲੀ ਫੇਰੀ ਤੇ ਚਿੜੀਆਂ ਦੀ ਉਡਾਰੀ ਸਮਝੀ ਜਾਂਦੀ ਹੈ। ਜਦ ਚਿੜੀਆਂ ਦੇ ਖੰਭ ਆ ਜਾਂਦੇ ਹਨ ਤੇ ਉਡਾਰੂ ਹੋ ਜਾਂਦੀਆਂ ਹਨ ਤਾਂ ਉਹ ਆਪਣਾ ਆਲ੍ਹਣਾ ਛੱਡ ਕੇ ਉਡ ਜਾਂਦੀਆਂ ਹਨ। ਇਹੋ ਗੱਲ ਹੀ ਲੜਕੀਆਂ ਲਈ ਕਹੀ ਜਾਂਦੀ ਹੈ। ਜਦ ਲੜਕੀ ਜਵਾਨ ਹੋ ਜਾਂਦੀ ਹੈ ਤਾਂ ਉਸ ਨੂੰ ਵਿਆਹ ਦਿੱਤਾ ਜਾਂਦਾ ਹੈ। ਸਿਰੋਂ ਭਾਰ ਹੌਲਾ ਕੀਤਾ ਜਾਂਦਾ ਹੈ। ਰੂੜੀ ਦਾ ਕੂੜਾ ਰੂੜੀ ਤੇ ਸੁਟਿਆ ਜਾਂਦਾ ਹੈ। ਲੜਕੀ ਦੇ ਮਨੋਵੇਗ ਹਨ—

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ! ਅਸਾਂ ਉਡ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ! ਕਿਹੜੇ ਦੇਸ਼ ਜਾਣਾ।

ਲੜਕੀ ਦੀ ਕੁੜਮਾਈ ਬਾਰੇ ਗੱਲਾਂ ਛਿੜ ਰੀਆਂ ਹਨ। ਘਰ ਵਿਚ ਘੁਸਰ ਮੁੱਸਰ ਹੁੰਦੀ ਹੈ। ਲੜਕੀਆਂ ਲਈ ਇਹ ਜੁਦਾਈ ਅਸਹਿ ਹੁੰਦੀ ਹੈ। ਉਹ ਕਿਸੇ ਖੱਲ ਖੂੰਜੇ ਬੈਠ ਕੇ ਆਪਣੇ ਦਿਲ ਦਾ ਭਾਰ ਹੌਲਾ ਕਰਦੀਆਂ ਹਨ। ਜਦ ਉਸ ਨੂੰ ਇਸ ਕੌੜਾ ਘੁਟ ਪੀਣ ਤੋਂ ਸਿਵਾ ਕੋਈ

ਚਾਰਾ ਨਹੀਂ ਦਿੱਸਦਾ ਤਾਂ ਉਹ ਆਪਣੇ ਬਾਬਲ ਨੂੰ ਗੀਤਾਂ ਰਾਹੀਂ ਚਿਤਾਵਨੀ ਦਿੰਦੀ ਹੈ। ਕੀ ? ਚੰਗਾ ਚਲਦਾ ਘਰ ਹੋਵੇ, ਪੱਕਾ ਦਰ ਹੋਵੇ, ਸੱਸੂ ਦੇ ਪੁੱਤਰ ਸੱਤ ਹੋਣ, ਰੰਗ ਗੋਰਾ ਹੋਵੇ—

ਕਿਤੇ ਲਿੱਪਣੇ ਨਾ ਪੈਣ ਬਨੇਰੇ,
ਪੱਕਾ ਘਰ ਟੋਲੀਂ ਬਾਬਲਾ ।

ਕਾਲੇ ਤੋਂ ਘਿਰਣਾ ਹੈ। ਕਦੇ ਮਾਲ ਵੱਛਾ ਹੀ ਨਾ ਡਰ ਜਾਵੇ। ਕਦੇ ਬਿਜਲੀ ਦਾ ਹੀ ਸ਼ਿਕਾਰ ਨਾ ਹੋ ਜਾਵੇ—

ਕਾਲਾ ਡੂੰਮ ਨਾ ਸਹੇੜੀਂ, ਮੇਰਿਆ ਬਾਬਲਾ,
ਘਰ ਦਾ ਮਾਲ ਡਰੂ ।

ਵਰ ਕਿਸ ਤਰ੍ਹਾਂ ਦਾ ਤੇ ਨਾਨ ਕਿਸ ਤਰ੍ਹਾਂ ਦੀ ਹੋਵੇ—

ਦੇਵੀਂ ਵੇ ਬਾਬਲਾ ਉਸ ਘਰੇ,
ਜਿਥੇ ਸੱਸੂ ਦੇ ਪੁੱਤਰ ਸੱਤ ।
ਇਕ ਮੰਗੀਏ, ਇਕ ਵਿਆਹੀਏ,
ਮੇਰਾ ਬਾਦੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ ।

ਦੇਵੀਂ ਵੇ ਬਾਬਲ ਉਸ ਘਰੇ,
ਜਿਥੇ ਸੱਸੂ ਦੇ ਮੱਝਾਂ ਸੱਤ ।
ਇਕ ਚੋਵਾਂ, ਇਕ ਵਧਾਵਾਂ,
ਮੇਰਾ ਬਾਦੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ ।

ਪਾਧੇ ਤੋਂ ਜੰਤਰੀ ਵਿਖਾਈ ਜਾਂਦੀ ਹੈ, ਦਿਨ ਧਰੇ ਜਾਂਦੇ ਹਨ। ਗੀਤਾਂ ਨੂੰ ਲੋਹੜਾ ਆਂਦਾ ਹੈ। ਨਿਸਚਿਤ ਦਿਨ ਜੰਞ ਕੁੜੀ ਦੇ ਪਿੰਡ ਪੁੱਜਦੀ ਹੈ। ਕੁੜੀ ਦਾ ਹੋਣ ਵਾਲਾ ਸਹੁਰਾ ਪਿੰਡ ਦੇ ਬਾਹਰੋਂ ਹੀ ਆਪਣੇ ਪੁੱਤਰ ਉਤੋਂ ਦੀ ਪੈਸੇ ਸੁੱਟਣੇ ਸ਼ੁਰੂ ਕਰ ਦਿੰਦਾ ਹੈ। ਦੂਜੇ ਦਿਨ ਬੀਬੀ ਨੂੰ ਗੁਰੂ ਗਰੰਥ ਸਾਹਿਬ ਦੇ ਸਨਮੁਖ ਕਿਸੇ ਨਾਲ ਲਾਵਾਂ ਦਿੱਤੀਆਂ ਜਾਂਦੀਆਂ ਹਨ। ਆਉਣ ਵਾਲੇ ਸੰਮਣਾਂ ਦੇ ਨਾਲ ਬੀਬੀ ਨੂੰ ਪਰਾਇਆ ਕੀਤਾ ਜਾਂਦਾ ਹੈ। ਲੜਕੀ ਆਪਣੇ ਬਾਬਲ ਨੂੰ ਆਪਣਾ ਮਾਣ ਉਚਾ ਰੱਖਣ ਖਾਤਰ ਕਹਿੰਦੀ ਹੈ ਤੇ ਨਾਲੇ ਉਂਜ ਆਪਣੇ ਬਾਬਲ ਦੇ ਨੱਕ ਦਾ ਵੀ ਖਿਆਲ ਹੈ—

ਨੱਕ ਲਾ ਕੇ ਤੋਰੀਂ ਬਾਬਲਾ,
ਅਸੀਂ ਜਨਮ ਲਿਆ ਘਰ ਤੇਰੇ ।

ਇਹ ਭਾਗਾਂ ਭਰਿਆ ਸੰਜੋਗ ਜੀਵਨ ਵਿਚ ਇਕ ਵਾਰ ਹੀ ਆਇਆ ਕਰਦਾ ਹੈ। ਇਸ ਲਈ ਲੜਕੀ ਆਪਣੇ ਬਾਬਲ ਨੂੰ ਗੀਤਾਂ ਰਾਹੀਂ ਪੂਰੀ ਰੀਝ ਲਾਹੁਣ ਲਈ ਕਹਿੰਦੀ ਹੈ। ਤਮੰਨਾ ਕੀਤੀ ਹੈ—

ਪਾ ਦੇ ਬਾਪੂ ਨੱਥ ਮੱਛਲੀ,
ਅਸੀਂ ਜਨਮ ਲਿਆ ਘਰ ਤੇਰੇ ।

ਖ਼ੁਦਗਰਜ਼ ਵੀ ਨਹੀਂ, ਜੋਵ ਨੂੰ ਖੁਸ਼ ਕਰਨ ਲਈ ਵੀ ਕਹਿੰਦੀ ਹੈ। ਸਗੋਂ ਸਭ ਦਾ ਮਾਣ ਰਖਣਾ ਚਾਹੁੰਦੀ ਹੈ। ਅੱਜ ਤਾਂ ਸਾਰੇ ਹੀ ਲੱਡੂਆਂ ਦੀ ਰੋਟੀ ਦਿੰਦੇ ਹਨ ਪਰ ਕੁਝ ਸਮਾਂ ਪਹਿਲਾਂ ਜਦ ਕਿ ਆਰਥਕ ਹਾਲਤ ਕੁਝ ਮਾੜਾ ਡੌਲ ਸੀ ਤਾਂ ਉਸ ਸਮੇਂ ਵੀ ਉਸ ਦੀ ਇਹ ਇਛਾ ਹੁੰਦੀ ਸੀ। ਜੇ ਉਹ ਇਕਲੌਤੀ ਹੁੰਦੀ ਤਾਂ ਆਖਦੀ—

ਇਕ ਧੀ ਮੈਂ ਤੇਰੇ ਬਾਬਲਾ,
ਦੇ ਲੱਡੂਆਂ ਦੀ ਰੋਟੀ ।

ਲੜਕੀ ਦੇ ਤੁਰਨ ਸਮੇਂ ਦੇ ਗੀਤ ਬਹੁਤ ਹਿਰਦੇ ਵੇਦਕ ਹਨ। ਇਕ ਰਾਤ ਤੇ ਇਕ ਘੜੀ ਹੋਰ ਰਹਿਣ ਲਈ ਉਧਾਰੀ ਮੰਗੀ ਜਾਂਦੀ ਹੈ। ਪਰ ਕਿਥੇ। ਉਸ ਨੂੰ ਲਾਡਾਂ ਮਲਾਰਾਂ ਨਾਲ ਪਾਲ ਕੇ ਪਰਾਏ ਦੇਸ਼ ਤੋਰਨ ਲਈ ਛੇਤੀ ਕੀਤੀ ਜਾਂਦੀ ਹੈ—

ਲੈ ਚੱਲੇ ਬਾਬਲ, ਲੈ ਚੱਲੇ ਪਰਾਏ ਦੇਸ਼,
ਬਾਬਲ ਤੇਰੀ ਲਾਡਲੀ ਨੂੰ ।

ਵਰ੍ਹਿਆਂ ਦਾ ਸਹੇਲ, ਜਨਮ ਭੂਮੀ, ਗੁੱਡੇ ਤੇ ਗੁੱਡੀਆਂ ਨਾਲ ਖੇਲਣ ਵਾਲੀਆਂ ਉਹ ਗਲੀਆਂ, ਜੂਹਾਂ, ਖੇਤਾਂ, ਟਿੱਬਿਆਂ ਤੇ ਘਰ ਦੀ ਮੋਹ ਛੱਡਣ ਲਈ ਕੁਝ ਤਾਂ ਸਮਾਂ ਚਾਹੀਦਾ ਹੈ, ਪਰ ਉਸ ਨੂੰ ਤਾਂ ਛੇਤੀ ਡੋਲੀ ਵਿਚ ਪਾ ਕੇ ਤੋਰਨ ਦੀ ਕੀਤੀ ਜਾਂਦੀ ਹੈ। ਬਾਬਲ ਦੇ ਮਹਿਲਾਂ 'ਚ ਧਕੇ ਮਿਲਦੇ ਹਨ—

ਬਾਪੂ ਤੇਰੇ ਮਹਿਲਾਂ 'ਚ,
ਧਕੇ ਦੇਣ ਬੜੀਆਂ ਭਰਜਾਈਆਂ ।

ਪਰ ਮੋਹ ਛੱਡਣੀ ਵੀ ਤਾਂ ਖਰੀ ਔਖੀ ਹੈ—

ਘਰ ਸਾਡੇ ਬਾਬਲ ਦਾ,
ਸਾਥੋਂ ਮੋਹ ਛੱਡੀ ਨਾ ਜਾਵੇ ।

ਬਾਬਲ ਵੀ ਤੇ ਵੀਰ ਵੀ ਤਾਂ ਹੁਣ ਉਸ ਦੀ ਪ੍ਰਭੁਤਾ ਨਹੀਂ ਕਰਦੇ—

ਨਾ ਬੰਨ੍ਹ ਨੀ ਬੀਬੀਏ ਦਾਹਵੇ,
ਘਰ ਭਰਜਾਈਆਂ ਦੇ ।

ਵਿਆਹ ਹੋ ਜਾਂਦਾ ਹੈ। ਡੋਲ਼ੀ ਪਿੰਡ ਮੁੜ ਜਾਂਦੀ ਹੈ। ਲੜਕੀ ਦਾ ਆਪਣੇ ਸਹੁਰੇ ਘਰ ਨਵਾਂ ਜੀਵਨ ਸ਼ੁਰੂ ਹੁੰਦਾ ਹੈ। ਉਸ ਦਾ ਆਪਣੇ ਪਰਾਹੁਣੇ ਨਾਲ ਜਿਸ ਦੀ ਖ਼ਾਤਰ ਕਿ ਉਹ ਆਪਣੇ ਬਾਬਲ ਦਾ ਖੇੜਾ ਛੱਡਦੀ ਹੈ, ਵਾਹ ਪੈਂਦਾ ਹੈ। ਉਸ ਨੂੰ ਨੇੜੇ ਹੋ ਕੇ ਵੇਖਦੀ, ਸਿਆਣਦੀ ਤੇ ਗੌਂਹਦੀ ਹੈ। ਜੇਕਰ ਉਸ ਦੀਆਂ ਬਣਾਈਆਂ ਹੋਈਆਂ ਕਲਪਨਾਵਾਂ ਨਾਲ ਮੇਲ ਖਾਂਦਾ ਹੈ ਤਾਂ ਠੀਕ ਹੈ, ਨਹੀਂ ਤਾਂ ਫੇਰ ਬਾਬਲ ਨੂੰ ਇਕ ਮੇਹਣਿਆਂ ਦੀ ਲਾਮ ਡੋਰੀ ਸ਼ੁਰੂ ਹੋ ਜਾਂਦੀ ਹੈ—

ਬਾਰੀਂ ਬਰਸੀਂ ਖੱਟ ਕੇ ਲਿਆਇਆ,
ਖੱਟ ਕੇ ਲਿਆਇਆ ਖਾਵੇ।
ਬਾਬਲੇ ਨੇ ਵਰ ਟੋਲਿਆ,
ਜਿਹਨੂੰ ਪੱਗ ਬੰਨ੍ਹਣੀ ਨਾ ਆਵੇ।

ਕੰਤ ਦਾ ਰੰਗ ਗੋਰਾ ਨਹੀਂ, ਕਾਲਾ ਹੈ। ਬਾਬਲ ਲੜਕੀ ਨੂੰ ਚਿਤਾਵਨੀ ਕਰਦਾ ਹੈ ਕਿ ਵੇਖੀਂ ਕਿਤੇ ਨਿੰਦ ਨਾ ਦੇਈਂ। ਬੜੇ ਘਰਾਂ ਦੇ ਪੁਤ ਕਾਲੇ ਹੀ ਹੋਇਆ ਕਰਦੇ ਹਨ—

ਪੁਤ ਬਖਤਾ ਵਰਾਂ ਦੇ ਕਾਲੇ,
ਵੇਖੀਂ, ਧੀਏ ਨਿੰਦ ਨਾ ਦੇਈਂ।

ਪਰ ਕਿਥੇ, ਜਵਾਨੀ ਦਾ ਜੋਸ਼ ਉਮੰਡ ਆਇਆ—

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।

ਨਾਲ ਇਕ ਦਿਲ-ਚਾਹੁ ਪਛਤਾਵਾ ਵੀ ਹੈ—

ਬਾਬਲ, ਇਕ ਮੈਨੂੰ ਪਛੋਤਾਵੜਾ,
ਮੈਂ ਆਪ ਗੋਰੀ, ਵਰ ਸਾਂਵਲਾ।

ਕੰਤ ਵੀ ਕਾਲਾ ਤੇ ਆਪ ਗੋਰੀ। ਅਗੋਂ ਗੋਰੇ ਰੰਗ ਦੀ ਕਦਰ ਵੀ ਨਾ ਪਾਈ—

ਗੋਰੇ ਰੰਗ ਦੀ ਕਦਰ ਨਾ ਪਾਈ,
ਬਾਪੂ ਤੇਰੇ ਕੁੜਮਾਂ ਨੇ।

ਚਾਹ ਤਾਂ ਉਸ ਦੀ ਸੀ—

ਵਸਣਾ ਠੌਕਰ ਦੇ,
ਚਾਹੇ ਸਣੇ ਬੂਰ ਲੱਤ ਮਾਰੇ।

ਸੱਧਰ ਸੀ—

ਖੱਟਣ ਗਏ, ਤੇ ਕੀ ਖੱਟ ਲਿਆਂਦਾ,
ਖੱਟ ਕੇ ਲਿਆਂਦਾ ਫੀਤਾ।
ਉਹ ਦੇ ਨਾਲ ਕੀ ਬੋਲਣਾ,
ਜੀਹਨੇ ਮਿਡਲ ਪਾਸ ਨਹੀਂ ਕੀਤਾ।

ਤੇ ਹੋ ਗਿਆ ਦਲੀਦੇ ਵਾਲਾ ਕੰਮ। ਮਿਲਿਆ ਅਨਪੜ੍ਹ, ਕਾਲਾ ਤੇ ਮੱਝੀਆਂ ਦਾ ਛੇੜੂ—

ਬਾਬਲ ਮੇਰੇ ਕੰਤ ਸਹੇੜਿਆ,
ਰੰਗ ਤਵੇ ਤੋਂ ਕਾਲਾ।
ਕੁੜੀਆਂ ਮੈਨੂੰ ਮਾਰਨ ਮਿਹਣੇ,
ਔਹ ਤੇਰੇ ਘਰ ਵਾਲਾ।
ਮਿਹਣੇ ਸੁਣ ਮੈਂ ਇਉਂ ਹੋ ਜਾਂਦੀ,
ਜਿਉਂ ਅਹਿਰਨ ਵਿਚ ਫਾਲਾ।
ਬਾਬਲ ਤੇਰੇ ਮੰਦਰਾਂ ਚੋਂ,
ਮੈਨੂੰ ਮਿਲ ਗਿਆ ਦੇਸ਼ ਨਿਕਾਲਾ।

ਤੇ ਜੇ ਫਿਰ ਜੋੜ ਮਿਲ ਜਾਏ ਤਾਂ ਸਦਾ ਅਨੰਦ, ਸੰਤੁਸ਼ਟਤਾ, ਚੰਗੇ ਭਾਗ, ਠੰਡੀਆਂ ਹਵਾਵਾਂ ਤੇ ਨਾਲੇ ਬਾਬਲ ਨੂੰ ਵੀ ਅਸੀਸਾਂ ਦੇ ਪਰਾਗੇ ਮਿਲਦੇ ਹਨ। ਜੁਗ ਜੁਗ ਜੀਣ ਦੀਆਂ ਖੈਰਾਂ ਮੰਗੀਆਂ ਜਾਂਦੀਆਂ ਹਨ—

ਗਿਰੀਆਂ ਪਾਈਆਂ ਮੇਵੇ ਪਾਏ,
ਵਧੀਆ ਖੀਰ ਬਣਾਈ।
ਜੁਗ ਜੁਗ ਜੀਵੇਂ ਬਾਬਲਾ,
ਜੋੜੀ ਮਿਲ ਗਈ ਫਰਕ ਨਾ ਕਾਈ।

ਲੋਕ ਗੀਤ ਸਾਡੀ ਇਕ ਸਮਾਜਕ ਬੁਰਾਈ ਨੂੰ ਨਿਝੱਕ ਸਾਡੀ ਦ੍ਰਿਸ਼ਟੀ ਗੋਚਰ ਕਰਦੇ ਹਨ। ਜਦ ਕਦੀ ਲੜਕੀਆਂ ਦੇ ਪੈਸੇ ਲੈ ਕੇ ਕਿਸੇ ਢੁਕੇਰੀ ਉਮਰ ਦੇ ਮਨੁਖ ਨਾਲ ਜਾਂ ਅੰਗ-ਹੀਣ ਨਾਲ ਵਿਆਹ ਕਰ ਦਿਤਾ ਜਾਂਦਾ ਹੈ ਤਾਂ ਉਸ ਵੇਲੇ ਜਵਾਨ ਕੁੜੀ ਦੀ ਆਤਮਾ ਗਿਲਾ ਕਰਦੀ ਹੈ—

ਊਖਲੀ ਛੜਾ ਲਈ ਬਾਬਲਾ,
ਮੇਰੇ ਰੂਪ ਦੀ ਕਦਰ ਨਾ ਪਾਈ।

ਜਾਂ ਫਿਰ—

ਬਾਗ਼ ਲਵਾਇਆ, ਬਗੀਚਾ ਲਵਾਇਆ,
ਵਿਚ ਲਵਾਈ ਗੋਭੀ।
ਜੋੜੀ ਨਾ ਰਲਾਈ ਬਾਬਲਾ,
ਤੂੰ ਹੋ ਗਿਆ ਦੰਮਾਂ ਦਾ ਲੋਭੀ।

ਨਰਕ ਬਣਾਉਣ ਦਾ ਉਲਾਹਮਾ ਵੀ ਮਾਂ ਬਾਪ ਦੇ ਸਿਰ ਹੀ ਪੈਂਦਾ ਹੈ–

ਬਾਬਲਾ ਵੇ, ਮੂਲ ਬਾਬਲਾ ਵੇ,
ਜੋੜੀ ਜੋੜ ਕੇ ਜੋੜ ਨਾ ਜੋੜਿਓ ਈ।

ਇਕ ਵਰ ਛੋਟਾ, ਦੂਜਾ ਰੰਗ ਕਾਲਾ,
ਕੰਡਾ ਫੁਲ ਦੇ ਨਾਲ ਰੰਮੋੜਿਓ ਈ।

ਲੜਕੀ ਨੂੰ ਮਲ੍ਹਾਰਾਂ ਨਾਲ ਪਾਲ ਕੇ, ਵਿਆਹ ਕੇ ਸਹੁਰੇ ਘਰ ਤੋਰ ਦਿਤਾ ਜਾਂਦਾ ਹੈ। ਜੇ ਕਰ ਜੋੜੀ ਮਿਲ ਗਈ ਤਾਂ ਰੰਗ ਰਲੀਆਂ, ਨਹੀਂ ਤਾਂ ਫੇਰ ਬਾਬਲ ਨੂੰ ਗਿਲਿਆਂ ਸ਼ਿਕਵਿਆਂ ਦਾ ਪਰਾਗਾ। ਪਰ ਲੜਕੀ ਦੇ ਜਾਂਦੀ ਹੋਈ ਦੇ ਬੋਲ ਦਿਲਾਂ ਨੂੰ ਧੂਹ ਪਾਉਣ ਵਾਲੇ ਹਨ। ਜ਼ਰਾ ਜਲਵਾ ਦੇਖੋ—

ਮੈਨੂੰ ਬੀਬੀ ਕਿਸੇ ਨਹੀਂ ਕਹਿਣਾ,
ਬਾਪੂ ਤੇਰੀ ਜੂਹ ਲੰਘ ਕੇ।

— —

'ਬਾਬਲ ਧੀ ਨੂੰ'

'ਧੀਏ ਨ ਕਰ ਨੀਂ ਪਛਤਾਵੜਾ,
ਤੇਰੀ ਮਾਂ ਗੋਰੀ ਮੈਂ ਸਾਂਵਲਾ।'

(ਲੋਕ ਗੀਤ)

ਪੰਜਾਬੀ ਦੁਨੀਆ ਦੇ ਪਿਛਲੇ ਵਿਸ਼ੇਸ਼ ਅੰਕਾਂ ਲਈ ਸਿਧੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨਾਲ ਲਿਖਾ ਪੜ੍ਹੀ ਕਰੋ।

ਸੰਪਾਦਕ

ਟੈਗੋਰ
ਈਰਾਨ ਵਿਚ

ਅਨੁਵਾਦਕ :
ਜਗਜੀਤ ਸਿੰਘ ਅਨੰਦ

[ਮਹਾਂ-ਕਵੀ ਟੈਗੋਰ ਨੇ ਆਪਣੇ ਸਰਬ-ਪੱਖੀ ਰੁਝੇਵਿਆਂ ਦੇ ਬਾਵਜੂਦ ਸੰਸਾਰ ਦੇ ਵੱਖ ਵੱਖ ਦੇਸ਼ਾਂ ਦਾ ਭ੍ਰਮਣ ਕੀਤਾ। ਕਈ ਦੇਸ਼ਾਂ ਵਿਚ ਤਾਂ ਉਹ ਇਕ ਤੋਂ ਵਧ ਵਾਰ ਗਏ। ਇਹਨਾਂ ਦੇਸ਼ਾਂ ਦੀ ਯਾਤਰਾ ਦੀਆਂ ਫੇਰੀਆਂ ਨਾਲ ਸਬੰਧਤ ਯਾਦਾਂ ਉਹਨਾਂ ਦੀਆਂ ਵਾਰਤਕ-ਲਿਖਤਾਂ ਦਾ ਬੜਾ ਪਿਆਰਾ ਭਾਗ ਹਨ। ਅਸੀਂ ਉਹਨਾ ਵਿਚੋਂ ਇਕ ਯਾਦ, ਜੋ ਗੁਆਂਢੀ ਏਸ਼ਿਆਈ ਦੇਸ਼ ਈਰਾਨ ਦੀ ਯਾਤਰਾ ਨਾਲ ਸਬੰਧ ਰਖਦੀ ਹੈ, ਪਾਠਕਾਂ ਨੂੰ ਭੇਟਾ ਕਰਨ ਦੀ ਖੁਸ਼ੀ ਲੈਂਦੇ ਹਾਂ।]

ਸੰਪਾਦਕ

ਅਜ ਬੇਦੂਨ ਕਬੀਲੇ ਦੇ ਇਕ ਮੁਖੀ ਦੇ ਤੰਬੂ ਵਿਚ ਮੇਰਾ ਨਿਉਂਤਾ ਹੈ। ਪਹਿਲਾਂ ਸੋਚਿਆ ਸੀ ਮੈਂ ਨਹੀਂ ਸਕਾਂਗਾ, ਇਸ ਸਰੀਰ ਉਤੇ ਤਰਸ ਖਾ ਕੇ ਨਾ ਜਾਣਾ ਹੀ ਚੰਗਾ ਹੈ। ਉਸ ਤੋਂ ਪਿਛੋਂ ਯਾਦ ਆ ਗਈ ਕਿ ਇਕ ਵਾਰ ਸ਼ੇਖ਼ੀ ਨਾਲ ਲਿਖਿਆ ਸੀ, 'ਇਸ ਦੀ ਥਾਂ ਜੇ ਹੁੰਦਾ ਮੈਂ ਅਰਬ ਬੇਦੂਨ।' ਉਸ ਵੇਲੇ ਉਮਰ ਸੀ ਕੋਈ ਤੀਹ ਸਾਲਾਂ ਦੇ ਨੇੜੇ ਤੇੜੇ। ਉਹ ਤੀਹ ਅਜ ਪਿਛੇ ਦੇ ਧੁਮੇਲ ਵਿਚ ਤਕਰੀਬਨ ਗੁਆਚ ਗਏ ਹਨ। ਤਦ ਵੀ, ਉਸ ਕਵਿਤਾ ਨੂੰ ਜੇ ਕਿਸੇ ਹਦ ਤਕ ਪਰਖ ਕੇ ਨਾ ਆਵਾਂ ਤਾਂ ਮਨ ਵਿਚ ਪਛਤਾਵਾ ਰਹਿ ਜਾਏਗਾ।

ਸਵੇਰ ਵੇਲੇ ਬਾਹਰ ਨਿਕਲ ਗਏ। ਰਸਤੇ ਵਿਚ ਅਚਾਨਕ ਮੈਨੂੰ ਫਰੇਂਸਿੰਗ ਸਕੂਲ ਦੇ ਲੜਕਿਆਂ ਪਾਸ ਲਿਜਾਇਆ ਗਿਆ। ਅਚਾਨਕ ਉਹਨਾਂ ਨੂੰ ਕੁਝ ਕਹਿਣਾ ਵੀ ਪਿਆ। ਰਸਤੇ ਵਿਚ ਕਿੰਨੀਆਂ ਗੱਲਾਂ ਹੀ ਬਖੇਰਨੀਆਂ ਪੈਂਦੀਆਂ ਹਨ, ਉਹ ਪੱਕੇ ਫਲ ਨਹੀਂ, ਝਾੜ ਪੱਤਰ ਹਨ, ਉਹ ਸਿਰਫ ਧੂੜ ਦੀ ਮੰਗ ਪੂਰੀ ਕਰਨ ਲਈ ਹਨ।

ਉਸ ਤੋਂ ਪਿਛੋਂ ਮੋਟਰ ਥਲ ਵਿਚੋਂ ਲੰਘਣ ਲੱਗੀ। ਇਹ ਰੇਤ-ਥਲ ਨਹੀਂ ਸੀ, ਸਖ਼ਤ ਮਿਟੀ ਸੀ। ਵਿਚ ਵਿਚ ਨਦੀ ਤੋਂ ਨਾਲਾ ਕਟਕੇ ਪਾਣੀ ਲਿਆਂਦਾ ਗਿਆ, ਇਸ ਲਈ ਏਧਰ ਓਧਰ ਕੁਝ ਕੁਝ ਫ਼ਸਲ ਦਾ ਸੁਭਾਉ ਜਿਹਾ ਲਭਦਾ ਸੀ। ਰਸਤੇ ਵਿਚ ਵੇਖਿਆ ਗਿਆ ਕਿ ਨਿਉਂਤਾ ਦੇਣ ਵਾਲਾ ਇਕ ਹੋਰ ਮੋਟਰ ਕਰਕੇ ਜਾ ਰਿਹਾ ਸੀ, ਉਸਨੂੰ ਸਾਡੀ ਮੋਟਰ ਵਿਚ ਬਿਠਾ ਲਿਆ ਗਿਆ। ਹੱਟਾ-ਕੱਟਾ ਮਨੁਖ, ਤਿੱਖੀਆਂ ਅੱਖਾਂ, ਬੇਦੂਨੀ ਪੌਸ਼ਾਕ। ਅਰਥਾਤ ਸਿਰ ਉਤੇ ਸਫੇਦ ਕਪੜੇ ਦੇ ਟੋਟੇ ਨੂੰ ਕਾਲੇ ਬਸਤਰ ਨੇ ਵਿੰਨ੍ਹ ਵਾਂਗ ਘੇਰ ਰਖਿਆ ਸੀ। ਅੰਦਰ ਸਫੇਦ ਲੰਮਾ ਅੰਗੀਆ, ਉਸ ਉਤੇ ਕਾਲਾ ਪਤਲਾ ਚੋਗ਼ਾ। ਮੇਰੇ ਸਾਥੀਆਂ ਨੇ ਕਿਹਾ ਕਿ ਇਹ ਚੌਧਰੀ ਕਹਿਣ ਨੂੰ ਭਾਵੇਂ ਪੜ੍ਹਿਆ ਲਿਖਿਆ ਕੁਝ ਨਹੀਂ, ਪਰ ਤੀਖਣ ਬੁਧੀ ਵਾਲਾ ਹੈ। ਇਹ ਏਥੋਂ ਦੀ ਪਾਰਲੀਮੈਂਟ ਦਾ ਮੈਂਬਰ ਹੈ।

ਧੁਪ ਵਿਚ ਤਪਦੀ ਭੁਸਲੀ ਮਿਟੀ। ਦੂਰ ਕਿਤੇ ਕਿਤੇ ਮ੍ਰਿਗ-ਛਲਾਵਾ ਦਿਖਾਈ ਦੇਂਦਾ। ਕਿਤੇ ਆਜੜੀ ਭੇਡਾਂ ਦੇ ਇੱਜੜ ਨੂੰ ਲਈ ਜਾ ਰਿਹਾ ਹੈ, ਕਿਤੇ ਊਠ ਚਰ ਰਹੇ ਹਨ, ਕਿਤੇ ਘੋੜੇ ਹਵਾ ਛਕੀ ਹੌਂਕ ਰਹੇ ਹਨ, ਵਿਚ ਵਿਚ ਘੱਟੇ ਦਾ ਵਾਵਰੋਲਾ ਘੁੰਮਣਘੇਰੀ ਖਾਂਦਾ ਜਾ ਰਿਹਾ ਹੈ। ਬਹੁਤ ਦੂਰ ਜਾ ਕੇ ਉਹਨਾਂ ਦਾ ਕੈਂਪ ਆਣ ਪਹੁੰਚਾ। ਇਕ ਵਡੇ ਖੁਲ੍ਹੇ ਤੰਬੂ ਅੰਦਰ ਕਬੀਲੇ ਦੇ ਲੋਕ ਬੈਠੇ ਹਨ, ਕਾਫ਼ੀ ਉਬਲ ਰਹੀ ਹੈ, ਪਾ ਪਾ ਕੇ ਪੀ ਰਹੇ ਹਨ।

ਅਸੀਂ ਅੰਦਰ ਲੰਘ ਗਏ ਤੇ ਇਕ ਵੱਡੇ ਮਿਟੀ ਦੇ ਕਮਰੇ ਵਿਚ ਬੈਠ ਗਏ। ਕਾਫ਼ੀ ਨੰਗੇ ਫ਼ਰਸ਼ ਉਤੇ ਕਾਲੀਨ ਤੇ ਇਕ ਸਿਰੇ ਉਤੇ ਤਖ਼ਤ ਪੋਸ਼ ਉਤੇ ਗੱਦਾ ਵਿਛਿਆ ਹੋਇਆ ਸੀ। ਕਮਰੇ ਦੇ ਵਿਚਕਾਰ ਲਕੜੀ ਦੀਆਂ ਥੰਮੀਆਂ ਉਤੇ ਲੰਮੀਆਂ ਸੋਟੀਆਂ ਗੱਡ ਕੇ ਮਿੱਟੀ ਦੀ ਛੱਤ ਖਲਿਹਾਰੀ ਹੋਈ ਸੀ। ਦੋਸਤ ਤੇ ਸਰਬੰਧੀ ਸਾਰੇ ਇਧਰ ਉਧਰ ਖੜੇ ਬੈਠੇ ਸਨ, ਇਕ ਵਡੇ ਕੱਚ ਦੇ ਹੁਕੇ ਵਿਚੋਂ ਉਹਨਾਂ ਵਿਚੋਂ ਇਕ ਤਮਾਕੂ ਪੀ ਰਿਹਾ ਸੀ। ਛੋਟਾ ਪਿਆਲਾ ਸਾਡੇ ਹੱਥ ਦੇ ਕੇ ਥੋੜ੍ਹੀ ਜਿਹੀ ਕਾਫ਼ੀ ਪਾ ਦਿਤੀ, ਸੰਘਣੀ ਕਾਫ਼ੀ, ਕਾਲੀ ਤੇ ਕੌੜੀ। ਚੌਧਰੀ ਨੇ ਪੁਛਿਆ ਕੀ ਮੈਂ ਹੁਣ ਖਾਣਾ ਖਾਣਾ ਚਾਹਾਂਗਾ, 'ਨਹੀਂ' ਆਖਿਆਂ ਖਾਣਾ ਲਿਆਉਣ ਦਾ ਰਿਵਾਜ ਨਹੀਂ। ਮੈਂ ਕਿਹਾ, ਚਾਹਾਂਗਾ। ਅੰਦਰੋਂ ਮੰਗ ਵੀ ਸੀ। ਖਾਣਾ ਆਉਣ ਤੋਂ ਪਹਿਲਾਂ ਸ਼ੁਰੂ ਹੋ ਗਿਆ ਥੋੜ੍ਹਾ ਜਿਹਾ ਗਾਣੇ ਦਾ ਮੁਢ। ਕੁਝ ਇਕ ਸੋਟੀਆਂ ਉਤੇ ਕਿਸੇ ਤਰ੍ਹਾਂ ਜੜੇ ਹੋਏ ਜਮੜੇ ਵਾਲਾ ਇਕ ਵੇਖਾ ਕੁਥਾ ਇਕ-ਤਾਰਾ ਵਜਾ ਕੇ ਇਕ ਜਣੇ ਨੇ ਗਾਣਾ ਸ਼ੁਰੂ

ਕੀਤਾ। ਉਸ ਵਿਚ ਬੇਦੂਨੀ ਤੇਜ਼ ਕੋਈ ਵੀ ਨਹੀਂ ਸੀ। ਅਤਿਅੰਤ ਮਹੀਨ ਚੌੜੇ ਗਲੇ ਵਿਚ ਬਿਲਕੁਲ ਰੋਣ ਦੀ ਸੁਰ ਵਿਚ ਗਾਣਾ। ਉਸ ਨੂੰ ਇਕ ਵੱਖੀ ਕਿਸਮ ਦੇ ਕੀੜੇ ਦੀ ਰਾਗਣੀ ਆਖਿਆ ਜਾ ਸਕਦਾ ਹੈ। ਆਖਰ ਸਾਮ੍ਹਣੇ ਵਿਲਮਦੀ ਤੇ ਪਾਣੀ ਦਾ ਸਗ ਆ ਗਿਆ। ਸਾਬਣ ਨਾਲ ਹੱਥ ਧੋ ਕੇ ਤਿਆਰ ਹੋ ਬੈਠਾ। ਫ਼ਰਸ਼ ਉਤੇ ਜਾਜਮ ਵਿਛਾ ਦਿਤਾ ਗਿਆ। ਪੂਰੇ ਚੰਨ ਤੋਂ ਦੂਣੇ ਅਕਾਰ ਦੀ ਮੋਟੀ ਮੋਟੀ ਰੋਟੀ, ਕੁੰਡੀਆਂ ਵਾਲੇ ਪਿੱਤਲ ਦੇ ਵੱਡੇ, ਬਹੁਤ ਹੀ ਵਡੇ ਥਾਲ ਵਿਚ ਚਾਵਲਾਂ ਦਾ ਪਹਾੜ, ਉਸਦੇ ਉਤੇ ਇਕ ਵੱਡਾ ਤੇ ਪੂਰਾ ਪੱਕਿਆ ਹੋਇਆ ਦੁੰਬਾ। ਦੋ ਤਿੰਨ ਜੁਆਨਾਂ ਨੇ ਚੁਕ ਕੇ ਲਿਆਂਦਾ ਤੇ ਫ਼ਰਸ਼ ਉਤੇ ਰੱਖਿਆ। ਪਹਿਲਾਂ ਜੋ ਮਹੀਨ ਰੋਣ ਵਾਲਾ ਗਾਣਾ ਹੋਇਆ, ਉਸਦਾ ਇਸ ਦਾਅਵਤ ਦੇ ਅਕਾਰ ਤੇ ਪ੍ਰਕਾਰ ਨਾਲ ਕੋਈ ਮੇਲ ਨਹੀਂ ਸੀ ਲਭਦਾ। ਖਾਣ ਵਾਲੇ ਸਾਰੇ ਥਾਲ ਨੂੰ ਘੇਰ ਕੇ ਬੈਠ ਗਏ। ਉਸ ਇਕ ਥਾਲ ਵਿਚੋਂ ਸਾਰੇ ਹੀ ਹੱਥਾਂ ਨਾਲ ਚਾਵਲਾਂ ਦੀਆਂ ਮੁਠਾਂ ਪਲੇਟ ਵਿਚ ਪਾ ਕੇ ਅਤੇ ਮਾਸ ਤੋੜ ਕੇ ਖਾਣ ਲੱਗੇ। ਪਾਣੀ ਦੇ ਤੌਰ ਤੇ ਲੱਸੀ ਦਿਤੀ ਗਈ। ਘਰ ਵਾਲੇ ਨੇ ਆਖਿਆ, "ਸਾਡੇ ਨੇਮ ਇਹ ਹੈ ਕਿ ਪ੍ਰਾਹੁਣੇ ਜਦ ਤਕ ਖਾਣਾ ਖਾਂਦੇ ਰਹਿੰਦੇ ਹਨ, ਅਸੀਂ ਖਾਏ ਬਗੈਰ ਖਲੋਤੇ ਰਹਿੰਦੇ ਹਾਂ, ਪਰ ਵਕਤ ਦੀ ਥੁੜੋਂ ਕਾਰਨ ਅਜ ਉਸ ਨੇਮ ਨੂੰ ਨਹੀਂ ਨਿਭਾਇਆ ਜਾ ਰਿਹਾ।" ਸੋ ਨੇੜੇ ਹੀ ਇਕ ਹੋਰ ਵੱਡਾ ਥਾਲ ਆ ਗਿਆ। ਉਸ ਥਾਲ ਦੁਆਲੇ ਉਹ ਆਪਣੇ ਸਬੰਧੀਆਂ ਨਾਲ ਬੈਠ ਗਿਆ। ਜਿਨ੍ਹਾਂ ਪ੍ਰਾਹੁਣਿਆਂ ਦਾ ਮਹਮਾਨ ਮੁਕਾਬਲਤਨ ਘਟ ਹੈ, ਜੋ ਸਾਡਾ ਖਾਣਾ ਬਚ ਗਿਆ, ਉਹ ਉਹਨਾਂ ਦੇ ਹਿਸੇ ਆਇਆ। ਹੁਣ ਹੋਈ ਨਾਚ ਦੀ ਫ਼ਰਮਾਇਸ਼। ਇਕ ਜਣਾ ਇਕ ਛੋਟੀ ਸੁਰ ਵਿਚ ਬੰਸਰੀ ਵਜਾਉਣ ਲਗਾ, ਉਹਨਾਂ ਕੁਦ ਕੁਦ ਕੇ ਤਾਲ ਰਖਿਆ। ਇਸਨੂੰ ਨਾਚ ਕਹਿਣਾ ਅਤ-ਕਥਨੀ ਹੈ। ਜੋ ਆਦਮੀ ਮੁਖੀਆ ਹੈ, ਹੱਥ ਵਿਚ ਇਕ ਰੁਮਾਲ ਲਈ ਉਸ ਨੂੰ ਭੁਆਂ ਭੁਆਂ ਕੇ ਅੱਗੇ ਅੱਗੇ ਨੱਚਣ ਲਗਾ, ਉਸ ਦੀਆਂ ਅਦਾਵਾਂ ਵਿਚ ਕੁਝ ਕੁ ਵਿਚਿੱਤ੍ਰਤਾ ਸੀ। ਏਨੇ ਨੂੰ ਨੂੰਹ ਉਹਨਾਂ ਦੇ ਅੰਦਰਲੇ ਮਹਿਲ ਵਿਚ ਚਲੀ ਗਈ। ਉਥੇ ਇਸਤ੍ਰੀਆਂ ਨੇ ਉਸ ਨੂੰ ਨਾਚ ਵਿਖਾਇਆ, ਉਹ ਕਹਿੰਦੀ ਹੈ ਉਹ ਨਾਚਾਂ ਵਿਚੋਂ ਨਾਚ ਸੀ—ਸਮਝ ਵਿਚ ਆਇਆ ਯੋਰਪ ਦੀਆਂ ਨੱਚਣ ਵਾਲੀਆਂ ਆਪਣੇ ਪੂਰਬੀ ਨਾਚਾਂ ਵਿਚ ਇਹਨਾਂ ਦੀ ਹੀ ਨਕਲ ਕਰਦੀਆਂ ਹਨ, ਪਰ ਪੂਰਾ ਰਸ ਨਹੀਂ ਦੇ ਸਕਦੀਆਂ।

ਉਸ ਤੋਂ ਪਿਛੋਂ ਬਾਹਰ ਆ ਕੇ ਯੁਧ-ਨਾਚ ਵੇਖਿਆ। ਲਾਠੀ, ਛੁਰੀ, ਬੰਦੂਕ, ਤਲਵਾਰ ਲੈ ਕੇ ਵੰਗਾਰਦੇ ਹੋਏ, ਲਲਕਾਰਦੇ ਹੋਏ, ਚੱਕਰ ਵਿਚ ਘੁੰਮਦੇ ਘੁੰਮਦੇ ਉਹ ਵਜਦ ਵਿਚ ਆ ਗਏ—ਉਸ ਪਾਸ ਅੰਦਰਲੇ ਮਹਿਲ ਦੇ ਦਰਵਾਜ਼ੇ ਤੋਂ ਇਸਤ੍ਰੀਆਂ ਉਹਨਾਂ ਨੂੰ ਉਤਸ਼ਾਹ ਦੇ ਰਹੀਆਂ ਸਨ। ਵਕਤ ਚਾਰ ਤੋਂ ਉਤੇ ਦਾ ਹੋ ਗਿਆ, ਅਸੀਂ ਵਾਪਸ ਜਾਣ ਲਈ ਮੋਟਰ ਵਿਚ ਆਣ ਬੈਠੇ, ਨਾਲ ਹੀ ਚਲ ਪਿਆ ਸਾਡਾ ਮੇਜ਼ਬਾਨ। ਇਹ ਰੇਤ ਥਲੇ ਦੀ ਸੰਤਾਨ ਹਨ, ਸਖ਼ਤ-ਜਾਨ ਹੈ ਇਹ ਕਬੀਲਾ, ਜ਼ਿੰਦਗੀ ਮੌਤ ਨਾਲ ਟਕਰਾਉਣਾ ਇਹਨਾਂ ਦਾ ਨਿਤ ਦਾ ਵਿਹਾਰ ਹੈ। ਇਹ ਕਿਸੇ ਕੋਲੋਂ ਨਰਮਾਈ ਦੀ ਆਸ ਨਹੀਂ ਰਖਦੇ, ਕਿਉਂਕਿ ਧਰਤੀ ਵੀ ਇਹਨਾਂ ਨਾਲ ਨਰਮੀ ਨਹੀਂ ਵਰਤਦੀ। ਜੀਵ-ਵਿਗਿਆਨ ਕੁਦਰਤ ਦੀ ਚੋਣ ਦੀ ਗੱਲ ਕਰਦਾ ਹੈ, ਜੀਵਨ ਦੀਆਂ ਸਖ਼ਤ ਮੁਸ਼ਕਲ ਸਮੱਸਿਆਵਾਂ ਨਾਲ ਟੱਕਰ ਵਿਚ ਇਹਨਾਂ ਵਿਚੋਂ ਅਸਲੀ ਕਰੜੀ ਚੋਣ ਹੋ ਚੁਕੀ ਹੈ, ਨਿਤਾਣੇ ਨਿਕਲ ਜਾਣ ਪਿਛੋਂ ਜਿਹੜੇ ਬਚ ਹੀ ਗਏ ਹਨ, ਇਹ ਉਹੋ ਜਾਤੀ ਹਨ। ਮੌਤ ਨੇ ਇਹਨਾਂ ਨੂੰ ਟੁਣਕਾ ਕੇ ਵੇਖ ਲਿਆ ਹੈ। ਇਹਨਾਂ ਦਾ ਹਰ ਇਕ ਸਰੀਰ ਬਹੁਤ ਹੀ ਸੰਘਣਾ ਹੈ, ਇਹਨਾਂ ਦੀ ਮਾਤ-ਭੂਮੀ ਦੀ ਗੋਦ ਦਾ ਘੇਰਾ ਬਹੁਤ ਛੋਟਾ ਹੈ, ਨਿਤ ਖ਼ਤਰਿਆਂ ਨਾਲ ਘਿਰੀ ਜ਼ਿੰਦਗੀ ਦਾ ਬੋਝਾ ਜਿਹਾ ਦਾਨ ਇਹ ਸਾਰੇ ਮਿਲਕੇ, ਵੰਡਕੇ ਭੋਗ ਰਹੇ ਹਨ। ਇਕ ਵਡੇ ਥਾਲ ਵਿਚ ਇਹਨਾਂ ਸਾਰਿਆਂ ਦਾ ਅੰਨ ਹੈ, ਉਸ ਵਿਚ ਅੱਡ ਇਸ਼ਰਤ ਦੀ ਰੁਚੀ ਦੀ ਕੋਈ ਥਾਂ ਨਹੀਂ, ਇਹਨਾਂ ਆਪਣੀ ਸਾਂਝੀ ਮੋਟੀ ਰੋਟੀ ਵੰਡ ਲਈ ਹੈ, ਇਕ ਦੂਜੇ ਲਈ ਪਰਾਣ ਦੇਣ ਦੀ ਮੰਗ ਇਸ ਇਕ ਰੋਟੀ ਭੋਜਨ ਵਿਚ ਹੀ ਹੈ। ਮੈਂ ਬੰਗਾਲ ਦਾ ਪੁੱਤਰ ਹਾਂ, ਦਰਿਆਵਾਂ ਦੀ ਗਲਵਕੜੀ ਵਿਚ ਵਲਿਆ, ਇਹਨਾਂ ਦੇ ਵਿਚਕਾਰ ਬੈਠ ਕੇ ਖਾ ਰਿਹਾ ਸਾਂ ਤੇ ਸੋਚ ਰਿਹਾ ਸਾਂ ਕਿ ਅਸੀਂ ਬਿਲਕੁਲ ਵਖਰੇ ਸੋਚੇ ਵਿਚ ਢਲੇ ਲੋਕ ਹਾਂ। ਤਦ ਵੀ ਮਨੁਖਤਾ ਦੀ ਡੂੰਘੇਰੀ ਬਾਣੀ ਦੀ ਜੋ ਬੋਲੀ ਹੈ ਉਸ ਬੋਲੀ ਵਿਚ ਸਾਡਾ ਸਾਰਿਆਂ ਦਾ ਮਨ ਸਹਿਮਤ ਹੈ। ਇਸ ਲਈ ਇਸ ਅਨਪੜ੍ਹ ਬੇਦੂਨ ਕਬੀਲੇ ਦੇ ਮੁਖੀ ਨੇ ਜਦੋਂ ਕਿਹਾ, "ਸਾਡੇ ਆਦਿ ਗੁਰੂ ਨੇ ਕਿਹਾ ਹੈ ਕਿ ਜਿਸ ਦੇ ਲਫ਼ਜ਼ਾਂ ਤੇ ਅਮਲ ਤੋਂ ਕਿਸੇ ਦੂਜੇ ਨੂੰ ਕਿਸੇ ਖ਼ਤਰੇ ਦਾ ਡਰ ਨਹੀਂ, ਉਹੋ ਸੱਚਾ ਮੁਸਲਮਾਨ ਹੈ", ਤਦ ਉਸ ਗੱਲ ਨੇ ਮੇਰੇ ਮਨ ਨੂੰ ਚੌਂਕਾ ਦਿਤਾ। ਉਸਨੇ ਕਿਹਾ, 'ਭਾਰਤ ਵਰਸ਼ ਵਿਚ ਹਿੰਦੂਆਂ ਮੁਸਲਮਾਨਾਂ ਵਿਚ ਜੋ ਵਿਰੋਧ ਚਲ ਰਿਹਾ ਹੈ, ਉਸ ਪਾਪ ਦੀ ਜੜ੍ਹ ਓਥੋਂ ਦੇ ਪੜ੍ਹੇ ਲਿਖੇ ਲੋਕਾਂ ਦੇ ਮਨਾਂ ਵਿਚ ਹੈ। ਏਥੇ ਕੁਝ ਸਮਾਂ ਪਹਿਲਾਂ ਭਾਰਤ ਵਰਸ਼ ਤੋਂ ਕੁਝ ਪੜ੍ਹੇ ਲਿਖੇ ਮੁਸਲਮਾਨਾਂ ਨੇ ਆ ਕੇ ਇਸਲਾਮ ਦਾ ਤਅੱਸਬ-ਭਰਿਆ ਵਖੇਵੇਂ ਪਾਉਣ ਵਾਲਾ ਪਰਚਾਰ ਕਰਨ ਦਾ

ਜਤਨ ਕੀਤਾ, ਮੈਂ ਉਹਨਾਂ ਗੱਲਾਂ ਦੀ ਸਚਿਆਈ ਵਿਚ ਵਿਸ਼ਵਾਸ਼ ਨਹੀਂ ਰਖਦਾ, ਜੇ ਮੈਂ ਉਹਨਾਂ ਦੀ ਦਾਅਵਤ ਵਿਚ ਜਾਣ ਤੋਂ ਇਨਕਾਰ ਕਰ ਦਿਤਾ, ਘਟੋ ਘਟ ਅਰਬ ਦੇਸ਼ਾਂ ਵਿਚ ਉਹਨਾਂ ਨੂੰ ਕੋਈ ਸ਼ਰਧਾ ਨਹੀਂ ਮਿਲੀ।' ਮੈਂ ਉਸਨੂੰ ਕਿਹਾ, ਇਕ ਦਿਨ ਕਵਿਤਾ ਵਿਚ ਲਿਖਿਆ ਸੀ, 'ਇਸਦੀ ਥਾਂ ਜੇ ਹੁੰਦਾ ਮੈਂ ਅਰਬ ਬੇਦੂਨ'—ਅਜ ਮੇਰਾ ਹਿਰਦਾ ਬੇਦੂਨ ਹਿਰਦੇ ਦੇ ਬਹੁਤ ਨੇੜੇ ਆ ਗਿਆ ਹੈ, ਸਚ ਮੁਚ ਮੈਂ ਉਹਨਾਂ ਨਾਲ ਇਕੋ ਅੰਨ ਖਾਧਾ ਹੈ—ਆਪਣੇ ਮਨ ਵਿਚ ਵੀ।

ਉਸ ਤੋਂ ਪਿਛੋਂ ਜਦੋਂ ਸਾਡੀ ਮੋਟਰ ਚਲ ਪਈ, ਦੋਵਾਂ ਪਾਸਿਆਂ ਦੇ ਰੜੇ ਵਿਚ ਉਹਨਾਂ ਦੇ ਘੋੜ ਸਵਾਰਾਂ ਨੇ ਘੋੜਸਵਾਰੀ ਦੇ ਕਰਤਬ ਵਿਖਾਏ। ਜਾਪਦਾ ਸੀ ਰੇਤਥਲ ਦੇ ਵਾਵਰੋਲੇ ਸਾਕਾਰ ਹੋ ਗਏ ਹਨ।

ਲਗ ਰਿਹਾ ਹੈ ਮੇਰਾ ਸਫ਼ਰ ਇਨ੍ਹਾਂ 'ਅਰਬ ਬੇਦੂਨਾਂ' ਵਿਚ ਆ ਕੇ ਹੀ ਖ਼ਤਮ ਹੋਇਆ। ਦੇਸ਼ ਦਾ ਸਫ਼ਰ ਸ਼ੁਰੂ ਕਰਨ ਵਿਚ ਦੋ ਦਿਨ ਹੀ ਬਾਕੀ ਹਨ, ਪਰ ਸਰੀਰ ਏਨਾ ਥੱਕ ਗਿਆ ਹੈ ਕਿ ਇਸ ਰੇਤਥਲ ਦੀ ਦੋਸਤੀ ਵਿਚ ਸਫ਼ਰ ਦਾ ਅੰਤ ਤਾਂ ਚੰਗਾ ਹੀ ਲਗ ਰਿਹਾ ਹੈ। ਮੇਰੇ ਬੇਦੂਨ ਮੇਜ਼ਬਾਨ ਨੂੰ ਮੈਂ ਕਿਹਾ ਕਿ ਬੇਦੂਨ ਪ੍ਰਾਹੁਣਾਚਾਰੀ ਨਾਲ ਪਛਾਣ ਹੋ ਗਈ, ਪਰ ਬੇਦੂਨ ਲੁਟ-ਮਾਰ ਨਾਲ ਪਛਾਣ ਨਾ ਹੋਣ ਕਾਰਨ ਤਜਰਬਾ ਪਕਾ ਕਰਕੇ ਨਹੀਂ ਜਾ ਸਕਾਂਗਾ। ਉਸ ਨੇ ਹੱਸ ਕੇ ਆਖਿਆ, ਉਸ ਵਿਚ ਕੁਝ ਦਿੱਕਤ ਹੈ। ਸਾਡੇ ਲੁਟੇਰੇ ਵੱਡੀ ਉਮਰ ਦੇ ਸਿਆਣੇ ਲੋਕਾਂ ਦੇ ਸਰੀਰ ਉਤੇ ਹੱਥ ਨਹੀਂ ਚੁਕਦੇ। ਇਸ ਕਾਰਨ ਸੁਦਾਗਰ ਜਦੋਂ ਸਾਡੇ ਰੇਤਥਲੇ ਵਿਚੋਂ ਲੰਘਦੇ ਹਨ, ਓਦੋਂ ਉਹ ਕਈ ਵਾਰ ਸਿਆਣੇ ਚਿਹਰੇ ਵਾਲੇ ਕੁਝ ਵੱਡੀ ਉਮਰ ਦੇ ਲੋਕਾਂ ਨੂੰ ਉਠ ਉਤੇ ਚੜ੍ਹਾਕੇ ਉਹਨਾਂ ਨੂੰ ਆਗੂ ਬਣਾ ਲੈ ਆਉਂਦੇ ਹਨ। ਮੈਂ ਉਸ ਨੂੰ ਕਿਹਾ, ਚੀਨ ਵਿਚ ਸਫ਼ਰ ਸਮੇਂ ਮੈਂ ਆਪਣੇ ਇਕ ਚੀਨੀ ਦੋਸਤ ਨੂੰ ਦਸਿਆ ਸੀ, 'ਇਕ ਵਾਰ ਚੀਨੀ ਡਾਕੂਆਂ ਹੱਥ ਆ ਕੇ ਆਪਣੇ ਸਫ਼ਰ ਦੇ ਬਿਆਨ ਨੂੰ ਰੰਗੀਨ ਬਣਾਉਣ ਦਾ ਦਿਲ ਕਰਦਾ ਏ।' ਉਹਨੇ ਆਖਿਆ, 'ਚੀਨੀ ਡਾਕੂ ਤੁਹਾਡੇ ਵਰਗੇ ਬਿਰਧ ਕਵੀ ਉਤੇ ਅਤਿਆਚਾਰ ਨਹੀਂ ਕਰਨਗੇ, ਉਹ ਬਜ਼ੁਰਗਾਂ ਦੀ ਭਗਤੀ ਕਰਦੇ ਹਨ।' ਸੱਤਰ ਸਾਲ ਦੀ ਉਮਰ ਵਿਚ ਨੌਜੁਆਨਾਂ ਦੇ ਤਜਰਬੇ ਨਹੀਂ ਚਲਣ ਲਗੇ। ਬਹੁਤ ਥਾਈਂ ਘੁੰਮਣਾ ਖ਼ਤਮ ਹੋਇਆ, ਪ੍ਰਦੇਸੀਆਂ ਤੋਂ ਕੁਝ ਭਗਤੀ ਲੈ ਕੇ, ਸ਼ਰਧਾ ਲੈ ਕੇ ਹੀ ਦੇਸ਼ ਵਾਪਸ ਜਾਵਾਂਗਾ, ਉਸ ਤੋਂ ਪਿਛੋਂ ਆਸ ਕਰਦਾ ਹਾਂ, ਕੰਮ ਦੇ ਖ਼ਾਤਮੇ ਤੇ ਸ਼ਾਂਤੀ ਦਾ ਅਵਸਰ ਮਿਲੇਗਾ। ਜੁਆਨੀ ਜੁਆਨੀ ਵਿਚ ਵਿਰੋਧ ਆਉਂਦਾ ਹੈ, ਉਸੇ ਵਿਰੋਧ ਦੀ ਹਲ ਚਲ ਵਿਚ ਸੰਸਾਰ ਦੇ ਪ੍ਰਵਾਹ ਦਾ ਵਿਗਾੜ ਦੂਰ ਹੁੰਦਾ ਹੈ। ਡਾਕੂ ਲੁਟੇਰੇ ਜਦੋਂ ਬਜ਼ੁਰਗਾਂ ਦੀ ਭਗਤੀ ਕਰਦੇ ਹਨ ਓਦੋਂ ਉਹ ਉਹਨਾਂ ਨੂੰ ਆਪਣੇ ਜਗਤ ਤੋਂ ਦੂਰ ਛੱਡ ਦੇਂਦੇ ਹਨ। ਜੁਆਨੀ ਨਾਲ ਹੀ ਉਹਨਾਂ ਦੀ ਤਾਕਤ ਅਜ਼ਮਾਈ ਜਾਂਦੀ ਹੈ, ਉਸ ਵਿਰੋਧ ਦੀ ਚੋਟ ਵਿਚ ਸ਼ਕਤੀ ਪ੍ਰਬਲ ਹੁੰਦੀ ਹੈ, ਇਸ ਲਈ ਭਗਤੀ ਦੇ ਦੁਰਾਡੇ ਪਰਦੇ ਪਿਛੇ ('ਪੰਚਾਸ਼ੋਰ ਧੰਗ ਵਣਗ ਬ੍ਰਜਤ।' ਪੰਜਾਹ ਸਾਲ ਦੀ ਉਮਰ ਪਿਛੋਂ ਬਣ ਵਿਚ ਜਾਣਾ ਚਾਹੀਦਾ ਹੈ। ਅ:)

(ਮੂਲ ਬੰਗਾਲੀ ਤੋਂ ਅਨੁਵਾਦ)

ਜਨ-ਪਾਠਕ ਭਾਗ

- ਅਵਤਾਰ ਸਿੰਘ ਆਜ਼ਾਦ
- ਆਰ. ਐਲ. ਆਹੂਜਾ
- ਗੁਲਵੰਤ ਫ਼ਾਰਗ਼
- ਪਿਆਰਾ ਸਿੰਘ ਪਦਮ
- ਈਸ਼ਰ ਸਿੰਘ 'ਤਾਂਘ'
- 'ਸਰਬੰਸ'
- ਤਾਰਾ ਸਿੰਘ ਕੋਮਲ
- ਸ਼ਾਕਿਰ ਪੁਰਸ਼ਾਰਥੀ
- ਰਾਜ ਦੁਲਾਰ
- ਪਿਆਰੇ ਲਾਲ ਅਮਰ

ਕੁਝ ਅਪਣੇ ਵਲੋਂ

ਪੰਜਾਬ ਦੀ ਧਰਤੀ ਉਹ ਭਾਗਾਂ ਭਰੀ ਧਰਤੀ ਹੈ, ਜਿੱਥੇ ਕੁਦਰਤ ਨੇ ਦਿਲ ਖੋਲ੍ਹਕੇ ਆਪਾ ਲੁਟਾਇਆ ਹੈ। ਇਹਦੀਆਂ ਰੁੱਤਾਂ, ਇਹਦੀਆਂ ਜੂਹਾਂ, ਇਹਦੇ ਬੇਲੇ, ਇਹਦੀਆਂ ਅਲ੍ਹੜ ਮੁਟਿਆਰਾਂ ਅਤੇ ਇਹਦੇ ਅਲਬੇਲੇ ਗਭਰੂ ਆਦਿ ਕਾਲ ਤੋਂ ਸਾਡੀ ਕਾਵਿ-ਰਚਨਾ ਦੀ ਪਰੇਰਨਾ ਦੇ ਸੋਮੇਂ ਬਣੇ ਆ ਰਹੇ ਹਨ। ਕੋਈ ਪੰਜਾਬੀ ਕਲਾਕਾਰ ਅਜਿਹਾ ਨਹੀਂ ਹੋਇਆ ਜਿਸ ਦੀ ਕਲਾ-ਕ੍ਰਿਤ ਵਿਚ ਕੁਦਰਤੀ ਨਜ਼ਾਰਿਆਂ ਨੇ ਵਿਸ਼ੇਸ਼ ਥਾਂ ਨਾ ਮੱਲੀ ਹੋਵੇ। ਆਦਮ ਖਾਣੀ ਓਦਰੀ ਬਾਰ ਦੀਆ ਜੂਹਾਂ ਵਿਚ ਪਲੇ ਮਹਾਂ ਕਵੀ ਗੁਰੂ ਨਾਨਕ ਤੋਂ ਵੀ ਇਨ੍ਹਾਂ ਕੁਦਰਤੀ ਨਜ਼ਾਰਿਆਂ ਨੇ ਰੱਜਵੀਂ ਪ੍ਰਸੰਸਾ ਅਤੇ ਰੱਜਵਾਂ ਬਿਆਨ ਲਿਆ ਹੈ। ਗੁਰੂ ਜੀ ਦੀਆਂ ਸਾਰੀਆਂ ਰਚਨਾਵਾਂ ਵਿਚ ਜੋ ਉਦਾਹਰਣਾ ਦਿਤੀਆਂ ਗਈਆਂ ਹਨ ਉਨ੍ਹਾਂ ਸਾਰੀਆਂ ਦਾ ਸੋਮਾ ਇਹੋ ਕੁਦਰਤ ਹੈ।

'ਬਸੰਤ' ਕੁਦਰਤ ਦੀਆਂ ਮਹਾਨ ਰੁੱਤਾਂ ਵਿਚੋਂ ਉੱਤਮ ਅਤੇ ਸਰੇਸ਼ਟ ਰੁੱਤ ਹੈ। ਇਸ ਰੁੱਤ ਦਾ ਪ੍ਰਵੇਸ਼ ਫਰਵਰੀ ਦੇ ਮਹੀਨੇ ਵਿਚ ਹੁੰਦਾ ਹੈ ਅਤੇ ਇਹ ਰੁੱਤ ਕੱਕਰਾਂ ਵਿਚ ਜਨਮ ਲੈ ਕੇ ਕਿਸੇ ਅਾਉਣ ਵਾਲੀ ਨਿੱਘੀ, ਰੰਗੀਨ, ਖੇੜਾ ਬਖਸ਼ਦੀ ਬਹਾਰ ਦੀ ਆਮਦ ਦਾ ਸੰਦੇਸ਼ ਦਿੰਦੀ ਹੈ। ਫੁੱਲੀ ਹੋਈ ਸਰ੍ਹੋਂ ਦੀਆਂ ਟਾਹਣੀਆਂ ਮਹਿਕਾਂ ਨਾਲ ਨਸ਼ਿਆਈ ਹਵਾ ਦੇ ਹਿਲੋਰਿਆਂ ਨਾਲ ਇਉਂ ਝੁਕ ਝੁਕ ਜਾਂਦੀਆਂ ਹਨ ਜਿਉਂ ਕੋਈ ਚਾਵਾਂ ਮੱਤੀ ਮੁਟਿਆਰ ਬਸੰਤੀ ਰੰਗ ਦਾ ਪਟਕਾ ਸਿਰ ਉਤੇ ਲੈ ਕੇ ਆਪਣੀ ਫਬਨ ਦਾ ਅੰਦਾਜ਼ਾ ਲਾਉਣ ਲਈ ਪੈਰਾਂ ਵਲ ਝਾਕਦੀ ਅਤੇ ਸ਼ਰਮ ਨਾਲ ਦੂਹਰੀ ਹੋ ਹੋ ਜਾਂਦੀ ਹੋਵੇ। ਸ਼ਾਇਦ ਕਿਸੇ ਅਜਿਹੇ ਦਿਲਕਸ਼ ਨਜ਼ਾਰੇ ਨੂੰ ਤੱਕ ਕੇ ਹੀ ਕਵੀ ਚਿਤ ਬਾਬਾ ਨਾਨਕ ਵਿਸਮਾਦ ਵਿਚ ਆਏ ਅਤੇ ਚਾਵਾਂ ਵਿਚ ਆਪ ਮੁਹਾਰੇ ਪੁਕਾਰ ਉਠੇ—

'ਮਾਹਾ ਮਾਹ ਮੁਮਾਰਖੀ, ਚੜ੍ਹਿਆ ਸਦਾ ਬਸੰਤ'

ਜਾਂ

'ਰੁਤਿ ਆਈ ਹੈ ਸਰਸ ਬਸੰਤ ਮਾਹਿ'

ਜਦੋਂ ਬਸੰਤ ਰਾਣੀ ਆਉਂਦੀ ਹੈ ਪਾਲਾ ਉਡ ਜਾਂਦਾ ਹੈ। ਸੂਰਜ ਦੀਆਂ ਨਿੱਘੀਆਂ ਕਿਰਨਾਂ ਦਾ ਨਿੱਘ ਪ੍ਰਾਪਤ ਕਰਨੋ ਵਾਂਝੇ ਹੁੰਦੇ ਜਾ ਰਹੇ ਸੀਨਿਆਂ ਵਿਚ ਦੱਬੇ ਇਕਰਾਰ ਅਤੇ ਰੀਝਾਂ ਮੌਲਣੀਆਂ ਸ਼ੁਰੂ ਹੁੰਦੀਆਂ ਹਨ। ਰੁਖਾਂ ਦੀਆਂ ਟਾਹਣੀਆਂ 'ਚੋਂ ਨਵੀਆਂ ਕਰੂੰਬਲਾਂ ਅਤੇ ਨਵੇਂ ਪੱਤੇ ਫੁੱਟ ਨਿਕਲਦੇ ਹਨ। ਨਵੇਂ ਖਿੜੇ ਫੁੱਲਾਂ ਦੀ ਮਹਿਕ ਜ਼ਿੰਦਗੀ ਵਿਚ ਤਾਜ਼ਗੀ ਅਤੇ ਨਵੀਨਤਾ ਲਿਆਉਂਦੀ ਹੈ। ਜਦੋਂ ਰੁੱਤਾਂ ਬਦਲਦੀਆਂ ਹਨ ਤਾਂ ਉਨ੍ਹਾਂ ਦੀ ਤਬਦੀਲੀ ਦਾ ਅਸਰ ਸਾਰੀ ਕਾਇਨਾਤ, ਮਨੁਖ, ਪਸ਼ੂ, ਪੰਛੀ ਉਤੇ ਪ੍ਰਤੱਖ ਪੈਂਦਾ ਹੈ। ਇਨ੍ਹਾਂ ਤਬਦੀਲੀਆਂ ਦੇ ਡੂੰਘੇ ਅਨੁਭਵ ਨੂੰ ਜਦੋਂ ਹੁਨਰੀ ਹੱਥਾਂ ਦੀ ਛੁਹ ਪਰਾਪਤ ਹੁੰਦੀ ਹੈ ਤਾਂ ਉਹ ਮਹਾਨ ਕਲਾਕ੍ਰਿਤ ਹੋ ਨਿਬੜਦਾ ਹੈ। ਬਾਬਾ ਗੁਰੂ ਨਾਨਕ ਨੇ ਇਨ੍ਹਾਂ ਤਬਦੀਲੀਆਂ ਨੂੰ ਬੜੀ ਬਾਰੀਕ ਨੀਝ ਨਾਲ ਵੇਖਿਆ ਅਤੇ ਕਾਵਮਈ ਢੰਗ ਨਾਲ ਉਸ ਨੂੰ ਬਿਆਨਿਆਂ। ਚੇਤ ਵਿਚ ਬਸੰਤ ਨੂੰ ਫੁੱਲੀ ਵੇਖ ਉਨ੍ਹਾਂ ਇਸ ਦਾ ਚਿੱਤਰ ਇਉਂ ਉਲੀਕਿਆ ਹੈ—

ਚੇਤ ਬਸੰਤ ਭਲਾ, ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰਿ, ਮੈਂ ਪਿਰ ਘਰਿ ਬਾਹੁੜੈ।
ਪਿਰ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬ ਸੁਹਾਵੀ ਬੋਲੈ,
ਕਿਉ ਦੁਖ ਅੰਗ ਸਹੀਜੈ।
ਭਵਰ ਭਵੰਤਾ ਫੂਲੀ ਡਾਲੀ,
ਕਿਉ ਜੀਵਾ ਮਰੁ ਮਾਏ ?
ਨਾਨਕ ਚੇਤਿ ਸਹਜਿ ਸੁਖੁ ਪਾਵੈ,
ਜੇ ਹਰਿ ਵਰੁ ਘਰਿ ਧਨ ਪਾਏ।

(ਬਾਰਾ ਮਾਹ ਤੁਖਾਰੀ ਛੰਦ)

ਇਸੇ ਤਰ੍ਹਾਂ ਦਾ ਪ੍ਰਕ੍ਰਿਤੀ ਚਿਤਰਣ ਆਪਣੇ ਆਪਣੇ ਦ੍ਰਿਸ਼ਟੀ ਕੋਣ ਤੋਂ ਲਗ ਭਗ ਹਰ ਕਵੀ ਕਰਦਾ ਰਿਹਾ ਹੈ। ਬੁਲੇ ਸ਼ਾਹ, ਸ਼ਾਹ ਹੁਸੈਨ, ਵਾਰਸ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਕ੍ਰਿਪਾ ਸਾਗਰ ਅਤੇ ਧਨੀ ਰਾਮ ਚਾਤ੍ਰਿਕ ਆਦਿ ਨੇ ਆਪਣੀਆਂ ਰਚਨਾਵਾਂ ਵਿਚ ਕੁਦਰਤ ਨੂੰ ਕਦੇ ਅੱਖੋਂ ਉਹਲੇ ਨਹੀਂ ਹੋਣ ਦਿਤਾ ਸਗੋਂ ਇਸ ਤੋਂ ਪ੍ਰੇਰਤ ਹੋ ਕੇ ਉਸ ਵਿਚ ਲੁਕੀਆਂ ਉਨ੍ਹਾਂ ਸੰਭਾਵਨਾਵਾਂ ਨੂੰ ਉਘਾੜਨ ਦਾ ਯਤਨ ਕੀਤਾ ਜੋ ਮਨੁਖਤਾ ਦੇ ਰਾਹਾਂ ਨੂੰ ਰੁਸ਼ਨਾਉਂਦੀਆਂ ਹਨ ਅਤੇ ਮਨੁਖ ਦੀ ਤਕਦੀਰ ਨੂੰ ਨਵੇਂ ਸਿਰੇ ਘੜਨ ਵਿਚ ਸਹਾਈ ਹੁੰਦੀਆਂ ਹਨ। ਉਨ੍ਹਾਂ ਨੇ ਇਸ ਵਿਚੋਂ ਉਹ ਤੇਜ ਲੱਭਣ ਦੇ ਯਤਨ ਕੀਤੇ

ਜਿਨ੍ਹਾਂ ਦੀ ਕਦਰ ਤੇ ਕੀਮਤ ਨੂੰ ਪਛਾਣਦਿਆਂ ਹੋਇਆਂ, ਭਾਈ ਵੀਰ ਸਿੰਘ ਜੀ ਇਕ ਤਪੀ ਹਠੀਏ ਨੂੰ ਵੇਖਕੇ ਆਖਦੇ ਹਨ—

'ਨਾ ਕਰ ਤਪ ਜਿੰਦੀ ਵਿਧਿ ਹਠੀਏ,
ਘੁਲ ਨਾ 'ਕੁਦਰਤ' ਨਾਲੇ
ਲੁਕਵੇਂ ਤੇਜ ਵਸਣ ਇਸ ਅੰਦਰ,
ਸੂਖਮ ਹੋਣ ਸੋ ਵਾਲੇ ।'

ਇਹ ਵਾਲਾਂ ਨਾਲੋਂ ਸੂਖਮ ਤੇਜ ਕੋਈ ਵੱਖਰੀ ਕਿਸਮ ਦੇ ਨਹੀਂ ਸਗੋਂ ਸਾਰੇ ਵਿਸ਼ਵ ਵਿਚ ਇਕੋ ਤਰ੍ਹਾਂ ਨਾਲ ਵਿਚਰਦੇ ਹਨ । ਇਹ ਲੁਕਵੇਂ ਤੇਜ ਉਹੀ ਹਨ ਜਿਨ੍ਹਾਂ ਤੋਂ ਪ੍ਰਾਪਤ ਹੋਏ ਖੇੜੇ ਨੂੰ ਵਰਡਜ਼ਵਰਥ (Wordsworth) ਨੇ 'Joy of Elevated Thought' ਆਖਿਆ ਹੈ ਅਤੇ ਜਿਨ੍ਹਾਂ ਨੂੰ ਬਲੰਡਨ (Blunden) ਨੇ ਕੁਦਰਤ ਦੇ ਕਾਦਰ ਨੂੰ ਪਾਉਣ ਦਾ ਸਿੱਧਾ ਰਾਹ ਦਸਿਆ ਹੈ (Through Nature to Nature's God) ਇਹ ਲੁਕੀਆਂ ਸੰਭਾਵਨਾਵਾਂ ਅਤੇ ਇਹ ਲੁਕਵੇਂ ਤੇਜ ਅਜੇ ਵੀ ਉਸ ਪ੍ਰਵੀਣ ਕਲਾਕਾਰ ਦੇ ਰਾਹ ਉਡੀਕ ਰਹੇ ਹਨ ਜਿਸ ਦੀ ਛੋਹ ਸਦਕਾ ਉਹ ਆਪਣੇ ਮਹਿਬੂਬ ਮਨੁਖ ਦੀ ਮਾਨਸਕ ਅਤੇ ਆਤਮਕ ਤਸੱਲੀ ਬਣ ਸਕਣ ।

ਇਸ ਮਹੀਨੇ ਸਾਨੂੰ ਪੂਰਨ ਆਸ ਹੈ ਕੇ ਸਾਡੇ ਮਿਹਰਬਾਨ ਲੇਖਕਾਂ ਤੇ ਕਵੀਆਂ ਦਾ ਧਿਆਨ ਅਤੇ ਉਨ੍ਹਾਂ ਦੇ ਚਿੰਤਨ ਨੂੰ 'ਬਸੰਤ' ਦੇ ਮਨੋਰੰਜਕ ਅਤੇ ਆਕਰਸ਼ਕ ਦ੍ਰਿਸ਼ ਪੂਰੀ ਤਰ੍ਹਾਂ ਕੀਲ ਲੈਣਗੇ । ਸਿਓਂਜੀਆਂ ਪੈਲੀਆਂ ਦੀਆਂ ਵੱਟਾਂ ਉਤੇ ਖੜ੍ਹਕੇ ਫਸਲਾਂ ਦੇ ਰਾਖੇ ਮੁੰਡੇ ਦਾ ਸਾਗ ਤੋੜਦੀ ਕੁੜੀ ਨੂੰ ਇਹ ਆਖਣਾ, .

'ਕਹਤੀ ਏਂ ਨੀ ਸਾਗ ਵਾਲੀਏ,
ਹੱਥ ਸੰਭ ਕੇ ਗੰਦਲ ਨੂੰ ਪਾਈਂ'

ਅਤੇ ਅਗੋਂ ਮੱਕੀ ਦੇ ਦਾਣੇ ਵਰਗੇ ਨਿਖਰੇ ਰੂਪ ਵਾਲੀ ਪੇਂਡੂ ਕੁੜੀ ਦਾ ਆਪਣੀਆਂ ਲੀਰਾਂ ਵਰਗੀਆਂ ਗੰਦਲਾਂ ਨੂੰ ਬਾਂਹ ਦਾ ਸਹਾਰਾ ਦੇ ਕੇ ਅਤੇ ਧੜਕਦੀ ਹਿੱਕ ਨਾਲ ਲਾ ਕੇ ਆਖਣਾ—

'ਕਾਹਨੂੰ ਮਾਰਦੈਂ ਜੱਟਾ ਲਲਕਾਰੇ
ਮੈਂ ਕੀ ਤੇਰੇ ਅੰਬ ਤੋੜ ਲਏ ।'

ਆਦਿ ਸਾਰਾ ਨਾਟਕ ਕਿਸੇ ਭਰਵੇਂ ਤੇ ਕਲਾਮਈ ਬਿਆਨ ਦਾ ਸੁਭਾਗ ਪ੍ਰਾਪਤ ਕਰ ਸਕੇਗਾ ਅਤੇ ਅਸੀਂ ਇਸ ਸਭ ਕਾਸੇ ਨੂੰ 'ਬਸੰਤ ਅੰਕ' ਦੇ ਨਾਉਂ ਹੇਠਾਂ ਸੰਚਿਤ ਕਰਕੇ ਆਪਣੇ ਪਿਆਰੇ ਪਾਠਕਾਂ ਨੂੰ ਪੇਸ਼ ਕਰਨ ਦੀ ਪ੍ਰਸੰਸਾ ਹਾਸਲ ਕਰਾਂਗੇ । ਪਰ ਅਫਸੋਸ ਹੈ ਬਸੰਤ ਉਤੇ ਨਾ ਕੋਈ ਸਾਡੇ ਕੋਲ ਕਵਿਤਾ, ਨਾ ਕਹਾਣੀ ਅਤੇ ਨਾ ਕੋਈ ਲੇਖ ਆਇਆ ਹੈ । ਇਸਦਾ ਸੰਭਵ ਕਾਰਣ ਇਹੋ ਆਖਿਆ ਜਾ ਸਕਦਾ ਹੈ ਕਿ ਇਸ ਸਬੰਧੀ ਅਸਾਂ ਪਹਿਲਾਂ ਕੋਈ ਸੰਕੇਤ ਨਹੀਂ ਕੀਤਾ ਪਰ ਮੈਂ ਆਪਣੇ ਕਲਮਾਂ ਵਾਲੇ ਦੋਸਤਾਂ ਨੂੰ ਬੇਨਤੀ ਕਰਾਂਗਾ ਕੇ ਸਾਡੇ ਦੁਆਲੇ ਨਿਤ ਨਵੀਨ ਰੂਪ ਵਿਚ ਮੌਲਦੀ ਕੁਦਰਤ ਕੀ ਕਿਸੇ ਸੰਕੇਤ ਦੀ ਮੁਹਤਾਜ ਹੈ । ਅੰਗਰੇਜ਼ੀ ਦੇ ਪ੍ਰਸਿਧ ਗਲਪਕਾਰ ਹਾਰਡੀ ਦਾ ਧਿਆਨ ਵੈਸੈਕਸ (Wessex) ਦੇ ਰੁੱਖਾਂ, ਬੂਟਿਆਂ, ਪਸ਼ੂ, ਪੰਛੀਆਂ, ਕਪਾਹਾਂ, ਕਮਾਦਾਂ, ਰੁੱਤਾਂ ਬਹਾਰਾਂ ਤੇ ਦ੍ਰਿਸ਼ਾਂ ਨਜ਼ਾਰਿਆਂ ਨੇ ਆਪ ਹੀ ਖਿੱਚ ਲਿਆ ਸੀ । ਕਿਉਂਕਿ ਹਾਰਡੀ ਉਨ੍ਹਾਂ ਵਿਚ ਜੰਮਿਆ ਪਲਿਆ ਅਤੇ ਵੱਡਾ ਹੋਇਆ ਸੀ । ਆਲੇ ਦੁਆਲੇ ਦੇ ਇਸ ਵਰਨਣ ਨਾਲ ਉਸ ਦੀਆਂ ਰਚਨਾਵਾਂ ਵਿਚ ਸਥਾਨਕ ਰੰਗਤ ਹੀ ਨਹੀਂ ਆਈ ਸਗੋਂ ਉਨ੍ਹਾਂ ਵਿਚੋਂ ਯਥਾਰਥਕਤਾ ਦੀ ਝਲਕੀ ਆਉਣ ਲਗੀ ।

ਕੁਦਰਤ ਲਿਖਾਰੀਆਂ ਲਈ ਨਵੇਂ ਨਵੇਂ ਸੰਕੇਤਾਂ ਦਾ ਨਿੱਤ ਨਵਾਂ ਭੰਡਾਰ ਹੈ । ਦੁਨੀਆ ਭਰ ਦੇ ਸਾਹਿਤ ਵਿਚ ਪ੍ਰਵੇਸ਼ ਕੀਤੀ ਬਿੰਬਾਵਲੀ, ਇਸਤਆਰੇ ਅਤੇ ਉਪਮਾਵਾਂ ਇਸ ਮਹਾਨ ਕੁਦਰਤ ਦੀ ਹੀ ਦਾਤ ਹਨ । ਸਾਨੂੰ ਆਪ ਨੂੰ ਹੀ ਨਹੀਂ ਸਗੋਂ ਸਾਡੇ ਸੁਹਿਰਦ ਪਾਠਕਾਂ ਨੂੰ ਵੀ ਖੁਸ਼ੀ ਹੋਵੇਗੀ ਜੇ ਸਾਡੇ ਲੇਖਕ ਇਸ ਨਿਤ ਨਵੇਂ ਬਗੀਚੇ ਵਿਚੋਂ ਆਪਣੇ ਅਨੁਭਵ ਦੁਆਰਾ ਨਵੇਂ ਫੁਲ ਚੁਣਕੇ ਆਪਣੀਆਂ ਕੀਮਤੀ ਕਿਰਤਾਂ ਨੂੰ ਨਵੀਂ ਜ਼ੇਬ ਦੇ ਸਕਣ ।

ਬਸੰਤ ਦੇ ਮੌਕੇ ਉੱਤੇ ਆਪਣੇ ਸੁਹਿਰਦ ਪਾਠਕਾਂ ਨੂੰ ਕੋਈ ਚੰਗਾ ਬਸੰਤੀ ਗੁਲਦਸਤਾ ਭੇਟਾ ਕਰਨ ਦਾ ਮਾਣ ਅਸੀਂ ਲੈ ਨਹੀਂ ਸਕੇ ਪਰ ਇਸ ਦੇ ਬਾਵਜੂਦ ਵੀ ਉਹਨਾਂ ਦੀ ਸੁਹਜ ਤ੍ਰਿਪਤੀ ਲਈ ਅਵਤਾਰ ਸਿੰਘ ਆਜ਼ਾਦ, ਆਹੂਜਾ, ਗੁਲਵੰਤ ਫਾਰਗ, ਪਿਆਰਾ ਸਿੰਘ ਪਦਮ ਤੇ ਸਾਕਿਰ ਪੁਰਸਾਰਥੀ ਜਿਹੇ ਕੁਝ ਹੋਰ ਲਿਖਾਰੀਆਂ ਦੀਆਂ ਕਿਰਤਾਂ ਤੁਹਾਡੇ ਤਕ ਪਹੁੰਚਾ ਕੇ ਅਸੀਂ ਤਸੱਲੀ ਮਹਿਸੂਸ ਕਰਦੇ ਹਾਂ ।

ਦਲੀਪ ਸਿੰਘ
ਇਨਚਾਰਜ ਜਨ ਪਾਠਕ ਭਾਗ

ਮੀਟੀ ਮੇਰੀ ਪੁਗ ਗਈ

ਅਵਤਾਰ ਸਿੰਘ 'ਆਜ਼ਾਦ'

ਨੂਰਾਂ ਦੇ ਗਲ ਲਗ ਗਇਆ ਮੈਂ, ਜਲਵਿਆਂ ਦੇ ਵਿਚ ਨ੍ਹਾ ਬੈਠਾ।
ਕਤਰਾ ਸਾਗਰ ਵਿਚ ਸਮਾ ਕੇ ਅਪਣੀ ਮੰਜ਼ਲ ਮੁਕਾ ਬੈਠਾ।

ਮਿਹਰ ਮੇਰ ਤੇ ਮਹਿਰਮ ਕੀਤੀ, ਅੰਕ ਸਮਾਇਆ ਸੱਜਣ ਨੇ।
ਮੇਰੀਆਂ ਭੁੱਲਾਂ ਭਟਕਣਾਂ ਨੂੰ ਵੀ, ਦਿਲਬਰ ਮਨੋਂ ਭੁਲਾ ਬੈਠਾ।

ਉਸ ਸੁੰਦਰ ਮਨਮੋਹਣੇ ਮਾਹੀ ਦੀ, ਕਰਾਮਾਤ ਦੀ ਸੁੰਦਰਤਾ।
ਮੇਰੇ ਕੁਹਜ ਵਿਚੋਂ ਉਹ ਅਪਣਾ, ਜਲਵਾ ਸੁਹਜ ਜਗਾ ਬੈਠਾ।

ਦੱਸੀ ਬਾਤ ਮੇਰੇ ਮੌਲਾ ਜਾਂ, ਹੋਏ ਉਜਾਲੇ ਚੁਫੇਰੀ।
ਇਸ਼ਕ ਪੰਘੂੜੇ ਵਿਚ ਪਇਆ ਮੈਂ, ਮਸਤੀ ਜਾਮ ਚੜ੍ਹਾ ਬੈਠਾ।

ਸ਼ੂਕਦੀਆਂ ਲਹਿਰਾਂ ਵਿਚਕਾਰੇ, ਛਾਲ ਦਿਵਾਨੇ ਮਾਰੀ ਸੀ।
ਛੁਪਿਆ ਲਹਿਰਾਂ ਛੱਲਾਂ ਦੇ ਵਿਚ, ਖਤਰੇ ਸਭ ਅਜ਼ਮਾ ਬੈਠਾ।

ਰਸਤਾ ਤਿਆਗ ਅਕਲ ਦਾ ਜੋ ਹੈ, ਵਿਚ ਰਜ਼ਾ ਦੇ ਖੁਸ਼ ਥੀਆ।
ਲਾਟਾਂ ਨੂੰ ਗਲਵੱਕੜੀ ਪਾ ਉਹ, ਮਹਿਕੇ ਚਮਨ ਖਿੜਾ ਬੈਠਾ।

ਗਰਜਦਿਆਂ ਤੂਫ਼ਾਨਾਂ ਵਿਚੋਂ ਸਿਦਕ ਦੇ ਬੇੜੇ ਪਾਰ ਹੋਏ।
ਪਿਆਰ ਦੀ ਰਾਹੇ ਸਾਦਿਕ ਹੈ ਜੋ, ਉਹ ਪ੍ਰੀਤਮ ਨੂੰ ਹੈ ਪਾ ਬੈਠਾ।

ਇਸ਼ਕ ਜਨੂੰਨ ਲੱਗਾ ਹੈ ਜਿਸ ਨੂੰ, ਹੁਸਨ-ਸ਼ਮਾਅ ਤੋਂ ਹੋ ਸਦਕੇ।
ਉਹ ਪਰਵਾਨਾ ਸਿਰ ਦੇ ਕੇ, ਹੈ ਸੁਹਣਾ ਸਨਮ ਮਨਾ ਬੈਠਾ।

ਭਗਤੀ ਦੰਭ ਤੇ ਨਾ ਮੱਕਾਰੀ, ਦੂਰ ਹੈ ਇਹ ਪਾਖੰਡਾਂ ਤੋਂ।
ਭਗਤ ਸਦਾਵਾਂ ਓਹੋ ਹੈ ਜੋ, ਆਪਾ ਘੋਲ ਘੁਮਾ ਬੈਠਾ।

ਇਹ ਉਹ ਰਾਗ ਜਿਨ੍ਹੂੰ ਗਾਣਾ ਪਇ, ਤਨ ਦੇ ਇਸ ਹਾਉਸ ਉਤੇ।
ਗੁਰੂ ਅਰਜਨ ਜਿਹਾ ਕੋਈ ਆਸ਼ਿਕ, ਰੂਹ-ਤਰਾਨਾ ਗਾ ਬੈਠਾ।

ਗਾਜ਼ੀ ਜੋ ਮੈਦਾਨ ਇਸ਼ਕ ਦੇ, ਜੀਵਨ ਖੇਡ ਸਮਝਦੇ ਉਹ।
ਹੈ ਮਨਸੂਰ ਉਹੀ ਜੋ ਸੂਲੀ, ਉਤੇ ਵੀ ਮੁਸਕਾ ਬੈਠਾ।

ਸਮਿਆਂ ਪੀਹੜੀਆਂ ਦੇ ਮੈਂ ਪੈਂਡੇ, ਪੈਰਾਂ ਹੇਠ ਲਿਤਾੜ ਦਿਤੇ।
ਤੈਨੂੰ ਲੱਭਣ ਲਈ ਨ ਜਾਣਾ, ਕਿੰਨੇ ਜਨਮ ਹੰਢਾ ਬੈਠਾ।

ਮੇਰੀਆਂ ਦੂਰੀਆਂ ਨੇ ਮੁਕ ਗਈਆਂ, ਮੀਟੀ ਵੀ ਹੈ ਪੁਗ ਗਈ।
ਅਜ ਤੇਰੇ ਸੀਨੇ ਨਾਲ ਲੱਗਾ, ਕਿਸਮਤ ਨੂੰ ਹੂਰਾ ਬੈਠਾ।

ਨਹੀਂ ਮੈਂ ਨਾਸ਼ ਹੋ ਸਕਦਾ

ਉਲਥਾਕਾਰ
ਰ. ਲ. ਆਹੂਜਾ

੧—ਪਿੰਜਰ ਪਿਆ ਹੈ ਪਸ਼ੂ ਦਾ
ਪਿਆ ਹੈ ਘਾਹ ਤੇ, ਭਖਦਾ ਲਿਸ਼ਕਦਾ।
ਸੁਕੀਆਂ ਸਿੱਟੀਆਂ ਹੱਡੀਆਂ।
ਬੇ ਤਰਸਾ ਕਿਨਾਂ ਹਾਸਾ ਹੈ ਕਾਲ ਦਾ।
ਕੂਕਦੀਆਂ ਹਨ ਇਹ ਸੁਣਾ ਕੇ ਮੈਨੂੰ।
ਤੇਰਾ ਵੀ, ਐ ਅਭਿਮਾਨੀਆ।
ਹੈ ਵਾਂਗ ਇਨ੍ਹਾਂ ਡੰਗਰਾਂ ਢੋਰਾਂ ਦੇ,
ਜੋ ਚਰ ਸਕਦੇ ਨਹੀਂ ਜੀ ਕੇ ਢੇਰ।
ਮੁਕ ਜਾਇਗਾ ਜਦ ਤੇਰੇ ਜੀਵਨ ਦਾ ਜਾਮ,
ਸੁਟ ਦੇਣਗੇ ਪਿਆਲੇ ਨੂੰ ਤੇਰੇ, ਦੂਰ ਦੂਰ।
ਸੜਦੀ ਹੋਈ ਆਸ ਵਿਚ ਉਠੀ ਮੇਰੀ ਹੂਕ।

੨—ਨ ਖਾਦ ਖੁਰਾਕ ਦੀ ਕੇਵਲ ਹੋਂਦ ਹਾਂ ਮੈਂ।
ਨ ਹੀ ਕਾਲ ਦਾ ਭੇਦੜਾ ਅਨਾਥ ਹਾਂ ਮੈਂ।
ਨ ਰੁਲਨਗੀਆਂ ਕਦੇ ਹੱਡੀਆਂ ਮੇਰੀਆਂ।
ਨ ਕੈਦ ਹੋ ਸਕਦੇ ਨੇ ਮਰਤ ਲੋਕ ਵਿਚ ਕਦੇ,
ਜਜ਼ਬੇ ਮੇਰੇ, ਵਿਚਾਰ ਮੇਰੇ, ਕਮਾਈਆਂ ਮੇਰੀਆਂ।
ਮੁਕਿਆ ਜੋ ਜੇ ਤੇ ਉਭਰਿਆ ਬੇਸ਼ੁਮਾਰ।
ਪਾਰ ਕੀਤੀਆਂ ਹਨ ਕਈ ਕਈ ਵਾਰ।

੩—ਮਨ ਨੇ ਮੇਰੇ ਕਾਲ ਦੀਆਂ ਸਰਹੱਦਾਂ,
ਨਹੀਂ ਲਗ ਸਕਦਾ ਮੇਰੇ ਖ਼ੂਨ ਮਾਸ ਤੋਂ ਅਨੁਮਾਨ,
ਮੇਰੀ ਹਸਤੀ ਦਾ ਜਾਂ ਆਪੇ ਦਾ ਮੇਰੇ,
ਘਸਾ ਸਕਦੇ ਨਹੀਂ ਦਿਨ ਰਾਤ ਵੀ ਕਦੇ,
ਨ ਲੁਟ ਸਕਦੀ ਹੈ ਪੂੰਜੀ ਨੂੰ ਮੇਰੀ ਮਾਟੀ।
ਨਹੀਂ ਮਰਦਾ, ਨਹੀਂ ਮਰਦਾ, ਨਹੀਂ ਮਰਦਾ।

੪—ਕਿ ਹਾਸਾ ਹਾਂ ਬੜਾ ਭਾਰਾ, ਖ਼ੁਦਾਵੰਦ ਦੀ ਖ਼ੁਦਾਈ ਦਾ।
ਪਈ ਪੂੰਜੀ ਅਨੰਤਾ ਦੀ ਮੇਰੇ ਆਪੇ ਦੀ ਖਾਰਤ ਵਿਚ।
ਨਹੀਂ ਮੈਂ ਨਸ਼ਟ ਹੋ ਜਾਂਦਾ।
ਨਹੀਂ ਮੈਂ ਨਾਸ਼ ਹੋ ਸਕਦਾ।

ਪੰਜਾਬ ਦੀਆਂ ਸ਼ਖ਼ਸੀਅਤਾਂ

[੨]

ਪਿਆਰਾ ਸਿੰਘ ਪਦਮ

ਮਹਾਂ ਕਵੀ ਸੰਤੋਖ ਸਿੰਘ

ਭਾਈ ਸੰਤੋਖ ਸਿੰਘ ਉਹ ਮਹਾਂ ਕਵੀ ਸਨ, ਜਿਨ੍ਹਾਂ ਦਸ ਗੁਰੂਆਂ ਦਾ ਜੀਵਨ, ਕਾਵਿ-ਰੰਗ ਵਿਚ ਲਿਖ ਕੇ ਪੰਜਾਬ ਦੀ ਜ਼ਿੰਦਗੀ ਨੂੰ ਟੁੰਬਿਆ। ਆਪ ਦਾ ਜਨਮ ਪਿੰਡ ਨੂਰ ਦੀ ਸਰਾਂ ਜ਼ਿਲਾ ਅੰਮ੍ਰਿਤਸਰ ਵਿਚ ਸ. ਦੇਵਾ ਸਿੰਘ ਦੇ ਘਰ ਮਾਤਾ ਰਜਾਦੀ ਦੀ ਕੁਖੋਂ ੧੭੮੮ ਈ. ਵਿਚ ਹੋਇਆ। ਗਿਆਨੀ ਸੰਤ ਸਿੰਘ ਜੀ ਪਾਸੋਂ ਅੰਮ੍ਰਿਤਰ ਵਿਦਿਆ ਪ੍ਰਾਪਤ ਕੀਤੀ ਫਿਰ ਕੁਝ ਅਰਸਾ ਪਟਿਆਲਾ ਦਰਬਾਰ ਵਿਚ ਰਹੇ ਤੇ ਬਾਦ ਵਿਚ ਭਾ. ਉਦੇ ਸਿੰਘ ਕੈਂਥਲ ਵਾਲਿਆਂ ਦੇ ਕਹਿਣ ਤੇ ਕੈਂਥਲ ਚਲੇ ਗਏ ਤੇ ਜੀਵਨ ਦਾ ਬਹੁਤਾ ਸਮਾਂ ਇਥੇ ਜਾਂ ਫਿਰ ਬੂੜੀਏ ਹੀ ਗੁਜ਼ਾਰਿਆ। ਆਪ ਦੀਆਂ ਰਚਨਾਵਾਂ ਇਹ ਸਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਨਾਨਕ ਪ੍ਰਕਾਸ਼, ਗਰਬਗੰਜਨੀ, ਨਾਮਕੋਸ਼, ਬਾਲਮੀਕਿ ਰਾਮਾਇਣ, ਆਤਮ ਪੁਰਾਣ ਤੇ ਕੈਂਥਲ ਰਾਜ। ਆਪ ਦਾ ਦਿਹਾਂਤ ੧੮੪੩ ਈ. ਵਿਚ ਅੰਮ੍ਰਿਤਸਰ ਹੋਇਆ। ਭਾਈ ਸੰਤੋਖ ਸਿੰਘ ਨੂੰ ਸਿਖਾਂ ਦਾ 'ਤੁਲਸੀ ਦਾਸ' ਜਾਂ ਫ਼ਿਰਦੌਸੀ ਕਿਹਾ ਜਾ ਸਕਦਾ ਹੈ, ਭਾਵੇਂ ਆਪ ਦੀਆਂ ਰਚਨਾ ਦੀਆਂ ਕਈ ਰਮਾਇਣਾਂ ਤੇ ਕਈ ਸ਼ਾਹਨਾਮੇ ਬਣ ਸਕਦੇ ਹਨ। ਸ਼ਾਇਦ ਕਿਸੇ ਹੋਰ ਕਵੀ ਨੇ ਇਕੱਲਿਆਂ ਇਤਨੇ ਆਕਾਰ ਦੀ ਰਚਨਾ ਨਹੀਂ ਕੀਤੀ। ਇਕ ਗੱਲ ਹੋਰ, ਤੁਲਸੀ ਜਾਂ ਫ਼ਿਰਦੌਸੀ ਨੇ ਕਿਸੇ ਇਕ ਵਿਅਕਤੀ ਦੀ ਜੀਵਨੀ ਲੈ ਕੇ ਮਹਾਂ-ਕਾਵਿ ਰਚਨਾ ਕੀਤੀ ਹੈ ਪਰ ਸੰਤੋਖ ਸਿੰਘ ਨੇ ਦਸ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਨੂੰ ਇਕ ਥਾਂ ਗੁੰਦ ਕੇ ਇਕ ਤਰ੍ਹਾਂ ਇਸ ਕ੍ਰਾਂਤੀਕਾਰੀ ਲਹਿਰ ਦਾ ਸੰਪੂਰਨ ਇਤਿਹਾਸ ਲਿਖਿਆ। ਜੇਕਰ ਇਸ ਨਜ਼ਰੀਏ ਤੋਂ ਪਰਖੀਏ ਤਾਂ ਭਾਈ ਸਾਹਿਬ ਨੂੰ ਕਿਸੇ ਲਹਿਰ ਦਾ ਕਾਵਿਕ ਇਤਿਹਾਸ ਲਿਖਣ ਵਾਲਾ ਮੋਢੀ ਸਾਹਿਤਕਾਰ ਮੰਨਣਾ ਪਵੇਗਾ ਜਿਨ੍ਹਾਂ ਗੁਰਮਤ ਵਿਚਾਰ-ਧਾਰਾ ਦੇ ਤਿੰਨ ਸੌ-ਸਾਲਾ ਅੰਦੋਲਨ ਨੂੰ ਇਕ ਥਾਂ ਕਲਮਬੰਦ ਕਰਕੇ ਨਵੇਂ ਪੂਰਨੇ ਪਾਏ।

ਮੌਲਾਨਾ ਹਾਲੀ

ਮੌਲਾਨਾ ਅਲਤਾਫ਼ ਹੁਸੈਨ ਹਾਲੀ ਦਾ ਜਨਮ ੧੮੬੦ ਈ. ਵਿਚ ਪਾਨੀਪਤ ਹੋਇਆ ਤੇ ੭੬ ਵਰ੍ਹੇ ਦੀ ਉਮਰ ਭੋਗ ਕੇ ਇਥੇ ਹੀ ੧੯੧੬ ਵਿਚ ਦੇਹਾਂਤ ਪਾਇਆ। ਇਹ ਗ਼ਾਲਿਬ ਦੇ ਸ਼ਾਗਿਰਦ ਸਨ ਪਰ ਉਸਤਾਦ ਤੋਂ ਵਖਰਾ ਰਾਹ ਅਪਣਾਇਆ। ਨਵੀਨ ਉਰਦੂ ਸ਼ਾਇਰੀ ਦੇ ਇਹਨਾਂ ਨੂੰ ਮੋਢੀ ਕਿਹਾ ਜਾਂਦਾ ਹੈ, ਇਹਨਾਂ ਤੋਂ ਪਹਿਲਾਂ ਅਕਸਰ ਉਰਦੂ ਸ਼ਾਇਰੀ ਆਸ਼ਕ ਮਾਸ਼ੂਕੀ ਦੇ ਜੰਜਾਲ ਵਿਚ ਹੀ ਫਸੀ ਹੋਈ ਸੀ ਜਾਂ ਕੁਝ ਵਡੇ ਆਦਮੀਆਂ ਦੇ ਕਸੀਦੇ ਲਿਖਣ ਤਕ ਮਹਿਦੂਦ ਸੀ। ਹਾਲੀ ਨੇ ਇਕ ਦਲੇਰ ਸੁਧਾਰਕ ਸਾਹਿਤਕਾਰ ਵਾਂਗ ਇਖ਼ਲਾਕੀ ਨਜ਼ਮਾਂ ਦੀ ਪਿਰਤ ਪਾ ਕੇ ਇਕ ਨਵਾਂ ਰਾਹ ਚਲਾਇਆ, ਏਸ ਪਖੋਂ 'ਮੁਸੱਦਸੇ ਹਾਲੀ' ਖਾਸ ਤੌਰ ਤੇ ਵਰਣਨ ਯੋਗ ਹੈ ਜਿਸ ਦਾ ਕਿ ਪੰਜਾਬੀ ਵਿਚ ਵੀ ਉਲਥਾ ਹੋਇਆ ਮਿਲਦਾ ਹੈ। ਹੋਰ ਪ੍ਰਸਿਧ ਕਿਤਾਬਾਂ ਹਨ ਯਾਦਗਾਰੇ ਗ਼ਾਲਿਬ, ਮੁਕੱਦਮਾ ਸ਼ੇਅਰੋ ਸ਼ਾਇਰੀ, ਦੀਵਾਨੇ ਹਾਲੀ, ਹਯਾਤੇ ਸਾਅਦੀ ਆਦਿ। ਇਨ੍ਹਾਂ ਦੀਆਂ ਕਈ ਨਜ਼ਮਾਂ ਹੋਰ ਜ਼ਬਾਨਾਂ ਵਿਚ ਵੀ ਤਰਜਮਾ ਹੋ ਕੇ ਛਪੀਆਂ ਹਨ। 'ਮਨਾਜਾਤੇ ਬੇਵਾ' ਦਾ ਤਰਜਮਾ ਸਣੇ ਸੰਸਕ੍ਰਿਤ ਦੇ ਦਸ ਜ਼ਬਾਨਾਂ ਵਿਚ ਹੋ ਚੁਕਾ ਹੈ। ਕਈ ਰੁਬਾਈਆਂ ਦਾ ਅਨੁਵਾਦ ਅੰਗਰੇਜ਼ੀ ਵਿਚ ਛਪ ਚੁਕਾ ਹੈ। ਜਿਨ੍ਹਾਂ ਦੀ ਵਿਦਵਤਾ ਤੇ ਕਾਵਿ ਕਲਾ ਨੂੰ ਵੇਖ ਕੇ ਸਰਕਾਰ ਨੇ ੧੯੦੪ ਵਿਚ ਇਹਨਾਂ ਨੂੰ 'ਸ਼ੱਮਸਉਲ ਉਲਮਾ' ਦਾ ਖਿਤਾਬ ਦੇ ਕੇ ਸਨਮਾਨਿਆ ਸੀ।

ਮੁਹੰਮਦ ਹੁਸੈਨ ਆਜ਼ਾਦ

ਨਵੀਨ ਉਰਦੂ ਸਾਹਿਤ ਦੇ ਸਿਰਜਣਹਾਰਾਂ ਵਿਚ ਮੌਲਵੀ ਮੁਹੰਮਦ ਹੁਸੈਨ ਆਜ਼ਾਦ ਦਾ ਨਾਂ ਇਕ ਖਾਸ ਹੈਸੀਅਤ ਰਖਦਾ ਹੈ। ਆਪ ਦਾ ਜਨਮ ੧੮੨੯ ਈ. ਵਿਚ ਤੇ ਦਿਹਾਂਤ ੧੯੧੦ ਵਿਚ ਹੋਇਆ। ਇਹ ਜ਼ੌਕ ਦੇ ਸ਼ਾਗਿਰਦ ਸਨ ਤੇ ਆਪਣੇ ਉਸਤਾਦ ਨਾਲ ਇਹਨਾਂ ਕਿਤਨੇ ਹੀ ਉਰਦੂ ਮੁਸ਼ਾਇਰੇ ਵੇਖੇ ਸਨ ਤੇ ਉਰਦੂ ਕਵੀਆਂ ਦੀਆਂ ਖ਼ਿਆਲੀ-ਉਡਾਰੀਆਂ ਵੀ ਤੱਕੀਆਂ ਸਨ। ਇਹਨਾਂ ਨੂੰ ਇਹ ਗੱਲ ਬੁਰੀ ਤਰ੍ਹਾਂ ਰੜਕਦੀ ਸੀ ਕਿ ਇਹ ਸ਼ਇਰ ਲੋਕ ਆਪਣੇ ਹੁਨਰ ਨੂੰ ਕਿਵੇਂ ਭੋਗ ਦੇ ਭਾੜੇ ਖੋ ਰਹੇ ਹਨ। ੧੮੫੭ ਦੇ ਗ਼ਦਰ ਬਾਦ ਇਹ ਲਾਹੌਰ ਆ ਕੇ ਕਾਲਜ ਵਿਚ ਪ੍ਰੋਫ਼ੈਸਰ ਲਗ ਗਏ ਤੇ ਇਥੇ ਹੀ ਆਪ ਨੇ ੧੫ ਅਗਸਤ, ੧੮੬੭ ਨੂੰ 'ਅੰਜਮਨੇ ਉਰਦੂ' ਨਾਂ ਦੀ ਸੁਸਾਇਟੀ ਦੀ ਬੁਨਿਆਦ ਰਖੀ, ਇਸ ਦਾ ਮੰਤਵ ਸੀ

ਉਰਦੂ ਸ਼ਾਇਰੀ ਦਾ ਸੁਧਾਰ, ਸਮਸਿਆ ਪੂਰਤੀ ਦੀ ਥਾਂ ਖੁਲ੍ਹੇ ਵਿਸ਼ੇ ਤੇ ਕਵਿਤਾ ਲਿਖਣੀ ਅਤੇ ਹੁਸਨ ਇਸ਼ਕ ਦੇ ਇਲਾਵਾ ਸਮਾਜਕ, ਧਾਰਮਕ ਤੇ ਕੁਦਰਤੀ ਨਜ਼ਾਰਿਆਂ ਤੇ ਕਲਮ ਚਲਾਉਣ ਦਾ ਰਿਵਾਜ ਪਾਉਣਾ। ਇਉਂ ਉਹਨਾਂ ਉਰਦੂ ਸਾਹਿਤ ਦਾ ਕਾਇਆ ਕਲਪ ਕਰਨ ਦੀਆਂ ਮਜ਼ਬੂਤ ਬੁਨਿਆਦਾਂ ਰਖੀਆਂ। ਉਸ ਸਮੇਂ ਵਾਰਤਕ ਨਹੀਂ ਮਾਤਰ ਸੀ। ਇਹਨਾਂ ਨੇ ਖੁਦ ਚੋਣ ਵਾਰਤਕ ਰਚਨਾ ਕਰਕੇ ਨਵੇਂ ਪੂਰਨੇ ਪਾਏ ਤੇ ਕੁਝਕੁ ਨਜ਼ਮਾਂ ਲਿਖ ਕੇ ਏਸ ਪਾਸੇ ਵੀ ਮੁਢੱਲੀ ਅਗਵਾਈ ਦਿਤੀ। ਪੰਜਾਬ ਵਿਚ ਮੁਸ਼ਾਇਰਿਆਂ ਜਾਂ ਕਵੀ ਦਰਬਾਰਾਂ ਦਾ ਮੁਢ ਇਨ੍ਹਾਂ ਹੀ ਰਖਿਆ ਸੀ।

ਆਪ ਦੀਆਂ ਪੁਸਤਕਾਂ ਇਹ ਹਨ : ਆਬੇਹਯਾਤ, ਨੈਰੰਗੇ-ਖਿਆਲ, ਨਿਗਾਰਸਤਾਨ, ਸੁਖਨਦਾਨੇ ਫਾਰਸ, ਦਰਬਾਰੇ ਅਕਬਰੀ ਤੇ ਨਜ਼ਮੇ ਅਜ਼ਾਦ ਵਗੈਰਾ।

ਬਾਬਾ ਰਾਮ ਸਿੰਘ

ਬਾਬਾ ਰਾਮ ਸਿੰਘ ਉਹ ਇਨਕਲਾਬੀ ਮਹਾਂਪੁਰਖ ਸਨ, ਜਿਹਨਾਂ ਪੰਜਾਬ ਵਿਚ ਆਜ਼ਾਦੀ ਦੀ ਲਹਿਰ ਦਾ ਮੁਢ ਰਖਿਆ ਅਤੇ ਬਰਤਾਨਵੀ ਸਰਕਾਰ ਨਾਲ ਨਾ-ਮਿਲਵਰਤਨ ਦੀ ਲਹਿਰ ਚਲਾਈ। ਆਪ ਦਾ ਜਨਮ ਪਿੰਡ ਭੈਣੀ ਜ਼ਿਲਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਦੇ ਘਰ ੧੮੧੫ ਈਸਵੀ (ਮਾਘ ਸੁਦੀ ਪੰਚਮੀ) ਵਿਚ ਹੋਇਆ। ੧੮੩੭ ਵਿਚ ਉਹ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿਚ ਲਾਹੌਰ ਭਰਤੀ ਜਾ ਹੋਏ। ੧੮੪੪ ਵਿਚ ਜਦੋਂ ਸਿੰਘਾਂ ਤੇ ਫਰੰਗੀਆਂ ਦੀ ਪਹਿਲੀ ਲੜਾਈ ਹੋਈ ਤਾਂ ਇਹ ਪਿੰਡ ਆ ਗਏ ਤੇ ਦਸਾਂ ਨੌਹਾਂ ਦੀ ਕਿਰਤ ਕਰਕੇ ਭਜਨ ਬੰਦਗੀ ਵਿਚ ਸਮਾਂ ਬਿਤਾਉਣ ਲੱਗੇ। ਪਰ ਕਲ ਜਿਸ ਰਾਮ ਸਿੰਘ ਨੇ ਪਿਸ਼ਾਵਰ ਜਲਾਲਾਬਾਦ ਤਕ ਸਿਖ ਫੌਜਾਂ ਦੇ ਝੂਲਦੇ ਝੰਡੇ ਤੱਕੇ ਸਨ, ਉਹ ਚੈਨ ਨਾਲ ਕਿਵੇਂ ਬੈਠ ਸਕਦੇ ਸਨ। ਅੰਤ ਉਹਨਾ ੧੮੫੭ ਈ. ਵਿਚ ਆਪਣੇ ਪਿੰਡ ਇਕ ਭਾਰੀ ਸਮਾਗਮ ਕੀਤਾ ਤੇ ੧੮੬੧ ਵਿਚ ਅਰਧਕੁੰਭੀ ਤੇ ਹਰਦੁਆਰ ਗਏ ਤੇ ੧੮੬੨ ਵਿਚ ਵਿਸਾਖੀ ਸਮੇਂ ਅੰਮ੍ਰਿਤਸਰ। ਇਉਂ ਪਹਿਲੇ ਪਹਿਲ ਉਹਨਾਂ ਸਿਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਸੁਚੇਤ ਕਰਕੇ ਫਿਰ ਸਰਕਾਰ ਅੰਗਰੇਜ਼ੀ ਨਾਲ ਨਾਮਿਲਵਰਤਨ ਦਾ ਬੀਜ ਬੀਜਿਆ। ਉਹਨਾਂ ਆਪਣੇ ਸ਼ਰਧਾਲੂਆਂ ਨੂੰ ਹੁਕਮ ਦਿਤਾ ਕਿ ਉਹ ਸਰਕਾਰੀ ਸਕੂਲਾਂ, ਅਦਾਲਤਾਂ ਦਾ ਬਾਈਕਾਟ ਕਰਨ, ਸਰਕਾਰੀ ਰੇਲ ਗੱਡੀ ਤੇ ਡਾਕ ਨ ਵਰਤਣ। ਬੁਨਾਂਚਿ ਡਾਕ ਦਾ ਇੰਤਜ਼ਾਮ ਅਪਣਾ ਕੀਤਾ ਗਿਆ। ਇਹ ਗੱਲਾਂ ਉਸ ਸਮੇਂ ਬਿਲਕੁਲ ਨਵੀਆਂ ਸਨ, ਹਿੰਦ ਭਰ ਵਿਚ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ, ਜਦੋਂ ਬਾਬਾ ਰਾਮ ਸਿੰਘ ਜੀ ਨੇ ਇਹ ਸਵਦੇਸ਼ੀ ਅੰਦੋਲਨ ਚਾਲੂ ਕੀਤਾ। ਨਤੀਜਾ ਇਹ ਹੋਇਆ ਕਿ ਸੰਨ ੧੮੬੨ ਵਿਚ ਹੀ ਆਪ ਨੂੰ ਆਪਣੇ ਪਿੰਡ ਨਜ਼ਰਬੰਦ ਕਰ ਦਿਤਾ ਗਿਆ, ਚਾਰ ਸਾਲ ਦੀ ਨਜ਼ਰਬੰਦੀ ਪਿਛੋਂ ਫਿਰ ਆਪ ਨੇ ਆਜ਼ਾਦੀ ਲਈ ਕੁਝ ਉਪਰਾਲੇ ਅਰੰਭੇ ਜਿਨ੍ਹਾਂ ਵਿਚ ਬਾਹਰਲੇ ਦੇਸ਼ਾਂ ਨਾਲ ਮਿਤਰਤਾਨਾ ਗੰਢਣਾ ਵੀ ਸੀ। ਕਸ਼ਮੀਰ, ਨਿਪਾਲ, ਕਾਬਲ ਤੇ ਰੂਸ ਤਕ ਨਾਲ ਗਲਬਾਤ ਅਰੰਭੀ ਗਈ ਤੇ ਕਈ ਥਾਈਂ ਚੰਗੀ ਸਫਲਤਾ ਮਿਲੀ। ੧੮੭੨ ਵਿਚ ਲੋਹੜੀ ਦੇ ਮੌਕੇ ਤੇ ਭੈਣੀ ਇਕ ਭਾਰੀ ਇਕੱਠ ਹੋਇਆ ਤੇ ਕੁਝ ਜੋਸ਼ੀਲੇ ਨਾਮਧਾਰੀ ਬਾਬਾ ਜੀ ਨੂੰ ਦਸੇ ਬਿਨਾ ਮਲੇਰਕੋਟਲੇ ਤੇ ਜਾ ਪਏ ਤੇ ਉਥੇ ਕੁਝ ਬੁੱਚੜਾਂ ਤੇ ਸਿਪਾਹੀਆਂ ਨੂੰ ਜਾ ਮਾਰਿਆ, ਇਸ ਗੜ-ਬੜ ਨੂੰ ਵੇਖ ਕੇ ਡਿਪਟੀ ਕਮਿਸ਼ਨਰ ਲੁਧਿਆਣਾ ਮਿ. ਕਾਵਨ ਨੇ ੬੬ ਨਾਮਧਾਰੀਆਂ ਨੂੰ ਕੈਦ ਕਰਕੇ ੧੭ ਜਨਵਰੀ ੧੮੭੨ ਨੂੰ ਤੋਪਾਂ ਸਾਹਮਣੇ ਉਡਾ ਦਿਤਾ ਤੇ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿਤਾ, ਜਿਥੇ ਕਿ ਆਪ ਦਾ ਦਿਹਾਂਤ ੧੮੮੫ ਈ. ਵਿਚ ਹੋਇਆ।

ਸੁਆਮੀ ਰਾਮ ਤੀਰਥ

ਸੁਆਮੀ ਰਾਮ ਤੀਰਥ ਪੰਜਾਬ ਦਾ ਉਹ ਸਭਿਆਚਾਰਕ ਦੂਤ ਸੀ, ਜਿਸ ਹਿੰਦ ਦਾ ਅਧਿਆਤਮਕ ਸੰਦੇਸ਼ ਬਾਹਰਲੇ ਦੇਸਾਂ ਵਿਚ ਪਹੁੰਚਾ ਕੇ ਭਾਰਤੀ ਸੰਸਕ੍ਰਿਤੀ ਦਾ ਨਾਮ ਉਚਾ ਕੀਤਾ। ਆਪ ਦਾ ਜਨਮ ਪਿੰਡ ਮੁਰਲੀਵਾਲਾ ਜ਼ਿਲਾ ਗੁਜਰਾਂ ਵਾਲੇ ਵਿਚ ਸ੍ਰੀ ਹੀਰਾ ਨੰਦ ਦੇ ਘਰ ੨੨ ਅਕਤੂਬਰ, ੧੮੭੩ ਈ. ਨੂੰ ਹੋਇਆ। ਲਾਹੌਰ ਮਿਸ਼ਨ ਕਾਲਜ ਤੇ ਕੁਝ ਚਿਰ ਓਰੀਐਂਟਲ ਕਾਲਜ ਵਿਚ ਪੜ੍ਹਾਉਂਦੇ ਰਹੇ। ਸਾਧੂਆਂ ਦੀ ਸੰਗਤ ਨਾਲ ਫਕੀਰੀ ਰੰਗ ਲਗ ਗਿਆ, ਮਸਤਾਨੇ ਹੋ ਕੇ ਨੌਕਰੀ ਤੋਂ ਅਸਤੀਫਾ ਦੇ ਦਿਤਾ ਤੇ ਅਮਰਨਾਥ ਦੀ ਯਾਤਰਾ ਨੂੰ ਚਲੇ ਗਏ। ਹਿਮਾਲਾ ਆਪ ਨੂੰ ਬਹੁਤ ਪਿਆਰਾ ਲਗਦਾ ਸੀ, ਸੰਨਿਆਸੀ ਬਣ ਕੇ ਗੰਗੋਤ੍ਰੀ, ਜਮਨੋਤਰੀ ਤੇ ਬਦਰੀ-ਨਾਥ ਵਗੈਰਾ ਵਲ ਵਿਚਰਦੇ ਰਹੇ। ਜਦੋਂ ਟਹੀਗੜ੍ਹ ਵਾਲ ਰਾਜੇ ਸਰ ਕੀਰਤੀਸ਼ਾਹ ਨੂੰ ਆਪ ਦੀ ਉਚ- ਬਿਰਤੀ ਦਾ ਪਤਾ ਲਗਾ ਤਾਂ ਉਹ ਆਪ ਨੂੰ ਟੀਹਰੀ ਲੈ ਆਏ ਤੇ ਫਿਰ ਪ੍ਰਤਾਪ ਨਗਰ ਲੈ ਗਏ। ਇਥੇ ਸੁਆਮੀ ਜੀ ਨੂੰ ਖਬਰ ਲਗੀ ਕਿ ਜਪਾਨ ਵਿਚ ਇਕ ਸਰਬ-ਧਰਮ-ਸੰਮੇਲਨ ਹੋ ਰਿਹਾ ਹੈ, ਉਹ ਉਧਰ ਤੁਰ ਪਏ। ਇਹ ਗੱਲ ੧੯੦੨ ਦੀ ਹੈ, ਜਾਪਾਨ

ਵਿਚ ਜਾ ਕੇ ਪਤਾ ਮਿਲਿਆ ਕਿ ਇਹ ਕਾਨਫਰੰਸ ਮੁਲਤਵੀ ਹੋ ਗਈ ਹੈ ਤਾਂ ਆਪ ਦੋ ਹਫਤੇ ਟੋਕੀਓ ਵਿਚ ਠਹਿਰੇ ਤੇ ਇਥੇ ਵੇਦਾਂਤ ਉਤੇ ਭਾਸ਼ਣ ਦਿਤੇ । ਇਥੇ ਹੀ ਪ੍ਰੋ. ਪੂਰਨ ਸਿੰਘ ਦਾ ਮੇਲ ਹੋਇਆ । ਟੋਕਿਓ ਤੋਂ ਨਵੰਬਰ ੧੯੦੩ ਵਿਚ ਸਾਨਫ੍ਰਾਂਸਿਸਕੋ ਚਲੇ ਗਏ, ਅਮਰੀਕਾ ਵਾਲੇ ਵਿਵੇਕਾਨੰਦ ਦਾ ਜਾਦੂ ਪਹਿਲੇ ਵੇਖ ਚੁਕੇ ਸਨ, ਇਸ ਲਈ ਉਹਨਾਂ ਸੁਆਮੀ ਜੀ ਦਾ ਬਹੁਤ ਸਨਮਾਨ ਕੀਤਾ । ਦੋ ਸਾਲ ਬਾਦ ਆਪ ੧੯੦੫ ਵਿਚ ਵਾਪਸ ਦੇਸ਼ ਆ ਗਏ ਤੇ ਰਿਸ਼ੀਕੇਸ਼ ਤੋਂ ੩੦ ਮੀਲ ਦੂਰ, ਜੰਗਲ ਵਿਚ ਇਕਾਂਤ ਵਿਚ ਰਹਿਣ ਲਗੇ । ਆਪ ਦੀ ਸਿਹਤ ਇਸ ਸਮੇਂ ਅੱਛੀ ਨਹੀਂ ਸੀ, ਸਦਾ ਮਸਤੀ ਵਿਚ ਗੜੂੰਦ ਰਹਿੰਦੇ ਤੇ ਇਸ ਮਸਤਾਨਾ ਦਸ਼ਾ ਵਿਚ ਉਹ ੧੭ ਅਕਤੂਬਰ ੧੯੦੬ ਨੂੰ ਦੁਪਹਿਰ ਬਾਰਾਂ ਵਜੇ ਗੰਗਾ ਵਿਚ ਛਾਲ ਮਾਰਕੇ ਸਦਾ ਲਈ ਵਿਛੋੜਾ ਦੇ ਗਏ ।

ਰਾਮ ਤੀਰਥ ਪਿਆਰ ਭਿੱਜਾ ਬੰਦਾ ਸੀ ਤੇ ਉਸ ਦੀ ਜ਼ਬਾਨ ਅੰਮ੍ਰਿਤ ਵਰਖਾ ਕਰਦੀ ਸੀ, ਜਦ ਵੀ ਉਹ ਬੋਲਦਾ ਤਾਂ ਇਉਂ ਸੁਣਾਈ ਦੇਂਦਾ 'ਮੈਂ ਹੀ ਹਿੰਦੁਸਤਾਨ ਹਾਂ, ਮੈਂ ਹੀ ਭਾਰਤਵਰਸ਼ ਹਾਂ, ਇਹ ਭਾਰਤੀਭੂਮੀ ਮੇਰਾ ਸਰੀਰ ਹੈ, ਕੰਨਿਆ ਕੁਮਾਰੀ ਮੇਰੇ ਪੈਰਾਂ ਦਾ ਅੰਤਮ ਸਿਰਾ ਹੈ ਤੇ ਉਸ ਦਾ ਮੁਕਟ ਹਿਮਾਲਾ ਮੇਰਾ ਸੀਸ ਹੈ। ਮੇਰੇ ਹੀ ਸਿਰ ਤੇ ਜਟਾਜੂਟ ਵਿਚੋਂ ਗੰਗਾ, ਬ੍ਰਹਿਮਪੁਤਰ ਤੇ ਸਿੰਧ ਦੀ ਧਾਰਾ ਵਗ ਰਹੀ ਹੈ । ਮੇਰੀ ਕਮਰ ਦੀ ਕੋਪੀਨ ਬਿੰਧਿਆਚਲ ਹੈ । ਮੈਂ ਸਾਰੇ ਦਾ ਸਾਰਾ ਭਾਰਤ ਹਾਂ ਤੇ ਇਸ ਦੀਆਂ ਪੂਰਬੀ ਪਛਮੀ ਦਿਸ਼ਾਵਾਂ ਮੇਰੀਆਂ ਬਾਹਾਂ ਹਨ । ਇਹਨਾਂ ਦੋਹਾਂ ਨੂੰ ਫੈਲਾ ਕਿ ਮੈਂ ਸਾਰੀ ਮਨੁਖ ਜਾਤੀ ਨੂੰ ਆਪਣੀ ਪਿਆਰ ਗਲਵਕੜੀ ਵਿਚ ਲੈਣਾ ਚਾਹੁੰਦਾ ਹਾਂ ।

ਸੰਤ ਅਤਰ ਸਿੰਘ

ਸੰਤ ਅਤਰ ਸਿੰਘ ਪੰਜਾਬ ਦੀ ਉਹ ਮਹਾਨ ਦਿੱਬ ਵਿਅਕਤੀ ਸੀ, ਜਿਸ ਆਪਣੀ ਛੁਹ ਨਾਲ ਲੱਖਾਂ ਪ੍ਰਾਣੀਆਂ ਨੂੰ ਭਜਨ ਬੰਦਗੀ ਤੇ ਸਮਾਜ ਸੇਵਾ ਵਲ ਲਾਇਆ । ਆਪ ਸੱਚੇ ਅਰਥਾਂ ਵਿਚ ਬ੍ਰਹਿਮ ਗਿਆਨੀ ਤੇ ਕਰਣੀ ਵਾਲੇ ਸੰਤ ਸਨ, ਜਿਨ੍ਹਾਂ ਪਦਾਰਥਵਾਦੀ ਸੰਸਾਰ ਨੂੰ ਪਰਮਾਰਥਕ ਜੀਵਨ ਦੀ ਜਾਚ ਸਿਖਾਈ। ਆਪ ਦਾ ਜਨਮ ਪਿੰਡ ਚੀਮਾ (ਜ਼ਿ. ਪਟਿਆਲਾ) ਵਿਚ ਬਾਬਾ ਕਰਮ ਸਿੰਘ ਦੇ ਘਿਰ ਮਾਤਾ ਭੋਲੀ ਦੀ ਕੁਖੋਂ ਹੋਇਆ । ੧੮ ਸਾਲ ਦੀ ਉਮਰ ਵਿਚ ਤੋਪਖਾਨੇ ਵਿਚ ਭਰਤੀ ਹੋ ਗਏ । ਫਿਰ ਨੌਕਰੀ ਛਡ ਕੇ ਤਪ ਕਰਨ ਲਗ ਪਏ । ਪੰਜਾ ਸਾਹਿਬ ਦੇ ਲਾਗੇ ਪਿੰਡ ਕਨੈਹਾ ਵਿਚ ਆਪ ਨੇ ਕਠਨ ਘਾਲ ਘਾਲਣੀ ਅਰੰਭੀ । ਇਕ ਵਾਰ ਚਾਲੀ ਦਿਨ ਲਗਾਤਾਰ ਬਿਨਾ ਅੰਨ ਖਾਧੇ ਭਜਨ ਵਿਚ ਜੁਟੇ ਰਹੇ, ਇਸੇ ਤਰ੍ਹਾਂ ਦੂਜੀ ਵਾਰ ਛੇ ਮਹੀਨੇ ਲਈ ਅਤੇ ਤੀਜੀ ਵਾਰ ਫਿਰ ਲਗਾਤਾਰ ਇਕ ਸਾਲ ਤਪ ਕੀਤਾ । ਇਸ ਸਮੇਂ ਕੇਵਲ ਇਕ ਸਰਦਾਈ ਦਾ ਗਲਾਸ ਤੇ ਥੋੜੀ ਜਿਹੀ ਭਾਜੀ ਖਾਇਆ ਕਰਦੇ ਸਨ । ਇਉਂ ਸੰਤ ਜੀ ਦੀ ਆਤਮਾ ਭਜਨ ਬੰਦਗੀ ਤੇ ਘਾਲ ਤਪਸਿਆ ਨਾਲ ਕੁੰਦਨ ਬਣ ਗਈ । ਤੇ ਉਹ ਪੁਰਾਣੇ ਰਿਸ਼ੀਆਂ ਤੇ ਫਕੀਰਾਂ ਵਾਂਗ ਦੇਸ ਭਰ ਵਿਚ ਨਾਮ ਦਾ ਛਟਾ ਦੇਣ ਲਈ ਨਿਕਲੇ ਤੇ ਜਿਧਰ ਵੀ ਉਹ ਗਏ, ਕੀ ਗ਼ਰੀਬ ਕੀ ਅਮੀਰ, ਕੀ ਰਾਜੇ ਰਾਣੇ ਸਭ ਉਨ੍ਹਾਂ ਦੀ ਪੈਰੀਂ ਪੈਂਦੇ ਗਏ । ਦਰਅਸਲ ਵੇਖਿਆ ਜਾਵੇ ਤਾਂ ਅਕਾਲੀ ਲਹਿਰ ਜੈਸੀ ਸਿਦਕ ਸਬਰ ਤੇ ਦ੍ਰਿੜ੍ਹਤਾ ਵਾਲੀ ਧਾਰਮਕ ਲਹਿਰ ਪਿਛੇ ਸੰਤ ਅਤਰ ਸਿੰਘ ਜਹੀ ਧਾਰਮਕ ਉਚ ਵਿਅਕਤੀ ਦੀ ਘਾਲ ਕੰਮ ਕਰ ਰਹੀ ਸੀ ਜਿਨ੍ਹਾਂ ਉਸ ਸਮੇਂ ਲੋਕਾਂ ਵਿਚ ਸਿਖੀ ਜੀਵਨ ਸੰਚਾਰਿਆ । ਵਿਦਿਅਕ ਉਨਤੀ ਲਈ ਆਪ ਦੇ ਕੀਤੇ ਜਤਨ ਵਰਣਨ ਯੋਗ ਹਨ, ਖਾਲਸਾ ਉਪਦੇਸ਼ਕ ਕਾਲਜ, ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਗੁਰਸਾਗਰ ਮਸਤੂਆਣਾ ਆਦਿਕ ਅਨੇਕਾਂ ਆਸ਼ਰਮ ਉਨ੍ਹਾਂ ਤਿਆਰ ਕਰਵਾਏ, ਫੀਰੋਜ਼ਪੁਰ ਵਿਚ ਹੋਈ ਐਜੂਕੇਸ਼ਨਲ ਕਾਨਫ਼ਰੰਸ ਦਾ ਆਪ ਨੂੰ ਪਰਧਾਨ ਬਣਾਇਆ ਗਿਆ ।

੧੯੨੬ ਈ. (੧੯ ਮਾਘ) ਵਿਚ ਮਸਤੂਆਣੇ ਦੇਹਾਂਤ ਹੋਇਆ ।

ਲਾਲਾ ਲਾਜਪਤ ਰਾਇ

ਜ਼ਬਾਨ ਤੇ ਕਲਮ ਦੇ ਧਨੀ ਲਾਲਾ ਲਾਜਪਤ ਰਾਇ ਪੰਜਾਬ ਦੇ ਉਹ ਧੜੱਲੇਦਾਰ ਲੀਡਰ ਸਨ ਜਿਨ੍ਹਾਂ ਆਜ਼ਾਦੀ ਦੇ ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ । ਆਪ ਦਾ ਜਨਮ ਜਗਰਾਉਂ ਜ਼ਿਲਾ ਲੁਧਿਆਣਾ ਵਿਚ ਮਾਸਟਰ ਰਾਧਾ ਕ੍ਰਿਸ਼ਣ ਅੱਗਰਵਾਲ ਦੇ ਘਰ ੨੮ ਜਨਵਰੀ ੧੮੬੫ ਨੂੰ ਹੋਇਆ । ੧੮੮੫ ਵਿਚ ਵਕਾਲਤ ਪਾਸ ਕਰਕੇ ਹਿਸਾਰ ਜਾ ਪ੍ਰੈਕਟਿਸ ਸ਼ੁਰੂ ਕੀਤੀ ਤੇ ੧੮੯੨ ਵਿਚ ਲਾਹੌਰ ਆ ਗਏ । ਆਰੀਆ ਸਮਾਜ ਦੇ ਡੀ. ਏ. ਵੀ. ਕਾਲਜ ਦੀ ਸਥਾਪਨਾ ਲਈ ਉਨ੍ਹਾਂ ਬੜੇ ਜਤਨ ਕੀਤੇ, ਕਾਲਜ ਕਮੇਟੀ ਦੇ ਬਾਰਾਂ ਸਾਲ ਸਕੱਤਰ ਰਹੇ, ਮੇਸ ਪਾਰਟੀ ਤੇ ਘਾਸ ਪਾਰਟੀ ਦੀ ਵੰਡ ਹੋ ਜਾਣ ਕਾਰਣ ਇਨ੍ਹਾਂ ਆਰੀਆ ਸਮਾਜ ਨੂੰ ਛੱਡ ਦਿਤਾ । ੧੯੦੪ ਵਿਚ ਕਾਂਗਰਸ ਦੇ ਬੰਬਈ ਸੈਸ਼ਨ ਵਿਚ ਹੋਏ ਫੈਸਲੇ ਅਨੁਸਾਰ ਮਿ. ਗੋਖਲੇ ਤੇ ਲਾਜਪਤ ਜੀ

ਨੂੰ ਪਾਰਲੀਮੈਂਟ ਸਾਮ੍ਹਣੇ ਹਿੰਦੁਸਤਾਨੀ ਮੰਗਾਂ ਰੱਖਣ ਲਈ ਇੰਗਲੈਂਡ ਘੱਲਿਆ ਗਿਆ। ਲਾ. ਕਰਜ਼ਨ ਨੇ ਬੰਗਾਲ ਦੀ ਵੰਡ ਕੀਤੀ ਤਾਂ ਇਸ ਅੰਦੋਲਨ ਵਿਚ ਲਾਲਾ ਜੀ ਨੂੰ ਦੇਸ-ਨਿਕਾਲਾ ਮਿਲਿਆ ਤੇ ਮਾਂਡਲੇ ਘਲੇ ਗਏ। ੧੯੧੪ ਵਿਚ ਕਾਂਗਰਸ ਵਲੋਂ ਡੈਪੂਟੇਸ਼ਨ ਬਣਾ ਕੇ ਫਿਰ ਲੰਡਨ ਗਏ, ਇਥੋਂ ਅਗੇ ਜਾਪਾਨ ਤੇ ਅਮਰੀਕਾ ਵੀ ਗਏ ਕਿਉਂਕਿ ਜੰਗ ਲਗ ਜਾਣ ਕਰਕੇ ਸਰਕਾਰ ਇਨ੍ਹਾਂ ਨੂੰ ਇਧਰ ਨਹੀਂ ਸੀ ਆਉਣ ਦਿੰਦੀ। ਅਮਰੀਕਾ ਵਿਚ 'ਯੰਗ ਇੰਡੀਆ' ਕਿਤਾਬ ਛਾਪੀ ਤੇ ਹਿੰਦ ਬਾਰੇ ਲੇਖ ਵੀ ਲਿਖਦੇ ਰਹੇ। ਇੰਡੀਅਨ ਹੋਮ ਰੂਲ ਲੀਗ ਬਣਾਈ, 'ਯੰਗ' ਮਾਸਕ ਪੱਤਰ ਜਾਰੀ ਕੀਤਾ। ਚਾਰ ਪੰਜ ਸਾਲ ਅਮਰੀਕਾ ਰਹਿਣ ਪਿਛੋਂ ਫਿਰ ਦੇਸ ਆ ਗਏ। ਮਿਸ ਮਿਊ ਨੇ 'ਮਦਰ ਇੰਡੀਆ' ਲਿਖ ਕੇ ਹਿੰਦੀਆਂ ਨੂੰ ਬਦੂ ਕੀਤਾ ਸੀ, ਲਾਲਾ ਜੀ ਨੇ ਉਸ ਦੇ ਜਵਾਬ ਵਿਚ 'ਅਨਹੈਪੀ ਇੰਡੀਆ' ਕਿਤਾਬ ਲਿਖੀ। 'ਤਿਲਕ ਸਕੂਲ ਆਫ਼ ਪਾਲਿਟਿਕਸ' ਚਾਲੂ ਕੀਤਾ, 'ਦੀ ਪੀਪਲਜ਼ ਸਰਵੈਂਟਸ ਸੁਸਾਇਟੀ' ਦੀ ਬੁਨਿਆਦ ਰਖੀ, ਦੁਆਰਕਾਦਾਸ ਲਾਇਬਰੇਰੀ ਬਣਾਈ, ਆਪਣੀ ਮਾਤਾ ਦੇ ਨਾਂ ਤੇ 'ਗੁਲਾਬ ਦੇਵੀ ਹਸਪਤਾਲ' ਖੁਲ੍ਹਵਾਇਆ। 'ਬੰਦੇ ਮਾਤ੍ਰਮ' ਤੇ 'ਦੀ ਪੀਪਲ' ਅਖ਼ਬਾਰ ਚਲਾਉਂਦੇ ਰਹੇ। ਅੰਗਰੇਜ਼ੀ ਤੋਂ ਇਲਾਵਾ ਉਰਦੂ ਵਿਚ ਆਪ ਨੇ ਕਾਫ਼ੀ ਲਿਖਿਆ। ਜਦੋਂ ੩੦ ਅਕਤੂਬਰ ੧੯੨੮ ਨੂੰ ਸਾਇਮਨ ਕਮੀਸ਼ਨ ਲਾਹੌਰ ਆਇਆ ਤਾਂ ਇਸ ਦੇ ਵਿਰੁਧ ਇਕ ਭਾਰੀ ਜਲੂਸ ਨਿਕਲਿਆ, ਪੁਲਸ ਨੇ ਲਾਠੀਚਾਰਜ ਕੀਤਾ ਤੇ ਲਾਲਾ ਜੀ ਦੇ ਵੀ ਸਖ਼ਤ ਚੋਟ ਆਈ। ਇਸੇ ਚੋਟ ਕਾਰਣ ਉਹ ੧੭ ਨਵੰਬਰ, ੧੯੨੮ ਨੂੰ ਸਵੇਰੇ ਸੱਤ ਵਜੇ ਦੇਹਾਂਤ ਪਾ ਗਏ।

ਭਾਈ ਪਰਮਾਨੰਦ

ਭਾਈ ਪਰਮਾਨੰਦ ਦਾ ਖ਼ਾਨਦਾਨੀ ਸਬੰਧ ਭਾਈ ਮਤੀ ਦਾਸ ਸ਼ਹੀਦ ਨਾਲ ਮਿਲਦਾ ਹੈ, ਜੋ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਦਿੱਲੀ ਵਿਚ ਆਰੇ ਨਾਲ ਚੀਰੇ ਗਏ ਸਨ। ਭਾਈ ਸਾਹਿਬ ਸਚਮੁਚ ਕੁਰਬਾਨੀ ਦੇ ਪੁਤਲੇ ਤੇ ਆਜ਼ਾਦੀ ਦੀ ਜੰਗ ਦੇ ਬੀਰ ਜੋਧੇ ਸਨ। ਆਪ ਦਾ ਜਨਮ ੧੮੭੪ ਵਿਚ ਹੋਇਆ। ਐਮ. ਏ. ਕਰਕੇ ਆਰੀਆ ਸਮਾਜ ਵਿਚ ਕੰਮ ਕਰਨ ਲਗੇ। ਮਹਾਤਮਾ ਹੰਸ ਰਾਜ ਜੀ ਨੇ ਆਪ ਨੂੰ ਵੈਦਕ ਸਭਿਅਤਾ ਦੇ ਪਰਚਾਰ ਲਈ ਅਫ਼ਰੀਕਾ ਭੇਜਿਆ, ਉਥੇ ਸ. ਅਜੀਤ ਸਿੰਘ ਤੇ ਸੂਫ਼ੀ ਅੰਬਾਪ੍ਰਸਾਦਿ ਵਰਗਿਆਂ ਦੀ ਸੰਗਤ ਨਾਲ ਇਨਕਲਾਬੀ ਬਣ ਗਏ। ਜਦੋਂ ਪੁਲਸ ਦੀ ਕੈਰੀ ਨਜ਼ਰ ਵੇਖੀ ਤਾਂ ਅਮਰੀਕਾ ਚਲੇ ਗਏ, ਉਥੇ ਲਾਲਾ ਹਰਦਿਆਲ ਨਾਲ ਮਿਲ ਕੇ ਕੰਮ ਕਰਦੇ ਰਹੇ। ਡਾਕਟ੍ਰੇਟ ਕੀਤੀ ਤੇ ਫਾਰਮੇਸੀ-ਦਵਾਸਾਜ਼ੀ ਦਾ ਕੰਮ ਸਿਖਿਆ, ਲਾਹੌਰ ਆ ਕੇ ਦਵਾਈਆਂ ਬਣਾਉਣ ਲਗੇ। ਇਨ੍ਹਾਂ ਦਾ ਘਰ ਗ਼ਦਰ ਪਾਰਟੀ ਦਾ ਅੱਡਾ ਸੀ। ਮਾਇਕਲ ਓਡਵਾਇਰ ਗਵਰਨਰ ਪੰਜਾਬ ਨੇ ਇਕ ਵਾਰ ਕਿਹਾ ਸੀ 'ਭਾਈ ਪਰਮਾਨੰਦ, ਕਹਿੰਦੇ, ਦਵਾਈਆਂ ਬਣਾਉਂਦਾ ਹੈ, ਪਰ ਖ਼ੁਦਾ ਜਾਣਦਾ ਹੈ, ਉਹ ਕੀ ਬਣਾਉਂਦਾ ਹੈ'। ਲਾਹੌਰ ਕੇਸ ਵਿਚ ਪਕੜੇ ਗਏ, ਫਾਂਸੀ ਦੀ ਸਜ਼ਾ ਹੋਈ ਜੋ ਉਮਰ-ਕੈਦ ਵਿਚ ਬਦਲ ਗਈ ਤੇ ਇਹ ਕਾਲੇ ਪਾਣੀ ਘੱਲੇ ਗਏ। ਮਿ. ਐਂਡਰਿਊਜ਼ ਦੀ ਪਰੇਰਨਾ ਤੇ ੧੯੨੯ ਵਿਚ ਇਨ੍ਹਾਂ ਦੀ ਰਿਹਾਈ ਹੋਈ ਜਦੋਂ ਕਿ ਇਹ ਬਿਲਕੁਲ ਹੱਡੀਆਂ ਦੀ ਮੁੱਠ ਰਹਿ ਗਏ ਸਨ। ਇਸ ਸਮੇਂ ਗਾਂਧੀ ਜੀ ਦਾ ਸਤਿਆਗ੍ਰਹਿ ਅੰਦੋਲਨ ਚਲ ਰਿਹਾ ਸੀ, ਫਿਰਕੂ ਸਮੱਸਿਆ ਬਾਰੇ ਡਾ. ਪਰਮਾਨੰਦ ਜੀ ਨੂੰ ਕਾਂਗਰਸ ਦੀ ਨੀਤੀ ਪਸੰਦ ਨਹੀਂ, ਇਸ ਲਈ ਉਹ ਕਾਂਗਰਸ ਛੱਡ ਗਏ। ੧੯੩੩ ਵਿਚ ਹਿੰਦੂ ਸਭਾ ਦੇ ਅਜਮੇਰ ਸੈਸ਼ਨ ਦੇ ਪਰਧਾਨ ਬਣੇ। ਮਹਾਤਮਾ ਗਾਂਧੀ ਜੀ ਦੇ ਆਖਣ ਤੇ ਕੌਮੀ ਵਿਦਿਆਪੀਠ ਦੇ ਪੰਜ-ਸਾਲ ਚਾਂਸਲਰ ਵੀ ਰਹੇ। ਇਤਿਹਾਸ ਦੇ ਚੰਗੇ ਵਿਦਵਾਨ ਸਨ, ਇਨ੍ਹਾਂ ਦੀਆਂ ਦੋ ਕਿਤਾਬਾਂ ਪਰਸਿੱਧ ਸਨ, 'ਹਿਸਟਰੀ ਆਫ਼ ਇੰਡੀਆ' ਤੇ 'ਮਾਈ ਲਾਈਫ਼ ਸਟੋਰੀ।'

ਲਾਲਾ ਹਰਦਿਆਲ

ਲਾਲਾ ਹਰਦਿਆਲ (੧੮੮੪-੧੯੩੯ ਈ.) ਇਕ ਬੁਧੀਮਾਨ ਦੇਸ ਭਗਤ ਸਨ, ਇਨ੍ਹਾਂ ਗ਼ਦਰ ਪਾਰਟੀ ਦੀ ਬੁਨਿਆਦ ਰੱਖ ਕੇ ਬਿਦੇਸਾਂ ਵਿਚ ਹਿੰਦੁਸਤਾਨ ਦੀ ਆਜ਼ਾਦੀ ਲਈ ਠੋਸ ਕੰਮ ਕੀਤਾ। ਐਮ ਏ. ਦੀ ਪੜ੍ਹਾਈ ਉਨ੍ਹਾਂ ਲਾਹੌਰ ਕੀਤੀ ਤੇ ਯੂਨੀਵਰਸਟੀ ਦਾ ਰੀਕਾਰਡ ਤੋੜਿਆ। ਸਰਕਾਰੀ ਵਜ਼ੀਫ਼ੇ ਤੇ ਉਚੀ ਵਿਦਿਆ ਲਈ ੧੯੦੫ ਵਿਚ ਵਲੈਤ ਚਲੇ ਗਏ, ਕੈਂਬ੍ਰਜ ਵਿਚ ਸਟੱਡੀ ਕੀਤੀ। ਕਾਬਲੀਅਤ ਵੇਖ ਕੇ ਬਰਤਾਨਵੀ ਸਰਕਾਰ ਵੀ ਵਜ਼ੀਫ਼ਾ ਦੇਣ ਲਗੀ ਪਰ ਆਪ ਨੇ ਇਨਕਾਰ ਕਰ ਦਿਤਾ ਤੇ ਡਿਗਰੀ ਲੈਣ ਤੋਂ ਵੀ ਆਕੀ ਹੋ ਗਏ ਤੇ ਕਿਹਾ ਇਹ ਡਿਗਰੀ ਸਾਡੀ ਕੌਮੀਅਤ ਤੇ ਚੋਟ ਮਾਰਦੀ ਹੈ। ੧੯੦੮ ਵਿਚ ਲਾਹੌਰ ਆਏ, ਲੈਕਚਰ ਦਿੰਦੇ ਰਹੇ ਤੇ ਲੇਖ ਲਿਖਦੇ ਰਹੇ। ਫਿਰ ਪੈਰਸ ਚਲੇ ਗਏ ਤੇ ਉਥੋਂ ਸਾਨ ਫ਼੍ਰਾਂਸਿਸਕੋ। ਇਥੇ ਭਾਈ ਪਰਮਾਨੰਦ ਨਾਲ ਮਿਲ ਕੇ ਕਾਫ਼ੀ ਚਿਰ ਕੰਮ ਕੀਤਾ।

੨ ਜੂਨ, ੧੯੧੩ ਨੂੰ ਗ਼ਦਰ ਪਾਰਟੀ ਕਾਇਮ ਹੋਈ ਤੇ ਨਵੰਬਰ ੧੯੧੩ ਤੋਂ ਮਾਰਚ ੧੯੧੪ ਤਕ ਪੰਜ ਮਹੀਨੇ ਲਾਲਾ ਹਰਦਿਆਲ ਨੇ ਲਿਖਤਾਂ, ਲੈਕਚਰਾਂ ਤੇ ਆਪਣੀ ਸੂਝ ਬੂਝ ਰਾਹੀਂ ਨਿੱਗਰ ਕੰਮ ਕਰਕੇ ਪਾਰਟੀ ਦਾ ਵਕਾਰ ਬਣਾ ਦਿਤਾ। ਡਾ. ਪਰਮਾਨੰਦ ਇਹੋ ਕੰਮ ਲਾਹੌਰ ਵਿਚ ਕਰ ਰਹੇ ਸਨ, ਉਹ ਪਕੜੇ ਗਏ ਤੇ ਉਧਰ ਅਮਰੀਕਾ ਵਿਚ ਲਾਲਾ ਹਰਦਿਆਲ ਗ੍ਰਿਫ਼ਤਾਰ ਕਰ ਲਏ ਗਏ। ਜਦੋਂ ਇਹ ਜ਼ਮਾਨਤ ਤੇ ਰਿਹਾ ਹੋਏ ਤਾਂ ਜਰਮਨੀ ਖਿਸਕ ਆਏ। ਇਨ੍ਹਾਂ ਦਾ ਖ਼ਿਆਲ ਸੀ ਕਿ ਜਰਮਨ ਦੀ ਮੱਦਦ ਨਾਲ ਹਿੰਦ ਵਿਚ ਇਨਕਲਾਬ ਲਿਆਂਦਾ ਜਾਵੇ। ਕੰਮ ਬਣਦਾ ਨਾ ਵੇਖ ਕੇ ਉਥੋਂ ਸਵੀਡਨ ਚਲੇ ਗਏ। ੧੯੨੬ ਵਿਚ ਲਾਲਾ ਲਾਜਪਤ ਲੰਡਨ ਗਏ ਤਾਂ ਇਨ੍ਹਾਂ ਜਤਨ ਕਰਕੇ ਲਾਲਾ ਹਰਦਿਆਲ ਨੂੰ ਵੀ ਉਥੇ ਬੁਲਾ ਲਿਆ। ਇਥੇ ਆਪ ਨੇ 'ਬੋਧੀ ਸੰਤ' ਡਾਕਟਰੇਟ ਲਈ ਥੀਸਸ ਲਿਖਿਆ, ਜੋ ਉਥੇ ਹੀ ਛਪਿਆ। 'ਹਿੰਟਸ ਔਨ ਸੈਲਫ਼ ਕਲਚਰ' ਤੇ 'ਟਵੈਲਵ ਗ੍ਰੇਟ ਰਿਲੀਜਨਜ਼' ਆਪ ਦੀਆਂ ਪਰਸਿੱਧ ਰਚਨਾਵਾਂ ਹਨ।

ਫ਼ਿਲਾਡੈਲਫ਼ੀਆ (ਅਮਰੀਕਾ) ਵਿਚ ੧੯੨੬ ਈ. ਵਿਚ ਦੇਹਾਂਤ ਹੋਇਆ।

ਸ. ਭਗਤ ਸਿੰਘ

ਇਨਕਲਾਬੀ ਪਰਵਾਰ ਵਿਚ ਪੈਦਾ ਹੋਣ ਕਰਕੇ ਭਗਤ ਸਿੰਘ ਦਾ ਇਨਕਲਾਬੀ ਤੇ ਬਾਗ਼ੀ ਰੁਚੀਆਂ ਵਾਲਾ ਹੋਣਾ ਕੁਦਰਤੀ ਗੱਲ ਸੀ। ਭਗਤ ਸਿੰਘ ਦਾ ਜਨਮ ਪਿੰਡ ਬਿਲਗਾ ਜ਼ਿਲਾ ਜਲੰਧਰ ਵਿਚ ਸ. ਕਿਸ਼ਨ ਸਿੰਘ ਦੇ ਘਰ ੧੯੦੭ ਵਿਚ ਹੋਇਆ। ੧੯੨੮ ਵਿਚ ਜਦ ਪੰਜਾਬ ਦੀ ਆਜ਼ਾਦੀ ਦੀ ਲੜਾਈ ਦੇ ਜਰਨੈਲ ਲਾਲਾ ਲਾਜਪਤ ਰਾਇ ਦੀ, ਪੁਲਸ ਦੇ ਲਾਠੀ ਚਾਰਜ ਕਾਰਣ ਮੌਤ ਹੋ ਗਈ ਤਾਂ ਕਹਿੰਦੇ ਹਨ, ਸੀ. ਆਰ ਦਾਸ ਦੀ ਧਰਮਪਤਨੀ ਨੇ ਸਨੇਹਾ ਘੱਲਿਆ ਕਿ ਕੀ ਪੰਜਾਬੀ ਨੌਜੁਆਨ ਅਜੇ ਜੀਊਂਦੇ ਹਨ ? ਮੈਂ ਇਕ ਔਰਤ ਹੋ ਕੇ ਪੁਛਦੀ ਹਾਂ। ਭਗਤ ਸਿੰਘ ਨੂੰ ਇਹ ਗੱਲ ਬਹੁਤ ਰੜਕੀ। ਉਸ ਨੇ ਕੇਸ ਕਟਾ ਕੇ ਭੇਸ ਬਦਲਿਆ ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪੰਜਾਬ ਅਸੈਂਬਲੀ ਵਿਚ ਬੰਬ ਸੁਟ ਕੇ ਆਖਿਆ ਕਿ ਅਸੀਂ ਤਾਂ ਇਹ ਪਟਾਕਾ ਬੋਲਿਆਂ ਦੇ ਕੰਨੀ ਆਵਾਜ਼ ਸੁਣਾਉਣ ਲਈ ਚਲਾਇਆ ਹੈ। ੧੨ ਜੂਨ, ੧੯੨੯ ਨੂੰ ਭਗਤ ਸਿੰਘ ਤੇ ਵਟਕੇਸ਼ਰ ਦੱਤ ਨੂੰ ਬੰਬ ਕੇਸ ਵਿਚ ਕਾਲੇ ਪਾਣੀ ਦੀ ਸਜ਼ਾ ਹੋਈ। ਫਰਵਰੀ ੧੯੨੯ ਵਿਚ ਸਾਂਡਰਸ ਦਾ ਕਤਲ ਹੋਇਆ, ਕਹਿੰਦੇ ਹਨ, ਭਗਤ ਸਿੰਘ ਉਸ ਸਮੇਂ ਕਲਕੱਤੇ ਸੀ ਪਰ ਪੁਲੀਸ ਉਸ ਨੂੰ ਕਿਸੇ ਨਾ ਕਿਸੇ ਅਜੇਹੇ ਮੁਕੱਦਮੇ ਵਿਚ ਫਾਹੁਣਾ ਚਾਹੁੰਦੀ ਸੀ, ਜਿਸ ਵਿਚੋਂ ਉਹ ਨਿਕਲ ਨਾ ਸਕੇ। ਉਚੇਚੇ ਆਰਡੀ-ਨੈਂਸ ਦੁਆਰਾ ਇਕ ਖਾਸ ਟ੍ਰਿਬਿਊਨਲ ਬਿਠਾਇਆ ਗਿਆ, ਉਸ ਨੇ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਤੇ ਇਸ ਅਨੁਸਾਰ ੨੩ ਮਾਰਚ, ੧੯੩੧ ਨੂੰ ਸ਼ਾਮ ੭ ਵਜੇ ਫਾਂਸੀ ਦੇ ਦਿਤੀ ਗਈ।

ਮਹਾਤਮਾ ਹੰਸ ਰਾਜ

ਮਹਾਤਮਾ ਹੰਸ ਰਾਜ ਵਰਤਮਾਨ ਪੰਜਾਬ ਦੇ ਮੋਢੀ ਉਸਰੱਈਆਂ ਵਿਚੋਂ ਇਕ ਸਨ ਜਿਨ੍ਹਾਂ ਨਿਸ਼ਕਾਮ ਸੇਵਕ ਬਣ ਕੇ ਸਮਾਜਕ ਤੇ ਵਿਦਿਅਕ ਖੇਤਰ ਵਿਚ ਕਈ ਮਹਾਨ ਕੰਮ ਕੀਤੇ। ਆਪ ਦਾ ਜਨਮ ੧੯ ਅਪ੍ਰੈਲ ੧੮੬੪ ਈ. ਨੂੰ ਪਿੰਡ ਬਜਵਾੜਾ ਜ਼ਿਲਾ ਹੁਸ਼ਿਆਰਪੁਰ ਵਿਚ ਲਾਲਾ ਚੂਨੀ ਲਾਲ ਦੇ ਘਰ ਹੋਇਆ। ੧੮੮੫ ਈ. ਵਿਚ ਬੀ. ਏ. ਕਰਨ ਉਪਰੰਤ ਇਨ੍ਹਾਂ ਆਪਣਾ ਆਪ, ਆਰੀਆ ਸਮਾਜ ਦੀ ਸੇਵਾ ਲਈ ਅਰਪਣ ਕਰ ਦਿਤਾ ਤੇ ਲਾਹੌਰ ਡੀ. ਏ. ਵੀ. ਹਾਈ ਸਕੂਲ ਦੇ ਆਨਰੇਰੀ ਹੈਡਮਾਸਟਰ ਲਗੇ। ਇਥੇ ਲਾਲਾ ਲਾਜਪਤ ਤੇ ਗੁਰੂ ਦੱਤ ਨਾਲ ਰਲ ਕੇ ਡੀ. ਏ. ਵੀ. ਕਾਲਜ ਬਣਾਉਣ ਲਈ ਚੰਦਾ ਜਮ੍ਹਾ ਕਰਨਾ ਸ਼ੁਰੂ ਕੀਤਾ ਤੇ ੧੮੮੮ ਵਿਚ ਕਾਲਜ ਬਣਨ ਤੇ ਆਪ ਨੂੰ ਪ੍ਰਿੰਸੀਪਲ ਥਾਪਿਆ ਗਿਆ। ੨੪ ਸਾਲ ਲਗਾਤਾਰ ਕਾਲਜ ਦੀ ਸੇਵਾ ਬਾਦ ੧੯੧੧ ਵਿਚ ਰੀਟਾਇਰ ਹੋਏ, ਇਸ ਤੋਂ ਬਾਦ ਆਪਣਾ ਸਾਰਾ ਜੀਵਨ ਆਰੀਆ ਸਮਾਜ ਦੀ ਸੇਵਾ ਲਈ ਅਰਪਣ ਕਰ ਦਿਤਾ। ਤੇ ਜਦੋਂ ਵੀ ਦੇਸ਼ ਉਤੇ ਕਾਲ ਪੈਣ ਜਾਂ ਹੜ੍ਹਾਂ ਕਾਰਨ ਬਿਪਤਾ ਆਈ ਤਾਂ ਆਪ ਸਦਾ ਅਗੇ ਵਧ ਕੇ ਲੋਕਾਂ ਦੀ ਮਦਦ ਕਰਦੇ ਰਹੇ। ਬੜੇ ਸਾਦੇ ਤੇ ਸਾਊ ਬਿਰਤੀ ਦੇ ਪੁਰਸ਼ ਸਨ ਤੇ ਚਿਟੀ ਦਾੜ੍ਹੀ ਤੋਂ ਪੁਰਾਣੇ ਰਿਸ਼ੀ ਜਾਪਦੇ ਸਨ। ਦੇਹਾਂਤ ੧੫ ਨਵੰਬਰ, ੧੯੩੮ ਨੂੰ ਹੋਇਆ।

ਭਾਈ ਸਾਹਿਬ ਵੀਰ ਸਿੰਘ

ਭਾਈ ਸਾਹਿਬ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾ ਇਸ ਲਈ ਕਿਹਾ ਜਾਂਦਾ ਹੈ ਕਿ ਉਨ੍ਹਾਂ ਪੰਜਾਬੀ ਵਾਰਤਕ ਤੇ ਕਵਿਤਾ ਖੇਤਰ ਵਿਚ ਰੂਪ ਤੇ ਵਿਸ਼ੇ ਦੇ ਪੱਖ ਤੋਂ ਨਵੀਆਂ ਲੀਹਾਂ ਕਾਇਮ ਕਰ ਕੇ ਆਧੁਨਿਕ

ਸਾਹਿਤ ਦੀ ਬੁਨਿਆਦ ਰਖੀ । ਕੇਵਲ ਮੋਢੀ ਹੋਣ ਦੇ ਨਾਤੇ ਹੀ ਨਹੀਂ ਬਲਕਿ ਲਗਾਤਾਰ ੫੦ ਵਰ੍ਹੇ ਪੰਜਾਬੀ ਲਈ ਜੀਉਂਦੀ-ਜਾਗਦੀ ਸੰਸਥਾ ਵਾਂਗ ਲੰਮੀ ਘਾਲ ਘਾਲ ਕੇ ਬਹੁਭਾਂਤਾ ਸਾਹਿਤ ਰਚ ਕੇ ਉਨ੍ਹਾਂ ਇਕ ਅਮਰ ਜੋਤੀ ਜਗਾਈ ਹੈ । ਆਪ ਦਾ ਜਨਮ ਇਕ ਪਤਵੰਤੇ ਵਿਦਵਾਨ ਘਰਾਣੇ ਵਿਚ ਡਾ. ਚਰਨ ਸਿੰਘ ਦੇ ਘਰ ੫ ਦਸੰਬਰ ੧੮੭੨ ਨੂੰ ਅੰਮ੍ਰਿਤਸਰ ਵਿਚ ਹੋਇਆ ਤੇ ਦੇਹਾਂਤ ੧੯੫੭ ਈ. ੧੦ ਜੂਨ ਨੂੰ । ਬਚਪਨ ਤੋਂ ਹੀ ਉਹ ਸਾਹਿਤ ਰਚਨਾ ਵਿਚ ਲਗ ਗਏ ਤੇ ਜ਼ਿੰਦਗੀ ਦੀ ਆਖਰੀ ਘੜੀ ਤਕ ਕਲਮ ਚਲਾਉਂਦੇ ਰਹੇ । ਜੇ ਉਨ੍ਹਾਂ ਸੁੰਦਰੀ ਵਰਗਾ ਨਿਕਾ ਜੇਹਾ ਇਤਿਹਾਸਕ ਨਾਵਲ ਲਿਖ ਕੇ ਲੱਖਾਂ ਪਾਠਕਾਂ ਦੇ ਮਨ ਨੂੰ ਟੁੰਬਿਆ ਤਾਂ ਉਨ੍ਹਾਂ 'ਰਾਣਾ ਸੂਰਤ ਸਿੰਘ' ਜੇਹਾ ਮਹਾਂ ਕਾਵਿ ਰਚ ਕੇ ਪੰਜਾਬੀ ਵਿਚ ਇਕ ਨਵਾਂ ਤਜਰਬਾ ਕੀਤਾ । ਜੇ ਗੁਰੂ ਨਾਨਕ ਚਮਤਕਾਰ ਤੇ ਕਲਗੀਧਰ ਚਮਤਕਾਰ ਰਾਹੀਂ ਰਸੀਲੀ ਵਾਰਤਕ ਲਿਖ ਕੇ ਉਨ੍ਹਾਂ ਨਵੀਨ ਗੱਦ ਦਾ ਸਰੂਪ ਨਿਸਚਿਤ ਕੀਤਾ ਹੈ, ਤਾਂ ਬਿਜਲੀਆਂ ਦੇ ਹਾਰ, ਮਟਕ ਹੁਲਾਰੇ ਤੇ ਲਹਿਰਾਂ ਦੇ ਹਾਰ ਵਰਗਾ ਲਿਖ ਕੇ ਪੰਜਾਬੀ ਨਵੀਨ ਕਾਵਿਧਾਰਾ ਦੀ ਨੀਂਹ ਰਖੀ ਹੈ । ਇਸ ਤੋਂ ਇਲਾਵਾ ਉਨ੍ਹਾਂ ਸ੍ਰੀ ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ, ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਪੁਰਾਤਨ ਜਨਮ ਸਾਖੀ, ਵੇਰੇ ਦੀ ਸਾਖੀ, ਭਾਈ ਗੁਰਦਾਸ (ਦੂਜਾ ਸਕੰਧ) ਆਦਿ ਕਈ ਅਮੋਲਕ ਰਚਨਾਵਾਂ ਨੂੰ ਸੰਪਾਦਿਤ ਕਰ ਕੇ ਸਾਨੂੰ ਆਪਣੇ ਪੁਰਾਣੇ ਖਜ਼ਾਨੇ ਤੋਂ ਜਾਣੂ ਕਰਾਇਆ ਹੈ । ਸਰਬੰਗੀ ਵਿਦਵਾਨ ਤੇ ਕਲਾ ਦੀ ਮਹਾਨਤਾ ਨੂੰ ਅਨੁਭਵ ਕਰ ਕੇ ਹੀ ਪੰਜਾਬ ਯੂਨੀਵਰਸਟੀ ਨੇ ਉਨ੍ਹਾਂ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਤੇ ਹਿੰਦ ਸਰਕਾਰ ਦੀ ਸਰਪ੍ਰਸਤੀ ਵਿਚ ਚਲਣ ਵਾਲੀ ਸਾਹਿਤ ਅਕਾਡਮੀ ਨੇ ਉਨ੍ਹਾਂ ਦੀ ਕਾਵਿ-ਪੁਸਤਕ 'ਮੇਰੇ ਸਾਈਆਂ ਜੀਉ' ਨੂੰ ਪੰਜ ਹਜ਼ਾਰ ਇਨਾਮ ਦੇ ਕੇ ਸਨਮਾਨਤ ਕੀਤਾ ।

ਪ੍ਰੋ. ਪੂਰਨ ਸਿੰਘ

ਪੂਰਨ ਸਿੰਘ ਦਾ ਦਿਬ ਵਿਅਕਤਿਤਵ ਪੂਰਬੀ ਸਭਿਅਤਾ ਪੂਰਬੀ ਜੀਉਂਦਾ-ਜਾਗਦਾ ਸਰੂਪ ਸੀ ਜਿਸ ਦਾ ਫਕੀਰਾਨਾ ਚਿਹਰਾ, ਸ਼ਾਹਾਨਾ ਤਬੀਅਤ ਤੇ ਫਿਲਾਸਫਾਨਾ ਗੰਭੀਰਤਾ ਸਚਮੁਚ ਇਕ ਜਾਦੂਗਰੀ ਸੀ । ਉਹ ਰੂਹ ਵਾਲਾ ਸਾਈਂ ਲੋਕ ਸੀ, ਜਿਥੇ ਜਿਥੇ ਵੀ ਉਸ ਵਾਰਤਕ ਜਾਂ ਕਵਿਤਾ ਵਿਚ, ਪੰਜਾਬੀ ਜਾਂ ਅੰਗਰੇਜ਼ੀ ਵਿਚ ਕਲਮ ਚਲਾਈ ਨਵਾਂ ਰੰਗ ਖਿੜਾ ਦਿਤਾ ।

ਆਪ ਦਾ ਜਨਮ ਐਬਟਾਬਾਦ ਲਾਗੇ ਪਿੰਡ ਸਲਹੜ ਵਿਚ ੧੮੮੧ ਈ. ਨੂੰ ਹੋਇਆ । ਦਸਵੀਂ ਪਾਸ ਕਰਨ ਉਪਰੰਤ ਉਚੀ ਵਿਦਿਆ ਲਈ ਜਾਪਾਨ ਚਲੇ ਗਏ, ਉਥੇ ਸੁਆਮੀ ਰਾਮ ਤੀਰਥ ਨਾਲ ਮੇਲ ਹੋਇਆ ਤੇ ਇਹ ਵੀ 'ਪੂਰਨ ਜੋਗੀ' ਬਣ ਗਏ । ਦੇਸ ਵਾਪਸ ਆ ਕੇ ਡਾਇਮੰਡ ਜੁਬਲੀ ਇਨਸਟੀਚਿਊਟ ਲਾਹੌਰ ਦੇ ਪ੍ਰਿੰਸੀਪਲ ਲਗ ਗਏ । ਭਾਈ ਵੀਰ ਸਿੰਘ ਦੇ ਮੇਲ ਨੇ ਇਨ੍ਹਾਂ ਨੂੰ ਸਿਖੀ ਤੇ ਪੰਜਾਬੀ ਸਾਹਿਤ ਵਲ ਪਰੇਰਿਆ । ਇਨ੍ਹਾਂ ਖੁਲ੍ਹੇ ਲੇਖ, ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ ਆਦਿ ਕਈ ਪੁਸਤਕਾਂ ਲਿਖੀਆਂ ਤੇ ਕੁਝ ਵਿਦੇਸ਼ੀ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਕੀਤੇ । ਅੰਗਰੇਜ਼ੀ ਵਿਚ ਆਪ ਨੇ ਵਧੇਰੇ ਰਚਨਾ ਕੀਤੀ ਹੈ ਜਿਨ੍ਹਾਂ ਵਿਚੋਂ ਦੀ ਬੁਕ ਆਫ਼ ਟੈਨ ਮਾਸਟਰਜ਼, ਸਪਿਰਟ ਬੋਰਨ ਪੀਪਲ, ਦੀ ਸਪ੍ਰਿਟ ਆਫ਼ ਓਰੀਐਂਟਲ ਪੁਇਟਰੀ, ਸਿਸਟਰਜ਼ ਆਫ਼ ਦੀ ਸਪਿਨਿੰਗ ਵੀਲ, ਸੈਵਨ ਬਾਸਕਟਸ ਆਫ਼ ਪਰੋਜ਼ ਪੁਇਮਜ਼, ਸਟੋਰੀ ਆਫ਼ ਸੁਆਮੀ ਰਾਮ ਤੀਰਥ ਆਦਿ ਵਰਣਨ ਯੋਗ ਹਨ । ਹਿੰਦੀ ਵਿਚ ਵੀ ਉਨ੍ਹਾਂ ਦੇ ਕੁਝ ਲੇਖ ਮਿਲਦੇ ਹਨ । ੩੧ ਮਾਰਚ, ੧੯੩੧ ਨੂੰ ਡੇਹਰਾਦੂਨ ਦੇਹਾਂਤ ਹੋਇਆ ।

ਡਾਕਟਰ ਇਕਬਾਲ

ਡਾ. ਇਕਬਾਲ ਇਸ ਕਿਸਮ ਦੇ ਕਵੀਆਂ ਵਿਚੋਂ ਸਨ, ਜਿਨ੍ਹਾਂ ਦੇ ਸਰਨਾਈ ਫੂਕਣ ਨਾਲ ਮੁਰਦੇ ਕਬਰਾਂ ਵਿਚੋਂ ਉਠ ਖੜੇ ਹੁੰਦੇ ਹਨ । ਉਹ ਫਿਲਾਸਫਰ ਕਵੀ ਸੀ, ਜੋ ਕੁਛ ਉਸ ਆਖਿਆ ਬੜਾ ਡੂੰਘਾਈ ਤੇ ਬਰੀਕੀ ਵਾਲਾ ਹੈ ਪਰ ਉਸ ਡੂੰਘਾਈ ਵਿਚ ਉਸ ਦੀ ਜੋਸ਼ੀਲੀ ਤਬੀਅਤ ਲੁਕੀ ਛਿਪੀ ਨਹੀਂ ਰਹਿੰਦੀ ।

ਸਰ ਮੁਹੰਮਦ ਇਕਬਾਲ ਦਾ ਜਨਮ ੨੨ ਫਰਵਰੀ ੧੮੭੬ ਈ. ਨੂੰ ਸਿਆਲਕੋਟ ਵਿਚ ਹੋਇਆ । ਆਪ ਦਾ ਖਾਨਦਾਨ ਕਸ਼ਮੀਰੀ ਬਰਾਹਮਣਾਂ ਦੇ ਸਪਰੂ ਖ਼ਾਨਦਾਨ ਨਾਲ ਤਅੱਲਕ ਰਖਦਾ ਸੀ, ਜੋ ਕਿ ਅਜ ਤੋਂ ਦੋ ਢਾਈ ਸੌ ਸਾਲ ਪਹਿਲਾ ਰਾਜਸੀ ਦਬਾ ਦੇ ਹੇਠ ਮੁਸਲਮਾਨ ਬਣਾ ਲਏ ਗਏ ਸਨ । ੧੮੯੯ ਈ. ਵਿਚ ਫਿਲਾਸਫੀ ਦਾ ਐਮ. ਏ. ਕੀਤਾ, ੧੯੦੫ ਵਿਚ ਵਲੈਤ ਚਲੇ ਗਏ ਤੇ ਕੈਂਬ੍ਰਿਜ ਵਿਚ

ਪੜ੍ਹਾਈ ਕੀਤੀ ਤੇ ਫਿਰ ਮਿਊਨਿਚ (ਜਰਮਨੀ) ਯੂਨੀਵਰ-ਸਟੀ ਤੋਂ ਡਾਕਟਰੇਟ ਦੀ ਡਿਗਰੀ ਪਰਾਪਤ ਕੀਤੀ। ਫਿਰ ਬੈਰਿਸਟਰੀ ਦੀ ਪਰੀਖਿਆ ਦਿਤੀ, ੧੯੦੮ ਵਿਚ ਲਾਹੌਰ ਵਾਪਸ ਆ ਗਏ ਤੇ ਕਾਫੀ ਅਰਸਾ ਵਕਾਲਤ ਕਰਦੇ ਰਹੇ। ੧੯੧੯ ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ। ੧੯੨੨ ਈ. ਵਿਚ ਗੋਲਮੇਜ਼ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਲੰਡਨ ਗਏ। ੨੧ ਅਪ੍ਰੈਲ ੧੯੩੮ ਨੂੰ ੬੨ ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦਿਹਾਂਤ ਹੋਇਆ।

ਬਾਂਗੇ ਦਰਾ, ਬਾਲੇ ਜਬਰਾਈਲ, ਜ਼ਰਬੇ ਕਲੀਮ, ਕੁਲਿਆਤੇ ਇਕਬਾਲ ਉਰਦੂ ਕਾਵਿ ਸੰਗ੍ਰਹਿ ਹਨ ਤੇ ਪਿਆਮੇ ਮਸ਼ਰਕ, ਅਸਰਾਰੇ ਰਮੂਜ਼, ਜ਼ਬੂਰੇ ਅਜ਼ਮ। ਜਾਵੇਦ ਨਾਮਾ ਆਦਿ ਫ਼ਾਰਸੀ ਰਚਨਾਵਾਂ ਹਨ।

"ਸਬਰ ਦਾ ਕੁੜਤਾ"

ਸਰਬੰਸ

(੧) ਪਿਆਰ ਦੀ ਹਸਤੀ ਬਲੌਰੀ
ਉਮਰ ਦਾ ਇਹ ਪਾਲਣਾ,
ਮੈਂ ਤੇ ਬਿਰਹਾ ਖੇਡਦੇ ਹਾਂ
ਅਜ਼ਲ ਦਾ ਰਿਸ਼ਤਾ ਬਣੀ !

(੨) ਹੌਕਿਆਂ ਤੋਂ ਦੂਰ ਸੂਰਜ
ਦੀ ਕਹਾਣੀ ਹੋਰ ਹੈ,
ਰਾਤ ਹੈ ਤਾਂ ਤਾਰਿਆਂ ਦੀ
ਜਾਦੂ ਕੇਈ ਚਾਨਣੀ !

(੩) ਮੇਰੇ ਦਰ ਤੇ ਤੇਰੀ ਸੂਰਤ
ਤੋਬਾ ਤੋਬਾ ਮੈਂ ਕਹਾਂ,
ਕੀ ਕਹਾਂ ? ਤੂੰ ਬੂੰਦ ਨਿਆਂਡੀ
ਬਿਰਹਾ-ਥਲ, ਪਹਿਲੀ ਕਣੀ !

(੪) ਸ਼ੀਸ਼ਾ-ਗਰ ਨੇ ਦਿਲ ਬਣਾਇਆ
ਖ਼ੂਨ ਦੇ ਕਤਰੇ ਠਰੇ,
ਮੇਰੇ ਦਿਲ ਤੇ ਸੈ ਫਫੋਲੇ
ਛੂਹ ਗਈ ਕੋਈ ਨਾ ਗਾਨੀ !

(੫) ਦੂਰ ਦਿਸ-ਹੱਦੇ ਤੇ ਧੁਤਾਂ
ਤੇਰੇ ਪੈਰੀਂ ਚਾਨਣੇ,
ਲਿਸ਼ਕ ਸੀ, ਜਾਂ ਪਿਆਰ ਹੈ,
ਜਾਂ, ਸੱਪ ਦੇ ਸਿਰ ਦੀ ਮਣੀ !

(੬) ਸਬਰ ਦਾ ਕੁੜਤਾ ਅਸਾਂ
ਸੀਤਾ ਤੈਂ ਭਰ ਦੇ ਪਾਇਆ,
ਜ਼ਿੰਦਗੀ ਨੂੰ ਜੀ ਲਿਆ
ਕੱਚੀ ਰਹੀ ਦਿਲ ਦੀ ਕਲੀ !

(੭) ਡੁਬਦਿਆ, ਸੂਰਜ ਤੋਂ ਮੰਗਿਆ
ਰਾਤ ਭਰ ਲਈ ਚਾਨਣਾ,
ਜਾਂਦਾ ਜਾਂਦਾ ਦੇ ਗਿਆ ਓਹ
ਹੋਠਾਂ ਨੂੰ ਇਕ ਵਿਲਕਣੀ !

(੮) ਬੈਠ ਕੇ ਸਾਹਾਂ ਦੀ ਛਾਂਵੇਂ
ਗਿਣ ਰਿਹਾ ਹਾਂ ਚਾਰ ਦਿਨ,
ਪੀੜ ਹੈ ਮੇਰੇ ਪਰੌਹਣੀ
ਮੇਰੇ ਹੀ ਸਿਦਕਾਂ ਜਣੀ !

ਦੋ ਗ਼ਜ਼ਲਾਂ

(੧)

ਈਸ਼ਰ ਸਿੰਘ 'ਤਾਂਘ'

ਮੇਰੇ ਲਈ ਤਾਂ ਇਸ਼ਕ ਦਾ,
ਉਹ ਵਾਰ ਖਾਲੀ ਹੀ ਗਿਆ,
ਜਿਸ ਦੇ ਲਈ ਤੂੰ ਕੂਕ ਕੇ,
ਫਰਿਆਦ ਕੀਤੀ ਵਾਰ ਵਾਰ ।

ਮੈਂ ਜ਼ਿੰਦਗੀ ਦੀ ਰਾਸ ਨੂੰ,
ਦਿਨ-ਰਾਤ ਪੀਂਦਾ ਹੀ ਰਿਹਾ ।
ਕਾਦਰ ਦੀ ਭੱਠੀ ਦੇ ਵਿਚੋਂ,
ਅੰਗਿਆਰ ਨਿਕਲੇ ਵਾਰ ਵਾਰ ।

ਮੰਜ਼ਲ ਦੇ ਲੰਬੀ ਜਾਣਕੇ,
ਤੇਰੇ ਦਰਾਂ ਤੇ ਬਹਿਨ ਨ ।
ਸਾਜਨ ਦੇ ਅੰਨ੍ਹੇ ਆ ਗਏ,
ਅਪਣੇ ਠਿਕਾਣੇ ਵਾਰ ਵਾਰ ।

ਜਿਸ ਦੀ ਤਮੰਨਾ ਦੇ ਲਈ,
ਘਰ ਬਾਰ ਤੇਰਾ ਸੜ ਗਿਆ ।
ਉਸ ਦੇ ਬਣੇ ਮਜ਼ਾਰ ਨੂੰ,
ਪੂਜੇ ਖੁਦਾਈ ਵਾਰ ਵਾਰ ।

ਮੈਂ ਖਾਕ ਤੇਰੀ ਵੇਖ ਕੇ,
ਮਥਾ ਘਸਾਂਦਾ ਹੀ ਰਿਹਾ ।
ਮੋਮਨ ਨੇ ਮੇਰੀ ਲੁਟ ਲਈ,
ਸਾਰੀ ਕਮਾਈ ਵਾਰ ਵਾਰ ।

ਮੇਰੇ ਲਈ ਤਾਂ ਇਸ਼ਕ ਦਾ,
ਉਹ ਵਾਰ ਖਾਲੀ ਹੀ ਗਿਆ ।
ਜਿਸਦੇ ਲਈ ਤੂੰ ਕੂਕ ਕੇ,
ਫਰਿਆਦ ਕੀਤੀ ਵਾਰ ਵਾਰ ।

ਤਾਂਘ

(੨)

ਬਹਾਰਾਂ ਲਈ ਤੂੰ ਬਹਾਰਾਂ ਨੂੰ ਲੁਟਿਆ,
ਵਫ਼ਾ ਦੇ ਲਈ ਤੂੰ ਕਰਾਰਾਂ ਨੂੰ ਲੁਟਿਆ ।
ਕੋਈ ਵੀ ਨਾ ਪੁੱਛੇ ਮੇਰਾ ਹਾਲ ਲੋਕੋ,
ਜ਼ਮਾਨੇ ਦੇ ਕੰਡੇ ਨੇ ਫੁਲਾਂ ਨੂੰ ਲੁਟਿਆ ।

ਮੇਰੀ ਜ਼ਿੰਦਗੀ ਦਾ ਤਮਾਸ਼ਾ ਹੈ ਸੋਹਣਾ,
ਤਮਾਸ਼ੇ ਲਈ ਤੂੰ ਤਮਾਸ਼ੇ ਨੂੰ ਲੁਟਿਆ ।
ਮੇਰੇ ਹਾਲ ਤੇ ਰਹਿਮ, ਮੈਂ ਵੀ ਨ ਮੰਗਾਂ,
ਰਹਿਮਾਂ ਦੇ ਦਾਤੇ ਨੇ ਰਹਿਮਾਂ ਨੂੰ ਲੁਟਿਆ ।

ਤਾਂਘਾਂ ਦੇ ਬਦਲੇ ਮੈਂ ਤੈਨੂੰ ਨ ਵਾਰਾਂ,
ਦੁਨੀਆਂ ਨੇ ਭਾਵੇਂ ਹੈ ਮੈਨੂੰ ਵੀ ਲੁਟਿਆ ।
ਬਹਾਰਾਂ ਲਈ ਤੂੰ ਬਹਾਰਾਂ ਨੂੰ ਲੁਟਿਆ,
ਵਫ਼ਾ ਦੇ ਲਈ ਤੂੰ ਕਰਾਰਾਂ ਨੂੰ ਲੁਟਿਆ ।

ਸੱਸੀ

ਤਾਰਾ ਸਿੰਘ ਕੋਮਲ

ਵੇ ਖੁਰਿਆ ! ਡਾਚੀ ਦਿਆ ਖੁਰਿਆ, ਤਕ ਤੈਨੂੰ ਦਿਲ ਖੁਰਿਆ !
ਤੱਤੀ ਨੂੰ ਕੋਈ ਹੋਰ ਨ ਦੱਸਦਾ, ਤੂੰ ਹੀ ਦੱਸ ਜਾ ਖੁਰਿਆ !
ਕਿਸ ਪਾਸੇ ਮੈਂ ਜਾਵਾਂ ਰੋਂਦੀ, ਹੋਤ ਗਏ ਕਿਸ ਪਾਸੇ ?
'ਕੋਮਲ' ਪੁੰਨੂੰ ਮੈਂ ਤਤੜੀ ਦਾ, ਕਿਸ ਪਾਸੇ ਹੈ ਤੁਰਿਆ ?

ਵਗਦੇ ਹੰਝੂ ਵੇਖੀ ਜਾਵੇਂ, ਵਗਦਾ ਵਾ ਦੇ ਪੁਰਿਆ !
ਬੰਨ੍ਹ ਕੇ ਗਾਨਾ, ਲਾਕੇ ਮਹਿੰਦੀ, ਜੋ ਰਾਤੀਂ ਛੁਪ ਟੁਰਿਆ ।
ਜਿਸ ਨੂੰ ਲੈ ਗਈ ਤਤੜੀ ਡਾਚੀ, ਜੋ ਨਹੀਂ ਕਿਧਰੋਂ ਲਭਦਾ
ਤੂੰ ਹੀ ਦੱਸ ਡਾਚੀ ਦਿਆ ਖੁਰਿਆ, ਬੇ-ਦਰਦਾ, ਬੇ-ਸੁਰਿਆ

ਜਿਸ ਦੇ ਕਹਿਰ, ਵਿਛੋੜੇ ਅੰਦਰ, ਲੂੰ ਲੂੰ ਮੇਰਾ ਝੁਰਿਆ ।
ਜਿਦ੍ਹੇ ਵਿਛੋੜੇ ਦੀ ਸੱਟ ਖਾ ਕੇ, ਮਹਿਲ ਆਸ ਦਾ ਭੁਰਿਆ ।
ਕੋਲ ਜਿਦ੍ਹੇ ਸਭ ਕੱਚੇ ਨਿਕਲੇ, ਪ੍ਰੀਤ ਨਿਕਲ ਪਈ ਧੋਖਾ,
ਉਸ ਨੂੰ ਨਹੀਂ ਤੱਤੀ ਦੇ ਦੁਖ ਦਾ ਫੁਰਨਾ ਇਕ ਵੀ ਫੁਰਿਆ ।

ਜਿਸ ਰਾਹ ਮੇਰਾ ਪੁੰਨੂੰ ਟੁਰਿਆ, ਕਿਉਂ ਨਾ ਉਸ ਰਾਹ ਜਾਵਾਂ ?
ਪੈਰ ਧਰੇ ਜਿਸ ਥਾਵੇਂ ਡਾਚੀ, ਕਿਉਂ ਨਾ ਸੀਸ ਨਿਵਾਵਾਂ ?
ਹਰ ਕਿਣਕੇ ਵਿਚ ਪੁੰਨੂੰ ਦੀ ਹੀ, ਸੋਹਣੀ ਸੂਰਤ ਦਿੱਸਦੀ:—
ਕਿਉਂ ਨਾ 'ਕੋਮਲ' ਮਰਾਂ ਓਸ ਤੇ, ਕਿਉਂ ਨਾ ਗਲੇ ਲਗਾਵਾਂ ?

ਮਾਰੂ ਥਲ ਵਿਚ ਡਿਗਦੀ ਢਹਿੰਦੀ, ਜਦ ਸੱਸੀ ਕੁਰਲਾਈ ।
ਇਸ਼ਕ ਬੋਲਿਆ ਬੁਲ੍ਹ ਮੁਸਕਾਕੇ, ਸੱਦ ਅਕਾਸ਼ੋਂ ਆਈ ।
ਨੀ ਸਸੀਏ ! ਬਿਰਹੋਂ ਵਿਚ ਤਸੀਏ ਇਹ ਗੱਲ ਨਹੀਂ ਤੂੰ ਜਾਣੀ ?
ਜਿਨ੍ਹੇ ਨਿਭਾਈ ਪ੍ਰੀਤ ਕਿਸੇ ਦੀ, ਦੇ ਕੇ ਜਾਨ ਨਿਭਾਈ ।

ਸੱਸੀ ਕਹਿੰਦੀ ਸੁਣ ਵੇ ਇਸ਼ਕਾ, ਮੈਂ ਤੈਨੂੰ ਸਮਝਾਵਾਂ ।
ਦੇਣੀ ਜਾਨ ਰਤਾ ਨਹੀਂ ਔਖੀ, ਨਾ ਮਰਨੋਂ ਕਤਰਾਵਾਂ ।
ਪਰ ਗਲ ਲਾਇਆ ਪੁੰਨੂੰ ਹੋਵੇ, ਪਈ ਹੋਵੇ ਗਲਵਕੜੀ:—
ਨਾ ਨਿਕਲਾਂ ਗਲਵਕੜੀ ਵਿਚੋਂ ਇੰਜ ਬਾਹਾਂ ਮਰ ਜਾਵਾਂ—

ਜਿਸ ਰਾਹ ਪਏ ਬਲੋਚ ਕੁਪੀਤੇ, ਸੱਸੀ ਓਸੇ ਤੋਂ ਗਈ
ਨੱਸਦੀ, ਭੁਜਦੀ, ਰੋਂਦੀ, ਲੁਛਦੀ ਵਾਂਗ ਕਲੀ ਦੇ ਭੌਂ ਗਈ ।
ਡਿਗ ਡਾਚੀ ਦੇ ਖੁਰਿਆਂ ਉਤੇ, ਪੁੰਨੂੰ ਪੁੰਨੂੰ ਕਰਦੀ
ਮਾਰੂ ਥਲ ਵਿਚ ਇਸ਼ਕ ਜਗਾ ਕੇ ਨੀਂਦ ਸਦਾ ਦੀ ਸੌਂ ਗਈ ।

ਕਾਲਮੈਨ ਮਿਕਸਜ਼ਾਥ ਦੀ ਇਕ ਹੰਗੇਰੀਅਨ ਕਹਾਣੀ—

ਜ਼ਹਿਰੀਲਾ ਕੀੜਾ

ਅਨੁਵਾਦਕ, ਸ਼ਾਕਿਰ ਪੁਰਸ਼ਾਰਥੀ

ਬੁੱਢਾ ਜੌਨ—ਗਾਲੂ ਪਿੰਡ ਦਾ ਸਭ ਤੋਂ ਧਨਾਢ ਕਿਸਾਨ, ਮਰਨ ਕੰਢੇ ਪਿਆ ਸੀ। ਪਿੰਡ 'ਚ ਉਸ ਦੀ ਵਾਹ ਵਾਹ ਚਲਦੀ ਸੀ। ਲੋਕੀ ਉਸ ਦੀ ਬੜੀ ਆਬਨਾਂ ਕਰਦੇ ਸਨ। ਕਦੀ ਕਦੀ ਤਾਂ ਪਿੰਡ ਦਾ ਨੰਬਰਦਾਰ ਵੀ ਓਹਦੇ ਨਾਲ ਹੱਥ ਮਿਲਾ ਲੈਂਦਾ। ਪਿੰਡ ਦੇ ਲੰਬੜ ਦੀ ਜਨਾਨੀ ਵਲ ਜਿਨੂੰ ਲੋਕ ਰਾਣੀ ਜੀ ਆਖਦੇ ਸਨ, ਉਸਨੂੰ ਮਿਲਣ ਆਉਂਦੀ ਜਾਂਦੀ। ਪਰ ਇਨ੍ਹਾਂ ਸਾਰੀਆਂ ਗੱਲਾਂ ਦਾ ਉਸ ਦੀ ਬੀਮਾਰੀ ਨਾਲ ਕੀ ਸੰਬੰਧ? ਅਚਣਚੇਤ ਹੀ ਉਸ ਦੀ ਹਾਲਤ ਖ਼ਰਾਬ ਹੋ ਗਈ ਸੀ। ਉਂਞ ਗੱਲ ਕੋਈ ਖ਼ਾਸ ਨਹੀਂ ਸੀ ਹੋਈ। ਇਕ ਨਿੱਕੇ ਜਿਹੇ ਕੀੜੇ ਨੇ ਹੱਥ ਦੇ ਡੰਗ ਮਾਰਿਆ, ਤੇ ਬਸ ਥੋੜ੍ਹੇ ਚਿਰ 'ਚ ਹੀ ਓਹਦਾ ਹੱਥ ਸੁਜ ਕੇ ਲਾਲ ਹੋ ਗਿਆ ਸੀ। ਕੁਝ ਕਲੱਤਣ ਵੀ ਆ ਗਈ ਸੀ ਓਹਦੇ ਤੇ। ਸੁਭਾ ਦਾ ਕੰਜੂਸ ਹੋਣ ਕਰਕੇ ਓਹ ਡਾਕਟਰ ਕੋਲ ਵੀ ਨਹੀਂ ਸੀ ਜਾਣਾ ਚਾਹੁੰਦਾ, ਪਰ ਪਿੰਡ ਦੇ ਲੰਬੜ ਤੇ ਰਾਣੀ ਜੀ ਦਾ ਕਿਹਾ ਓਹ ਨਾ ਮੋੜ ਸਕਿਆ। ਹੁਣ ਮੁਸੀਬਤ ਇਹ ਸੀ ਪਈ ਰਾਣੀ ਜੀ ਕਿਸੇ ਐਰੇ-ਗੈਰੇ ਡਾਕਟਰ ਨੂੰ ਨਹੀਂ, ਸਗੋਂ ਤਾਰ ਦੇ ਕੇ "ਬੁਡਾਪਿਸਟ" ਦੇ ਕਿਸੇ ਸਿਆਣੇ ਮਸ਼ਹੂਰ ਡਾਕਟਰ ਨੂੰ ਸੱਦਣ ਦੀ ਜਿਦ ਤੇ ਅੜੀ ਹੋਈ ਸੀ। ਫ਼ੈਸਲਾ ਹੋਇਆ ਡਾਕਟਰ 'ਬਿਰਲੀ' ਨੂੰ ਸੱਦਣ ਦਾ। ਓਹਦੀ ਫ਼ੀਸ ਸੌ ਰੁਪਏ ਸੀ ਪਰ ਵਿਚਾਰੇ ਜੌਨ ਨੂੰ ਹੁੰਗਾਰਾ ਭਰਨਾ ਹੀ ਪਿਆ। ਭਾਵੇਂ, ਪਹਿਲੇਂ ਉਨ੍ਹੇਂ ਇਹ ਆਖ ਕੇ ਗੱਲ ਟਾਲਣੇ ਦੀ ਕੋਸ਼ਿਸ਼ ਕੀਤੀ ਕਿ 'ਇਹ ਤਾਂ ਮਾਮੂਲੀ ਜਿਹੀ ਬਾਤ ਹੈ, ਕੀੜੇ ਨੇ ਹੀ ਤਾਂ ਕਟਿਆ ਹੈ, ਮੈਂ ਕਿਹੜਾ ਮਰੀ ਜਾ ਰਿਹਾ ਹਾਂ। ਐਵੇਂ ਸੌ ਰੁਪਏ ਨਹੱਕ ਬਰਬਾਦ ਕਰਨ ਦੀ ਕੀ ਲੋੜ ਹੈ। ਪਰ ਰਾਣੀ ਜੀ ਆਪਣੇ ਫ਼ੈਸਲੇ ਤੇ ਪੱਕੀ ਸੀ। ਓਹ ਡਾਕਟਰ ਦੀ ਫ਼ੀਸ ਆਪਣੇ ਕੋਲੋਂ ਦੇਣ ਤੇ ਤਿਆਰ ਹੋ ਗਈ। ਅਸਲ ਵਿਚ ਇਹ ਉਸ ਦੀ ਇਕ ਚਾਲ ਸੀ। ਓਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਜੌਨ ਗਾਲੂ ਵਰਗਾ ਸ੍ਵੈ—ਅਭਿਮਾਨੀ ਵਿਅਕਤੀ, ਇਹ ਕਦੀ ਵੀ ਨਹੀਂ ਬਰਦਾਸ਼ਤ ਕਰੇਗਾ ਕਿ ਉਸ ਦਾ ਬਿਲ ਕੋਈ ਹੋਰ ਅਦਾ ਕਰੇ।

ਡਾਕਟਰ ਬਿਰਲੀ ਨੂੰ ਫ਼ੌਰਨ ਆਉਣ ਲਈ ਤਾਰ ਦੇ ਦਿੱਤੀ ਗਈ। ਉਹਨੂੰ ਸਟੇਸ਼ਨ ਤੋਂ ਘਰ ਲਿਆਉਣ ਲਈ ਇਕ ਬੱਘੀ ਵੀ ਘੱਲ ਦਿੱਤੀ ਗਈ।

ਬੱਘੀ ਵਿਚ ਬੈਠ ਕੇ ਆਉਣ ਵਾਲਾ ਇਕ ਐਨਕਾਂ ਵਾਲਾ ਮਾੜਕੂ ਜਿਹਾ ਨੌਜੁਆਨ ਸੀ। ਉਸ ਦੀ ਸ਼ਖ਼ਸੀਅਤ ਵਿਚ ਰਤੀ ਭਰ ਵੀ ਆਕਰਸ਼ਨ ਨਹੀਂ ਸੀ।

ਬੁੱਢੇ ਜੌਨ ਗਾਲੂ ਦੀ ਜੁਆਨ ਪਤਨੀ, ਮਿਸਿਜ਼ ਗਾਲੂ ਨੇ ਗੇਟ ਤੇ ਹੀ ਡਾਕਟਰ ਦਾ ਸੁਆਗਤ ਕਰਦਿਆਂ ਕਿਹਾ—ਤੁਸੀਂ ਹੀ ਬੁਡਾਪਿਸਟ ਦੇ ਮਸ਼ਹੂਰ ਡਾਕਟਰ ਸ੍ਰੀ ਬਿਰਲੀ ਹੋ? ਬੜੀ ਕਿਰਪਾ ਕੀਤੀ ਤੁਸੀਂ ਆ ਗਏ। ਚਲੋ! ਮੇਰੇ ਪਤੀ ਨੂੰ ਵੇਖ ਲਉ! ਬੜਾ ਕਮਜ਼ੋਰ ਹੈ ਦਿਲ ਉਨ੍ਹਾਂ ਦਾ। ਸਾਰਾ ਘਰ ਸਿਰ ਤੇ ਚੁੱਕਿਆ ਹੋਇਆ ਹੈ ਉਨ੍ਹਾਂ ਨੇ।..........ਜਿਵੇਂ ਕੀੜੇ ਨਹੀਂ—ਕਿਸੇ ਹਾਥੀ ਨੇ ਕੱਟ ਖਾਧਾ ਹੋਵੇ।

ਇਹ ਗੱਲ ਨਿਰੀ ਝੂਠ ਸੀ। ਵਿਚਾਰੇ ਜੌਨ ਨੇ ਤਾਂ ਸੀ ਵੀ ਨਹੀਂ ਸੀ ਕੀਤੀ। ਬਗੈਰ ਪੁਛਿਓਂ ਤਾਂ ਉਨਾਂ ਨੂੰ ਕੀੜੇ ਲੜਣ ਦੀ ਗੱਲ ਦੱਸਦਾ ਵੀ ਨਹੀਂ ਸੀ। ਬੜੀ ਲਾਪਰਵਾਹੀ ਨਾਲ ਆਪਣੇ ਬਿਸਤਰੇ ਤੇ ਪਿਆ, ਭੇਡ ਦੀ ਖੱਲ ਦੇ ਸਰ੍ਹਾਣੇ ਤੇ ਸਿਰ ਰੱਖੀਂ ਓਹ ਪਾਈਪ ਪੀ ਰਿਹਾ ਸੀ।

"ਕੀ ਤਕਲੀਫ਼ ਹੈ ਤੁਹਾਨੂੰ?—ਡਾਕਟਰ ਨੇ ਪੁਛਿਆ'—ਜਿਥੋਂ ਤਕ ਮੈਨੂੰ ਪਤਾ ਹੈ, ਤੁਹਾਨੂੰ ਕੋਈ ਕੀੜਾ ਲੜ ਗਿਆ ਹੈ?"

—'ਜੀ ਹਾਂ, ਇਹੋ ਗੱਲ ਹੈ।'—ਬੁੱਢੇ ਕਿਸਾਨ ਨੇ ਕਿਹਾ।

—"ਕਿਹੋ ਜਿਹਾ ਸੀ ਓਹ ਕੀੜਾ?"

—'ਹਰੇ ਰੰਗ ਦਾ।' ਉਨ੍ਹਾਂ ਛੋਟਾ ਜਿਹਾ ਉੱਤਰ ਦਿੱਤਾ।

—"ਅੱਛਾ ਡਾਕਟਰ ਸਾਹਿਬ, ਤੁਸੀਂ ਇਨ੍ਹਾਂ ਤੋਂ ਜੋ ਪੁਛਣਾ ਹੈ ਪੁਛ ਲਉ। ਮੈਂ ਜਾਕੇ ਆਪਣਾ ਕੰਮ ਕਰਦੀ ਹਾਂ। ਰੋਟੀਆਂ ਕਿਧਰੇ ਤੰਦੂਰ 'ਚ ਹੀ ਨਾਂ ਸੜ ਜਾਣ।" ਜੌਨ ਗਾਲੂ ਦੀ ਪਤਨੀ ਨੇ ਵਿਚੋਂ ਹੀ ਗੱਲ ਰੋਕ ਕੇ ਆਖਿਆ।

ਬਹੁਤ ਅੱਛਾ ਮਾਂ ਜੀ !—ਡਾਕਟਰ ਨੇ ਅਨਭੋਲ ਹੀ ਕਹਿ ਦਿੱਤਾ ।

ਇਕੋ ਦਮ ਘੁੰਮ ਕੇ, ਉਨ੍ਹੇ ਡੇਲੇ ਕੱਢ ਕੇ ਡਾਕਟਰ ਵੱਲ ਤੱਕਿਆ, ਜਿਵੇਂ 'ਮਾਂ ਜੀ' ਸ਼ਬਦ ਨੇ ਹੀ ਕਿਸੇ ਜ਼ਹਿਰੀਲੇ ਕੀੜੇ ਦਾ ਰੂਪ ਧਾਰ ਕੇ ਉਨ੍ਹੂੰ ਡੱਸ ਲਿਆ ਹੋਵੇ । ਲੱਕ ਉਤੇ ਆਪਣੇ ਦੋਵੇਂ ਹੱਥ ਰੱਖ ਕੇ ਓਹ ਕਹਿਣ ਲੱਗੀ, 'ਅੱਖਾਂ ਨੇ ਜਾਂ ਬਟਨ ?' ਮੇਰੇ ਪਿਉ ਤੋਂ ਵੀ ਵੱਡੀ ਉਮਰ ਹੈ ਤੁਹਾਡੀ !.......ਗੁਸੇ 'ਚ ਓਹ ਜਿਵੇਂ ਉਬਾਲੇ ਖਾ ਰਹੀ ਸੀ ।

ਝਟ ਓਹ ਓਥੋਂ ਚਲੀ ਗਈ । ਉਸ ਦੇ ਕਲਫ਼ ਲਗੇ ਕਪੜੇ—ਖੜ ਖੜ ਕਰ ਰਹੇ ਸਨ—ਜਿਵੇਂ ਹਵਾ ਦੇ ਬੁੱਲੇ ਆਪਸ ਵਿਚ ਟਕਰਾ ਰਹੇ ਹੋਣ । ਉਸ ਦੀ ਚਾਲ ਵਿਚ ਜਵਾਨੀ ਦੀ ਮਸਤੀ ਤੇ ਜੋਸ਼ ਸੀ ।

ਡਾਕਟਰ ਉਨ੍ਹੂੰ ਜਾਂਦੀ ਨੂੰ ਵੇਖਦਾ ਰਿਹਾ । ਕੰਮ ਦੇ ਰੌਹਲੀ ਸੀ ਓਹ । ਵਾਕਈ ਓਹ ਡਾਕਟਰ ਤੋਂ ਬਹੁਤ ਛੋਟੀ ਉਮਰ ਦੀ ਸੀ, ਤੇ ਆਪਣੇ ਘਰ ਵਾਲੇ ਨਾਲੋਂ ਤਾਂ ਓਹਦੀ ਉਮਰ ਅਧੀ ਵੀ ਮਸਾਂ ਹੋਵੇਗੀ । ਡਾਕਟਰ ਦੇ ਜੀ 'ਚ ਤਾਂ ਆਈ ਕਿ ਓਹਦੇ ਪਾਸੋਂ ਮਾਫ਼ੀ ਮੰਗ ਲਵੇ, ਪਰ ਓਹਦੇ ਕੁਝ ਕਹਿਣ ਤੋਂ ਪਹਿਲੋਂ ਹੀ ਓਹ ਕਮਰੇ ਤੋਂ ਬਾਹਰ ਜਾ ਚੁਕੀ ਸੀ ।

"ਅੱਛਾ ਮੈਨੂੰ ਆਪਣਾ ਹੱਥ ਤਾਂ ਵਿਖਾਓ ! ਦਰਦ ਹੁੰਦਾ ਹੈ ਕਿੱਥੇ ਕਿਥੇ ?

'ਹਾਂ, ਕਾਫ਼ੀ ਦਰਦ ਹੈ'—ਜੋਨ ਗਾਲ੍ਹ ਨੇ ਉਤਰ ਦਿੱਤਾ ।

ਡਾਕਟਰ ਨੇ ਉਸ ਦੇ ਸੁੱਜੇ ਹੋਏ ਹੱਥ ਦਾ ਮੁਆਇਨਾ ਕੀਤਾ । ਉਸ ਦੇ ਚੇਹਰੇ ਤੇ ਗੰਭੀਰਤਾ ਛਾ ਗਈ ।

"ਬੜੀ ਭੈੜੀ ਹਾਲਤ ਹੈ ਤੁਹਾਡੇ ਹੱਥ ਦੀ ! ਜ਼ਰੂਰ ਕੋਈ ਜ਼ਹਿਰੀਲਾ ਕੀੜਾ ਹੋਣਾ ਏ ।"

'ਹੋ ਸਕਦਾ ਹੈ । ਮੈਂ ਤਾਂ ਬਸ ਇਹੋ ਜਾਣਦਾ ਹਾਂ ਕਿ ਆਮ ਸਾਧਾਰਨ ਕੀੜਿਆਂ ਵਰਗਾ ਹੀ ਸੀ ਓਹ ਵੀ'—ਉਨ੍ਹੇ ਸ਼ਾਂਤੀ ਨਾਲ ਕਿਹਾ ।

—'ਇਹ ਕੀੜਾ ਕਿਸੇ ਮੁਰਦੇ ਦੇ ਸਰੀਰ ਤੋਂ ਉਡ ਕੇ ਆਇਆ ਸੀ ।'

"ਜੋਨ ਗਾਲ੍ਹ ਇਹ ਸੁਣਕੇ ਵੀ ਚੁਪ ਰਿਹਾ ।"

—ਤੁਹਾਡੀ ਕਿਸਮਤ ਚੰਗੀ ਸੀ ਕਿ ਮੈਂ ਵੇਲੇ ਸਿਰ ਪਹੁੰਚ ਗਿਆ ! ਹੁਣ ਤਾਂ ਕੁਝ ਨਾ ਕੁਝ, ਹੋ ਜਾਏਗਾ—ਪਰ ਕਲ ਨੂੰ ਕੁਝ ਨਹੀਂ ਸੀ ਬਣਨਾ । ਮੌਤ ਤੁਹਾਨੂੰ ਆਪਣੇ ਸ਼ਿਕੰਜੇ ਵਿਚ ਜਕੜ ਚੁਕੀ ਹੁੰਦੀ ।

—'ਅਜੀਬ ਗੱਲ ਏ !' ਬੁੱਢੇ ਕਿਸਾਨ ਨੇ ਆਪਣੇ ਪਾਈਪ ਵਿਚ ਤਮਾਕੂ ਭਰਦੇ ਹੋਏ ਨੇ ਓਹਨੂੰ ਅੰਗੂਠੇ ਨਾਲ ਦੱਬਦੇ ਹੋਏ ਕਿਹਾ ।

—ਖ਼ੂਨ ਵਿਚ ਜ਼ਹਿਰ ਬੜੀ ਛੇਤੀ ਫ਼ੈਲ ਜਾਂਦੀ ਹੈ । ਸਾਡੇ ਕੋਲ ਜ਼ਿਆਦਾ ਵਕਤ ਨਹੀਂ । ਤੁਹਾਡੀ ਬਾਂਹ ਕੱਟਣੀ ਪਵਗੀ ਫ਼ੌਰਨ !

'ਬਾਂਹ ਕੱਟਣੀ ਪਵੇਗੀ ?'.........ਉਸ ਨੇ ਹੈਰਾਨੀ ਨਾਲ ਪੁਛਿਆ ।

—'ਹਾਂ ! ਮੈਂ ਮਜਬੂਰ ਹੋ ਕੇ ਇੰਜ ਕਰ ਰਿਹਾ ਹਾਂ ।'

ਜੋਨ ਗਾਲ੍ਹ ਬਿਲਕੁਲ ਖ਼ਾਮੋਸ਼ ਰਿਹਾ । ਓਹਦੇ ਮੂੰਹ 'ਚੋਂ ਇਕ ਸ਼ਬਦ ਵੀ ਨਹੀਂ ਨਿਕਲਿਆ । ਇਕ ਵੇਰੀ ਨਾਂਹ ਇਨਕਾਰ 'ਚ ਸਿਰ ਹਿਲਾਇਆ ਤੇ ਫੇਰ ਧੂੰਆਂ ਛੱਡਣ ਲੱਗ ਪਇਆ ।

ਡਾਕਟਰ ਨੇ ਓਨ੍ਹੂੰ ਸਮਝਾਉਂਦੇ ਹੋਏ ਕਿਹਾ—'ਤੁਹਾਨੂੰ ਜ਼ਰਾ ਵੀ ਤਕਲੀਫ਼ ਨਹੀਂ ਹੋਏਗੀ । ਮੈਂ ਤੁਹਾਨੂੰ ਬੇਹੋਸ਼ ਕਰ ਦਿਆਂਗਾ ਤੇ ਮੁੜ ਜਦੋਂ ਤੁਸੀਂ ਹੋਸ਼ 'ਚ ਆਉਗੇ ਤਾਂ ਮੌਤ ਦਾ ਖਤਰਾ ਟਲ ਚੁੱਕਾ ਹੋਏਗਾ ।........ਨਹੀਂ ਤਾਂ ਕੱਲ ਏਸ ਵਕਤ ਤਕ ਆਪਣੀ ਜਾਨ ਤੋਂ ਹੱਥ ਧੋ ਬੈਠੋਗੇ । ਇਨਸਾਨ ਤਾਂ ਕੀ ਰੱਬ ਵੀ ਤੁਹਾਨੂੰ ਬਚਾ ਨਹੀਂ ਸਕੇਗਾ ।

"ਓਹ ਐਵੇਂ ਪਰੇਸ਼ਾਨ ਨਾ ਕਰ ਡਾਕਟਰ ! ਮੈਨੂੰ ਇਕਲਾ ਛੋੜ ਦਿਓ ।" —ਓਨ੍ਹੇਂ ਕਿਹਾ । ਡਾਕਟਰ ਦੀਆਂ ਗੱਲਾਂ ਤੋਂ ਓਹ ਅੱਕ ਗਿਆ ਸੀ । ਪਾਸਾ ਪਰਤ ਕੇ ਓਨ੍ਹੇਂ ਆਪਣਾ ਮੂੰਹ ਕੰਧ ਵੱਲ ਕਰ ਲਿਆ ਤੇ ਅੱਖਾਂ ਮੀਚ ਲਈਆਂ ।

ਵਿਚਾਰਾ ਡਾਕਟਰ ਓਜੇਹੀ ਜ਼ਿਦ ਲਈ ਤਿਆਰ ਨਹੀਂ ਸੀ । ਕੁਝ ਬੋਲੇ ਬਿਨਾਂ ਹੀ ਓਹ ਕਮਰੇ ਤੋਂ ਬਾਹਰ ਚਲਾ ਗਿਆ ਤਾਂ ਜੋ ਓਸਦੀ ਪਤਨੀ ਨਾਲ ਗੱਲ ਕਰ ਸਕੇ ।

'ਕੀ ਹਾਲ ਹੈ ਓਨ੍ਹਾਂ ਦਾ ? ਡਾਕਟਰ ਵੱਲ ਤੱਕੇ ਬਿਨਾਂ ਹੀ ਓਨ੍ਹੇ ਲਾਪਰਵਾਹੀ ਨਾਲ ਪੁਛਿਆ । ਓਹ ਕੰਮ ਕਰਦੀ ਕਰਦੀ ਹੀ ਬੋਲ ਰਹੀ ਸੀ । ਸ਼ਾਇਦ ਓਹ ਡਾਕਟਰ

ਨਾਲ ਆਪਣੀ ਨਫ਼ਰਤ ਜ਼ਾ ਇਜ਼ਹਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ।

'ਬੜੀ ਭੈੜੀ ਹਾਲਤ ਹੈ ਉਨ੍ਹਾਂ ਦੀ । ਤੁਹਾਡੇ ਪਾਸ ਮੈਂ ਇਸ ਲਈ ਆਇਆ ਹਾਂ ਕਿ ਰੱਲ ਕੇ ਉਨ੍ਹਾਂ ਨੂੰ ਸਮਝਾਓ— ਤੇ ਇਸ ਗੱਲ ਤੇ ਰਾਜ਼ੀ ਕਰਾਉ ਕਿ ਉਹ ਆਪਣੀ ਬਾਂਹ ਕਟਾ ਲੈਣ ।''

'ਹਾਏ ਰਾਮ ! ਉਹ ਚੀਕ ਪਈ । ਉਹਦਾ ਚੇਹਰਾ ਫੱਕ ਹੋ ਗਇਆ । ਪੁਛਣ ਲਗੀ —

'ਕੀ ਸਚ ਮੁਚ ਹੀ ਉਨ੍ਹਾਂ ਦੀ ਬਾਂਹ ਕਟਾਉਣੀ ਪਵਗੀ ?

''ਹਾਂ ! ਜੇ ਨਾ ਕਟਾਈ ਤਾਂ ਚੌਬੀ ਘੰਟਿਆਂ ਦੇ ਅੰਦਰ ਅੰਦਰ ਉਨ੍ਹਾਂ ਦੀ ਮੌਤ ਹੋ ਜਾਏਗੀ ।''

ਉਸ ਨੇ ਡਾਕਟਰ ਦੀ ਬਾਂਹ ਫੜ ਲੀਤੀ—ਤੇ ਉਹਦੇ ਚੇਹਰੇ ਤੇ ਲਾਲੀ ਦੌੜ ਗਈ । ਉਨ੍ਹੂੰ ਖਿੱਚ ਕੇ ਉਹ ਬੀਮਾਰ ਦੇ ਕਮਰੇ 'ਚ ਲੈ ਆਈ ਤੇ ਆਪਣੇ ਲੱਕ ਤੇ ਹੱਥ ਰਖਦੀ ਹੋਈ ਬੋਲੀ—'ਕੀ ਤੁਸੀਂ ਇਹ ਸਮਝਦੇ ਹੋ ਕਿ ਮੇਰੇ ਵਰਗੀ ਸੁੰਦਰੀ, ਕਿਸੇ ਟੁੰਡੇ ਦੀ ਪਤਨੀ ਬਣ ਕੇ ਰਹਿ ਸਕੇਗੀ ? ਮੈਂ ਤਾਂ ਸ਼ਰਮ ਨਾਲ ਮਰ ਜਾਵਾਂਗੀ !'...... ਫੇਰ ਉਹ ਆਪਣੇ ਪਤੀ ਵੱਲ ਘੁੰਮਦੀ ਹੋਈ ਕਹਿਣ ਲਗੀ— 'ਵੇਖ ਜੌਨ ! ਭਾਵੇਂ ਕੁਝ ਵੀ ਹੋਵੇ, ਆਪਣੀ ਬਾਂਹ ਨਾ ਕਟਾਈਂ ! ਡਾਕਟਰ ਜੋ ਮਰਜ਼ੀ ਕਹਿੰਦਾ ਰਹੇ ... ।''

''ਤੂੰ ਚਿੰਤਾ ਨਾ ਕਰ ਕ੍ਰਿਸਕਾ !' ਉਹ ਉਸਨੂੰ ਯਕੀਨ ਦਿਵਾਂਦਾ ਹੋਇਆ ਕਹਿਣ ਲੱਗਾ—ਮੈਂ ਐਥੇ ਲਹੂ ਡੁਲ੍ਹਣ ਨਹੀਂ ਦਿਆਂਗਾ। ਮੈਂ ਸਰੀਰ ਦੇ ਟੁਕੜੇ ਟੁਕੜੇ ਕਰਾ ਕੇ ਮਰਨਾ ਨਹੀਂ ਚਾਹੁੰਦਾ ।

ਡਾਕਟਰ ਨੇ ਬੁਢੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੌਤ ਕਿੰਨੀ ਭਿਆਨਕ ਹੁੰਦੀ ਹੈ ਤੇ ਜ਼ਿੰਦਗੀ ਕਿੰਨੀ ਹੁਸੀਨ ! ਪਰ ਸਭ ਬੇਕਾਰ । ਡਾਕਟਰ ਨੇ ਪਿੰਡ ਦੇ ਲੰਬੜ-ਦਾਰ, ਗਾਣੀ ਕੀ ਤੇ ਹੋਰ ਮਨੇ ਪ੍ਰਮੰਨੇ ਲੋਕਾਂ ਨੂੰ ਸੱਦ ਕੇ ਵੀ ਜੌਨ ਨੂੰ ਸਮਝਾਉਣਾ ਚਾਹਿਆ, ਪਰ ਬਣਿਆ ਕੁਝ ਨਾ ! ਉਹ ਆਪਣੀ ਗੱਲ ਤੇ ਅੜਿਆ ਰਿਹਾ । ਕਿਸੇ ਵੀ ਤਰ੍ਹਾਂ ਉਹ ਬਾਂਹ ਕਟਾਉਣ ਲਈ ਨਾ ਮੰਨਿਆ ।

ਜੌਨ ਗਾਲ੍ਹ ਦੀ ਮੌਤ ਸਿਰ ਤੇ ਮੰਡਲਾ ਰਹੀ ਸੀ—ਪਰ ਉਹਦੇ ਚੇਹਰੇ ਤੇ ਸ਼ਾਂਤੀ ਸੀ । ਅਵਾਜ਼ ਵਿਚ ਜ਼ਰਾ ਜਿੰਨੀ ਵੀ ਕੰਬਣੀ ਨਹੀਂ ਸੀ । ਚੁਪ ਚਾਪ, ਹੰਝੂ ਕੇਰਣ ਤੋਂ ਬਗ਼ੈਰ ਹੀ ਉਹ ਆਪਣੀ ਮੌਤ ਨਾਲ ਮਿਲਣ ਨੂੰ ਤਿਆਰ ਸੀ । ਸ਼ਾਇਦ ਮੌਤ ਦੇ ਖਿਲਾਫ਼ ਉਹਦੇ ਦਿਲ 'ਚ ਕੋਈ ਵੀ ਸ਼ਿਕਾਇਤ ਨਹੀਂ ਸੀ । ਪਿਉ ਦਾਦਾ ਵੀ ਤਾਂ ਇਕ ਦਿਨ ਏਸੇ ਤਰ੍ਹਾਂ ਅਖਾਂ ਮੀਟ ਕੇ ਦੁਨੀਆਂ ਤੋਂ ਚਲੇ ਗਏ ਸਨ । ਹੁਣ ਉਸ ਦੀ ਬਾਰੀ ਸੀ—ਤੇ ਉਹ ਬਿਲਕੁਲ ਤਿਆਰ ਸੀ !

ਇਹ ਤਾਂ ਸਾਫ਼ ਹੈ ਕਿ ਜੌਨ ਗਾਲ੍ਹ ਨੂੰ ਕੁਝ ਵੀ ਕਹਿਣਾ ਬੇਕਾਰ ਸੀ । ਉਹ ਆਪਣੀ ਜਾਨ ਤੇ ਖੇਲ ਜਾਣ ਨੂੰ ਤਿਆਰ ਹੋ ਚੁੱਕਾ ਸੀ, ਪਰ ਡਾਕਟਰ ਬਿਰਲੀ ਦਾ ਸੁਭਾ ਵੀ ਕੁਝ ਅਜੀਬ ਜਿਹਾ ਸੀ । ਸ਼ਾਇਦ ਉਹ ਵੀ ਉਸਦੀ ਜਾਨ ਬਚਾਉਣ ਦੀ ਜ਼ਿੱਦ ਤੇ ਅੜਿਆ ਹੋਇਆ ਸੀ । ਆਪਣੇ ਲਈ, ਡਾਕਟਰ ਦੀ ਚਿੰਤਾ ਵੇਖ ਕੇ ਜੌਨ ਗਾਲ੍ਹ ਦੇ ਦਿਲ ਤੇ ਬੜਾ ਅਸਰ ਹੋਇਆ । ਡਾਕਟਰ ਦੀ ਹਾਲਤ ਤੇ ਉਸ ਨੂੰ ਤਰਸ ਆਉਣ ਲੱਗਾ । ਉਹਦੇ ਨਾਂਹ ਕਰਨ ਤੇ ਡਾਕਟਰ ਦੇ ਚੇਹਰੇ ਤੇ ਉਦਾਸੀ ਛਾ ਗਈ ਸੀ । ਹਮਦਰਦੀ ਭਰੇ ਸ਼ਬਦਾਂ ਵਿਚ ਉਹ ਡਾਕਟਰ ਦਾ ਦਿਲ ਰਖਣ ਦੀ ਕੋਸ਼ਿਸ਼ ਕਰਨ ਲੱਗਾ ।

ਅਚਾਨਕ ਡਾਕਟਰ ਨੂੰ ਖਿਆਲ ਆਇਆ ਕਿ ਰੁਪਏ ਪੈਸੇ ਦੇ ਮਾਮਲੇ 'ਚ ਕਿਸਾਨ ਲੋਕ ਬੜੇ ਸਾਵਧਾਨ ਹੁੰਦੇ ਨੇ । ਉਹਦੀ ਇਸ ਕਮਜ਼ੋਰੀ ਤੋਂ ਲਾਭ ਲੈਣ ਦੇ ਖਿਆਲ ਨਾਲ ਉਨ੍ਹੇ ਕਿਹਾ— ਵੇਖੋ ! ਗੱਲ ਇਹ ਹੈ ਕਿ ਤੁਸੀਂ ਚਾਹੇ ਉਪ੍ਰੇਸ਼ਨ ਕਰਾਓ ਚਾਹੇ ਨਾ ਕਰਾਓ ਮੈਂ ਤਾਂ ਆਪਣੀ ਫ਼ੀਸ ਦੇ ਸੌ ਰੁਪਏ ਲੈ ਹੀ ਲੈਣੇ ਨੇ । ਏਸ ਲਈ ਉਪਰੇਸ਼ਨ ਨਾ ਕਰਾਉਣ ਦਾ ਮਤਲਬ, ਅਪਣਾ ਸੌ ਰੁਪਿਆ ਬਰਬਾਦ ਕਰਨ ਦੇ ਬਰਬਾਦ ਹੋਵੇਗਾ । ਨਾਲੇ ਫ਼ੇਰਓ ਪ੍ਰੇਸ਼ਨ ਵਿਚ ਚਿਰ ਵੀ ਕੇਹੜਾ ਲੱਗਦਾ ਹੈ । ਪੰਜਾਂ ਮਿੰਟਾਂ ਵਿਚ ਸਾਰਾ ਕੰਮ ਹੋ ਜਾਵੇਗਾ ।

ਚੰਗਾ ਫ਼ੇਰ ਤੁਸੀਂ ਮੈਨੂੰ ਕੋਈ ਮਲ੍ਹਮ ਦੱਸ ਦਿਓ ਤਾਂ ਜੋ ਤੁਹਾਡੀ ਫ਼ੀਸ ਖਰੀ ਹੋ ਜਾਵੇ । ਬੁੱਢਾ ਜਾਨ ਐਨੀਂ ਸ਼ਾਂਤੀ ਨਾਲ ਬੋਲਿਆ ਜਿਵੇਂ ਉਹ ਕਿਸ ਜੁਤੀਆਂ ਦੇ ਜੋੜੇ ਦਾ ਸੌਦਾ ਕਰ ਰਿਹਾ ਹੋਵੇ ।

ਡਾਕਟਰ ਨੇ ਜੌਨ ਗਾਲ੍ਹ ਦੀ ਜਾਨ ਬਚਾਉਣ ਦੇ ਕਈ ਤਰੀਕੇ ਸੋਚੇ, ਪਰ ਉਸ ਦੀ ਜੁਆਨ ਪਤਨੀ ਦੇ ਹੁੰਦੇ, ਭਲਾ ਕੋਈ ਤਰੀਕਾ ਸਫ਼ਲ ਹੋ ਸਕਦਾ ਸੀ ? ਹਰ ਗੱਲ 'ਚ ਉਹ ਆਪਣੀ ਟੰਗ ਅੜਾ ਦੇਂਦੀ । ਤੇ ਮੁੜ-ਮੁੜ ਆਪਣੇ ਪਤੀ ਨੂੰ ਆਪਣੀ ਗੱਲ ਤੇ ਅੜਿਆ ਰਹਿਣ ਤੇ ਉਕਸਾਉਂਦੀ ਰਹਿੰਦੀ । ਡਾਕਟਰ ਨੇ ਕਈ ਵੇਰ ਉਹਦੀ ਵੱਲ ਕੌੜੀਆਂ ਅੱਖਾਂ ਕਰ ਕੇ ਤਾੜਿਆ—ਤੇ ਫੇਰ ਚੀਕ ਪਿਆ— ''ਜਦ ਆਦਮੀ ਆਪਸ

ਵਿਚ ਗੱਲਾਂ ਕਰ ਰਹੇ ਹੋਣ ਤਾਂ ਤੈਨੂੰ ਖਾਮੋਸ਼ ਰਹਿਣਾ ਚਾਹੀਦਾ ਹੈ।"

ਕਿਉਂ ? ਕੀ ਇਸ ਘਰ ਤੇ ਮੇਰਾ ਕੋਈ ਹੱਕ ਨਹੀਂ ? ਓਨ੍ਹੇ ਉੱਤਰ ਦਿੱਤਾ। ਗੁੱਸੇ ਨਾਲ ਉਸ ਦਾ ਸਰੀਰ ਕੰਬ ਰਿਹਾ ਸੀ।

ਜੌਨ ਗਾਲ੍ਹ ਨੇ ਝਗੜਾ ਰੋਕਣ ਲਈ ਛੇਤੀ ਨਾਲ ਕਿਹਾ—"ਫ੍ਰਿਸਕਾ ! ਸ਼ੋਰ ਨਾ ਕਰ ! ਜਾਕੇ ਪ੍ਰਾਹੁਣਿਆਂ ਲਈ ਸ਼ਰਾਬ ਲੈ ਆ।"

'ਕਿਹੜੇ ਪੀਪੇ 'ਚੋਂ ਲਿਆਵਾਂ ? ਵੱਡੇ 'ਚੋਂ ਜਾਂ ਛੋਟੇ 'ਚੋਂ ? ਉਸ ਨੇ ਪੁਛਿਆ।

'ਛੋਟੇ 'ਚੋਂ ਹੀ ਲੈ ਆ ! ਵੱਡਾ ਪੀਪਾ ਮੇਰੇ ਹੰਗਾਮੇ ਲਈ ਪਿਆ ਰਹਿਣ ਦੇ !'

ਉਹ ਆਪਣੀ ਮੌਤ ਲਈ ਬਿਲਕੁਲ ਤਿਆਰ ਸੀ। ਪ੍ਰਾਹੁਣਿਆਂ ਨੇ ਸ਼ਰਾਬ ਪੀਤੀ, ਤੇ ਜੌਨ ਗਾਲ੍ਹ ਦੇ ਸੁਰਗ 'ਚ ਵਾਸੇ ਦੀ ਦੁਆ ਕਰਦੇ ਹੋਏ ਟੁਰ ਗਏ।

ਵੇਹੜੇ ਵਿਚ ਡਾਕਟਰ ਨੇ ਇਕ ਹੱਟੇ-ਕੱਟੇ, ਜ਼ਿੰਦਾ ਦਿਲ ਨੌਜਵਾਨ ਨੌਕਰ ਨੂੰ ਖੜੇ ਵੇਖਿਆ। ਉਹ ਨੇ ਨੌਕਰ ਨੂੰ ਕਿਹਾ—"ਮੇਰੀ ਬੱਘੀ ਤਿਆਰ ਕਰੋ ! ਮੈਂ ਅੱਧੇ ਘੰਟੇ ਤਕ ਹੀ ਚਲਾ ਜਾਵਾਂਗਾ.. ਤੇ ਸੁਣ ! ਮਿਸਿਜ਼ ਜੌਨ ਨੂੰ ਕਹਿ ਦੇਵੀਂ ਕਿ ਰੋਟੀ ਵੇਲੇ ਤਕ ਮੈਂ ਨਹੀਂ ਰੁਕਾਂਗਾ।"

ਉਹ, ਜੌਨ ਗਾਲ ਦੇ ਮਕਾਨ ਦੇ ਬਾਹਰ, ਗੇਟ ਤੇ ਖੜਾ ਸੋਚ ਰਿਹਾ ਸੀ ਕਿ ਹੁਣ ਕੀ ਕਰਨਾ ਚਾਹੀਦਾ ਹੈ। ਅਚਾਨਕ ਉਸ ਨੇ ਗੇਟ ਦੀ ਖਿੜਕੀ 'ਚੋਂ ਨੌਜਵਾਨ ਨੌਕਰ ਨੂੰ ਸ੍ਰੀ ਮਤੀ ਜੌਨ ਵੱਲ ਜਾਂਦੇ ਵੇਖਿਆ। ਸ੍ਰੀ ਮਤੀ ਗਾਲ੍ਹ ਉਸ ਨੂੰ ਬੜੀ ਚੰਚਲ ਅਖੀਆਂ ਨਾਲ ਤਕ ਰਹੀ ਸੀ। ਉਸ ਨੌਕਰ ਦੀਆਂ ਅੱਖਾਂ 'ਚ ਵੀ ਆਤਮ-ਵਿਸ਼ਵਾਸ ਭਰਿਆ ਜਾਪਦਾ ਸੀ। ਡਾਕਟਰ ਨੂੰ ਦਾਲ 'ਚ ਕੁਝ ਕਾਲਾ ਜਾਪਿਆ। ਓਨ੍ਹੇ ਇਹ ਭੇਤ ਜਾਣਨ ਦਾ ਨਿਸ਼ਚਾ ਕਰ ਲੀਤਾ। ਉਹ ਸੋਚਣ ਲਗਾ, ਇਸ ਪਿੰਡ ਵਿਚ ਜ਼ਰੂਰ ਕੋਈ ਨਾ ਕੋਈ ਦੂਜੀ "ਫ੍ਰਫਾਕੁਟਨੀ" ਹੋਵੇਗੀ, ਜਿਹੜੀ ਪਿੰਡ ਦੇ ਜਵਾਨ ਮੁੰਡੇ-ਕੁੜੀਆਂ ਨੂੰ ਧਾਗੇ ਤਵੀਤ ਵਗੈਰਾ ਦਿੰਦੀ ਹੋਊ ਐ—ਤੇ ਓਨ੍ਹਾਂ ਦੇ ਭੇਤ ਜਾਣਦੀ ਹੋਊ ਐਂ।'

ਪਿੰਡ ਦੇ ਬਜ਼ੁਰਗਾਂ ਤੋਂ ਉਸ ਨੇ ਇਸ ਬਾਰੇ ਪੁਛਿਆ ਤਾਂ ਓਨ੍ਹਾਂ ਉੱਤਰ ਦਿਤਾ—'ਹਾਂ ! ਰੇਬੇਕ ਨਾਉਂ ਦੀ ਇਕ ਦੂਜੀ ਤੀਵੀਂ ਹੈ ਤਾਂ ਸਹੀ ! ਜੌਨ ਗਾਲ੍ਹ ਦੇ ਘਰ ਤੋਂ ਦੋ ਘਰ ਛੱਡ ਕੇ ਹੀ ਓਹਦਾ ਘਰ ਹੈ।

ਡਾਕਟਰ ਉਸ ਬੁਢੀ ਫ੍ਰਫਾ ਕੁਟਨੀ ਕੋਲ ਗਿਆ—ਤੇ ਪੰਜਾਂ ਦਾ ਇਕ ਨੋਟ ਉਸ ਦੀ ਤਿਆਲੀ ਤੇ ਰੱਖਦਾ ਹੋਇਆ ਕਹਿਣ ਲਗਾ—ਮੈਂ ਇਕ ਲੜਕੀ ਨਾਲ ਪਿਆਰ ਕਰਦਾ ਹਾਂ। ਕੋਈ ਅਜੇਹਾ ਵਸ਼ੀਕਰਨ ਦੇਵੋਂ, ਜਿਹਦੇ ਨਾਲ ਉਹ ਵੀ ਮੈਨੂੰ ਪਿਆਰ ਕਰਨ ਲਗ ਪਏ।'

ਓਹ ! ਇਹ ਕਿਵੇਂ ਹੋ ਸਕਦੈ ਪੁੱਤ੦। ਤੂੰ ਤੇ ਲਗਦਾ ਹੈਂ ਮਿੱਟੀ ਦਾ ਮਾਧੋ। ਤੇ ਔਰਤਾਂ ਤੇਰੇ ਵਰਗਿਆਂ ਨੂੰ ਪਸੰਦ ਨਹੀਂ ਜੇ ਕਰਦੀਆਂ। ਉਹ ਤਾਂ ਰੰਗੀਨ ਤਬੀਅਤ ਤੇ ਜ਼ਿੰਦਾ ਦਿਲ ਬੰਦਿਆਂ ਤੇ ਮਰਦੀਆਂ ਨੇ।

'ਤੂੰ ਠੀਕ ਕਹਿਨੀ ਏਂ, ਪਰ ਮੇਰੇ ਕੋਲ ਰੁਪਏ-ਪੈਸੇ ਦੀ ਕਮੀ ਨਹੀਂ। ਮੈਂ ਉਸ ਦੀ ਹਰ ਚਾਹਨਾ ਪੂਰੀ ਕਰ ਸਕਦਾ ਹਾਂ।'

'ਪਰ ਉਹ ਹੈ ਕੌਣ ?'

ਸ੍ਰੀ ਮਤੀ ਜੌਨ ਗਾਲ੍ਹ !'

'ਬਾਗਾਂ ਵਿਚੋਂ ਤੂੰ ਜਿਹੜਾ ਫੁੱਲ ਚਾਹੇਂ ਤੋੜ ਸਕਦਾ ਏਂ, ਪਰ ਟੁੱਟੇ ਫੁੱਲ ਨੂੰ ਤਾਂ ਨਹੀਂ ਤੋੜਿਆ ਜਾ ਸਕਦਾ ! ਹੈਂ ਨਾ ਠੀਕ !'

'ਕੀ ਮਤਲਬ ? ਡਾਕਟਰ ਨੇ ਪੁਛਿਆ !

'ਸ੍ਰੀ ਮਤੀ ਗਾਲ੍ਹ ਪਹਿਲੋਂ ਕਿਸੇ ਨੂੰ ਦਿਲ ਦੇ ਚੁਕੀ ਹੈ।'

'ਇਹੋ ਗੱਲ ਤਾਂ ਡਾਕਟਰ ਪੁਛਣਾ ਚਾਹੁੰਦਾ ਸੀ।'

'ਕੌਣ ਹੈ ਉਹ ਖੁਸ਼ ਕਿਸਮਤ ਇਨਸਾਨ ?—ਉਹ ਨੇ ਪੁਛਿਆ।

'ਉਨ੍ਹਾਂ ਦੇ ਘਰ ਦਾ ਨੌਕਰ—ਪਾਲਸੇਗੀ। ਓਹਦੇ ਨਾਲ ਹੀ ਉਹ ਪ੍ਰੇਮ ਕਰਦੀ ਹੈ। ਅਕਸਰ, ਉਹ ਮੇਰੇ ਕੋਲ ਧਾਗਾ ਤਵੀਤ ਕਰਾਉਣ ਆਉਂਦੀ ਰਹਿੰਦੀ ਹੈ।"

'ਜੌਨ ਗਾਲ੍ਹ ਓਹਦੇ ਤੇ ਸ਼ੱਕ ਨਹੀਂ ਕਰਦਾ ?'

'ਨਹੀਂ ਓਹਦੇ ਵਰਗਾ ਚਲਾਕ ਆਦਮੀ ਵੀ ਤ੍ਰੀਆ—ਚਰਿਤ੍ਰ, ਨੂੰ ਨਹੀਂ ਸਮਝ ਸਕਦਾ। ਉਹ ਹਮੇਸ਼ਾਂ ਹੀ ਓਹਨੂੰ ਉੱਲੂ ਬਣਾਉਣ ਵਿਚ ਕਾਮਯਾਬ ਹੋ ਜਾਂਦੀ ਹੈ।'

ਡਾਕਟਰ, ਜੌਨ ਗਾਲ੍ਹ ਦੇ ਘਰ ਮੁੜ ਕੇ ਆਇਆ ਤਾਂ 'ਪਾਲਸੇਗੀ' ਇਕ ਲੀਰ ਨਾਲ ਘੋੜੇ ਦੀ ਪਿਠ ਨੂੰ ਰਗੜ ਰਿਹਾ ਸੀ। ਸ੍ਰੀ ਮਤੀ ਗਾਲ੍ਹ ਓਹਦੇ ਕੋਲ ਖੜੋਤੀ ਗੱਲਾਂ ਕਰ ਰਹੀ

ਸੀ। ਡਾਕਟਰ ਨੂੰ ਸਟੇਸ਼ਨ ਤੇ ਛੋੜਣ ਜਾਣ ਲਈ ਬੱਘੀ ਤਿਆਰ ਸੀ। ਡਾਕਟਰ ਨੂੰ ਆਉਂਦਿਆਂ ਵੇਖ ਕੇ ਓਹ ਓਸ ਵੱਲ ਨੂੰ ਵਧੀ। ਅਪਣੀ ਜੇਬ 'ਚੋਂ ਸੌ ਦਾ ਨੋਟ ਕੱਢ ਕੇ ਦਿੰਦੇ ਹੋਏ ਕਹਿਣ ਲੱਗੀ— ਤੁਹਾਡੀ ਫੀਸ ਡਾਕਟਰ ਸਾਹਿਬ।'

'ਠੀਕ ਹੈ—' ਡਾਕਟਰ ਨੇ ਕਿਹਾ—'ਪਰ ਸ਼ਾਇਦ ਇਹ ਫੀਸ ਤੁਹਾਨੂੰ ਬਥ ਮਾਲੂਮ ਦੇਵੇ। ਤੁਸੀਂ ਇਹ ਸੋਚ ਸਕਦੇ ਹੋ ਕਿ ਮੈਂ ਇਹਦਾ ਹਕਦਾਰ ਨਹੀਂ।'

'ਤੁਸੀਂ ਚਿੰਤਾ ਨਾਂ ਕਰੋ। ਸਭ ਠੀਕ ਹੈ।'

'ਬਹੁਤ ਅੱਛਾ। ਮੇਹਰਬਾਨੀ ਕਰਕੇ ਇਹ ਨੋਟ ਮੇਰੇ ਬੈਗ ਵਿਚ ਪਾ ਕੇ, ਬੱਘੀ 'ਚ ਰੱਖ ਦਿਓ। ਓਦੋਂ ਤੀਕਰ ਮੈਂ ਤੁਹਾਡੇ ਪਤੀ ਨੂੰ ਅਲਵਿਦਾ ਕਹਿ ਕੇ ਆਉਂਦਾ ਹਾਂ।'

ਜੌਨ ਗਾਲ੍ਹ ਉਸੇ ਤਰ੍ਹਾਂ ਲੰਮਾ ਪਿਆ ਸੀ। ਸ਼ਾਇਦ ਉਸ ਨੇ ਪਾਸਾ ਵੀ ਨਹੀਂ ਸੀ ਪਰਤਿਆ। ਓਹਦਾ ਪਾਇਪ ਬੁਝ ਚੁੱਕਾ ਸੀ—ਤੇ ਅੱਖਾਂ ਮੀਟੀਆਂ ਹੋਈਆਂ ਸਨ। ਸ਼ਾਇਦ ਓਹ ਵੀ ਅੱਖ ਲਗੀ ਸੀ।

ਅੱਛਾ ਮਿਸਟਰ ਜੌਨ ਗਾਲ੍ਹ, ਨਮਸਤੇ। ਮੈਂ ਜਾ ਰਿਹਾ ਹਾਂ—' ਡਾਕਟਰ ਨੇ ਕਿਹਾ।

'—ਤੁਸੀਂ ਜਾ ਰਹੇ ਹੋ ?' ਓਨ੍ਹੇ ਲਾਪਰਵਾਹੀ ਨਾਲ ਪੁਛਿਆ।

'—ਹਾਂ। ਹੁਣ ਮੇਰਾ ਕੰਮ ਵੀ ਤਾਂ ਕੋਈ ਨਹੀਂ।'

'—ਮੇਰੀ ਪਤਨੀ ਨੇ ਤੁਹਾਡੀ ਫੀਸ ਤਾਂ ਦੇ ਦਿੱਤੀ ਹੈ ਨਾਂ ?'

'—ਹਾਂ ਬੜੇ ਚੰਗੇ ਸੁਭਾ ਦੀ ਹੈ ਤੁਹਾਡੀ ਪਤਨੀ।... ਤੇ ਸੋਹਣੀ ਵੀ ਬਹੁਤ ਹੈ।' ਓਸ ਨੇ ਅੱਖਾਂ ਖੋਲ੍ਹ ਕੇ ਅਪਣਾ ਚੰਗਾ ਹੱਥ ਡਾਕਟਰ ਨਾਲ ਮਿਲਾਂਦੇ ਹੋਏ ਕਿਹਾ—' ਤੁਸੀਂ ਸੱਚ ਕਹਿ ਰਹੇ ਹੋ ?'

—ਹਾਂ ਮੈਂ ਬਿਲਕੁਲ ਸਚ ਕਹਿ ਰਿਹਾ ਹਾਂ।..ਓਹਦੇ ਬੁਲ੍ਹ ਤਾਂ ਜਿਵੇਂ ਰਸ-ਭਰੀਆਂ ਹੋਣ।'

—ਤੁਸੀਂ ਠੀਕ ਕਹਿ ਰਹੇ ਹੋ।..ਜੌਨ ਗਾਲ੍ਹ ਦੇ ਚੇਹਰੇ ਤੇ ਮੁਸਕਣੀ ਆ ਗਈ। ਖੁਸ਼ੀ ਨਾਲ ਓਹਦਾ ਚੇਹਰਾ ਚਮਕਣ ਲੱਗ ਪਿਆ।

..'ਲੇਕਿਨ..ਉਸ ਗੁੰਡੇ ਪਾਲ ਦਾ ਓਹਦੇ ਨਾਲ ਇਉਂ ਹੱਸਣਾ-ਖੇਡਣਾ'

ਜੌਨ ਗਾਲ੍ਹ ਨੇ ਤੜਫਦੇ ਹੋਏ ਸਿਰ ਚੁਕ ਕੇ ਡਾਕਟਰ ਵੱਲ ਤੱਕਿਆ—'ਤੁਸੀਂ ਕੀ ਕਹਿ ਰਹੇ ਹੋ ਡਾਕਟਰ ?'

ਡਾਕਟਰ ਨੇ ਅਪਣੇ ਬੁਲ੍ਹ ਘੁੱਟ ਲਏ—ਜਿਵੇਂ ਓਹ ਦੇ ਮੂੰਹ 'ਚੋਂ ਕੋਈ ਐਸੀ ਗੱਲ ਨਿਕਲ ਗਈ ਹੋਵੇ, ਜਿਸ ਨੂੰ ਕਹਿ ਦੇਣ ਦਾ ਇਰਾਦਾ ਨਹੀਂ ਸੀ।

ਚਲੋ ਛੱਡੋ।...ਮੈਨੂੰ ਕੀ ਪਿਆ। ਪਰ ਰੱਬ ਨੇ ਅੱਖਾਂ ਦਿਤੀਆਂ ਨੇ, ਦਿਮਾਗ ਦਿਤਾ ਹੈ. ਇਸ ਲਈ ਵੇਖ-ਸਮਝੇ ਬਿਨਾਂ ਰਿਹਾ ਨਾਂ ਗਇਆ। ਮੈਨੂੰ ਤਾਂ ਉਸੇ ਵੇਲੇ ਹੀ ਓਸ ਤੇ ਸ਼ੱਕ ਹੋ ਗਇਆ ਸੀ। ਜਦੋਂ ਓਹ ਨੇ ਤੁਹਾਨੂੰ ਬਾਂਹ ਨਾਂ ਕਟਾਉਣ ਦੀ ਸਲਾਹ ਦਿੱਤੀ ਸੀ।...ਕੀ ਤੁਹਾਨੂੰ ਭੋਰਾ ਜਿਨਾਂ ਵੀ ਸ਼ਕ ਨਹੀਂ ਹੋਇਆ ਓਹਦੇ ਉੱਤੇ ?...ਤੇ ਹੁਣ ਤਾਂ ਸ਼ੱਕ ਵਾਲੀ ਗੱਲ ਹੀ ਨਹੀਂ ਰਹੀ। ਮੈਂ ਸਭ ਪਤਾ ਲਗਾ ਦਿੱਤਾ ਹੈ। ਮੈਂ ਸਭ ਕੁਝ ਜਾਣ ਚੁੱਕਾ ਹਾਂ।

ਜੌਨ ਗਾਲ੍ਹ ਅਪਣੀਆਂ ਮੁਠੀਆਂ ਕੱਸ ਰਿਹਾ ਸੀ। ਓਨ੍ਹੂੰ ਇਹ ਵੀ ਧਿਆਨ ਨਹੀਂ ਸੀ ਰਿਹਾ ਕਿ ਓਸ ਦਾ ਇਕ ਹੱਥ ਸੁਜਿਆ ਹੋਇਆ ਹੈ। ਦਰਦ ਨਾਲ ਉਹ ਚੀਕ ਉਠਿਆ।

ਉਫ਼। ਚੁਪ ਹੋ ਜਾਉ ਡਾਕਟਰ। ਅੱਗੋਂ ਇਕ ਸ਼ਬਦ ਵੀ ਮੂੰਹੋਂ ਨਾ ਕਢੀਂ।

'ਸਤਿ ਬਚਨ' ਡਾਕਟਰ ਨੇ ਕਿਹਾ।

—ਪਰ ਥੋੜੀ ਦੇਰ ਪਿਛੋਂ ਬੁੱਢੇ ਗਾਲ੍ਹ ਨੇ ਅਪਣੇ ਸਜੇ ਹੱਥ ਨਾਲ ਡਾਕਟਰ ਦੀ ਬਾਂਹ ਫੜ ਲਈ। ਦਰਦ ਨਾਲ ਉਹ ਤੜਫ਼ ਰਿਹਾ ਸੀ।

'ਕੇਹੜਾ ਪਾਲ ਡਾਕਟਰ ?' ਤੁਸੀਂ ਕੇਹੜੇ ਪਾਲ ਦੀ ਗੱਲ ਕਰ ਰਹੇ ਸੀ ?'

'ਕੀ ਤੁਹਾਨੂੰ ਵਾਕਈ ਕੁਝ ਵੀ ਪੱਤਾ ਨਹੀਂ ? ਮੈਂ ਤੁਹਾਡੇ ਨੌਕਰ, ਪਾਲਨੋਰੀ ਦੀ ਗੱਲ ਕਰ ਰਿਹਾ ਸੀ।'

ਜੌਨ ਦਾ ਚੇਹਰਾ ਚਿੱਟਾ ਹੋ ਗਿਆ। ਓਹਦੇ ਬੁਲ੍ਹ ਕੰਬਣ ਲੱਗ ਪਏ। ਓਹਦਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗ ਪਿਆ। ਦਿਲ ਦੇ ਦਰਦ ਨੇ ਓਹਦੇ ਹੱਥ ਦਾ ਦਰਦ ਵੀ ਭੁਲਾ ਦਿੱਤਾ। ਦੋਹੀਂ 'ਹਥੀਂ' ਓਨ੍ਹੇ ਅਪਣਾ ਮੱਥਾ ਪਿੱਟ ਲੀਤਾ.. ਤੇ ਓਹ ਓਨ੍ਹਾਂ ਨੂੰ ਤੱਕਣ ਲੱਗ ਪਿਆ।

'ਕਿੰਨਾਂ ਬੇਵਕੂਫ ਸੀ ਮੈਂ ! ਮੈਨੂੰ ਤਾਂ ਇਹ ਗੱਲ ਬਹੁਤ ਪਹਿਲੋਂ ਹੀ ਤਾੜ ਲੈਣੀ ਚਾਹੀਦੀ ਸੀ। ਪੂਰੀ ਨਾਗਿਨ ਹੈ ਓਹ ਔਰਤ।'

'ਮਿਸਟਰ ਗਾਲ੍ਹ ! ਓਨ੍ਹੂੰ ਮੰਦਾ-ਚੰਗਾ ਆਖਣਾ ਫ਼ਜ਼ੂਲ ਹੈ। ਓਹ ਜਵਾਨ ਹੈ। ਓਹਦੇ ਦਿਲ ਵਿਚ ਜਵਾਨ ਉਮੰਗਾਂ ਮਚਲ ਰਹੀਆਂ ਹਨ। ਜ਼ਿੰਦਗੀ ਦੇ ਰੰਗਲੇ ਸੁਫਨੇ ਫਲ ਰਹੇ ਹਨ।

ਹੋ ਸਕਦਾ ਹੈ ਕਿ ਅਜੇ ਤੀਕਰ ਉਹ ਪਵਿੱਤਰ ਹੋਵੇ, ਪਰ... ਤੁਹਾਡੀ ਮੌਤ ਪਿੱਛੋਂ...ਉਹਨੂੰ ਕਿਸੇ ਨਾ ਕਿਸੇ ਨਾਲ ਤਾਂ ਸ਼ਾਦੀ ਕਰਨੀ ਹੀ ਪਵੇਗੀ।...ਤੇ ਤੁਸੀਂ ਤਾਂ ਕੱਲ ਹੀ......'

ਜ਼ੈਨ ਗਾਲੂ ਅਪਣੇ ਥਾਂ ਤੋਂ ਥੋੜਾ ਜਿਹਾ ਹਿਲਿਆ। ਤੇ ਅਪਣੀਆਂ ਅੱਖਾਂ ਡਾਕਟਰ ਵੱਲ ਘੁਮਾ ਦਿਤੀਆਂ। ਡਾਕਟਰ ਅਪਣੀ ਗੱਲ ਕਹੀ ਜਾ ਰਿਹਾ ਸੀ... ...ਤੇ ਤੁਹਾਡੀ ਮੌਤ ਤੋਂ ਬਾਅਦ ਜੇ ਉਹ ਕਿਸੇ ਜੁਵਾਨ ਮੁੰਡੇ ਨਾਲ ਵਿਆਹ ਕਰ ਲਵੇ, ਤਾਂ ਤੁਹਾਡਾ ਕੀ ਨੁਕਸਾਨ ਹੈ ? ਤੁਸੀਂ ਅਪਣੀ ਕਬਰ ਵਿਚ ਪਏ ਹੋਊਗੇ.....ਬਿਲਕੁਲ ਨਿਸਚਿੰਤ... .ਇਸ ਗੱਲ ਤੋਂ ਬੇਖਬਰ ਕਿ ਦੁਨੀਆਂ ਵਿਚ ਕੀ ਹੋ ਰਿਹਾ ਹੈ। ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦੈ ਕਿ ਤੁਹਾਥੋਂ ਪਿਛੋਂ, ਤੁਹਾਡੀ ਪਤਨੀ ਨੂੰ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਹੀਂ ਹੋਏਗੀ। ਤੁਹਾਡੀ ਥਾਂ ਤੇ, ਉਹਨੂੰ ਇਕ ਸੋਹਣਾ-ਸੁਣੱਖਾ ਜੁਆਨ ਪਤੀ ਮਿਲ ਜਾਏਗਾ। ਤੇ ਵਾਕਈ ਪਾਲ ਨੇਰੀ ਹੈ ਵੀ ਬੜਾ ਸੋਹਣਾ ਗਭਰੂ।

ਜ਼ੈਨ ਦੇ ਦੰਦ ਬੱਜਣ ਲੱਗ ਪਏ।

—'ਮਿਸਟਰ ਗਾਲੂ, ਤੁਹਾਨੂੰ ਖੁਸ਼ ਦਿਲੇ ਹੋਣਾ ਚਾਹੀਦਾ ਹੈ। ਸਿਰਫ ਅਪਣੇ ਫੁਆਇਦ ਨੂੰ ਹੀ ਮੁੱਖ ਨਹੀਂ ਵੇਖਣਾ ਚਾਹੀਦਾ। ਜ਼ਰਾ ਸੋਚੋ ਤਾਂ ਸਹੀ ਕਿੰਨੇ ਅਫਸੋਸ ਦੀ ਗੱਲ ਹੋਵੇਗੀ ਕਿ ਤੁਹਾਡੀ ਪਤਨੀ ਦਾ ਸੁੰਦਰ ਸਰੀਰ ਐਵੇਂ ਹੀ ਬਰਬਾਦ ਹੋ ਜਾਏ। ਕਿਸੇ ਤਕੜੇ ਮਨੁੱਖ ਦੀਆਂ ਤਾਕਤਵਰ ਬਾਹਾਂ 'ਚ ਘੁੱਟ ਕੇ ਮਰੋੜੀ ਜਾਣ ਦੀ ਉਹ ਦੀ ਤਮੰਨਾ ਦਿਲ ਦੇ ਅੰਦਰ ਹੀ ਠੰਡੀ ਪੈ ਜਾਏ।....ਤੇ ਪਾਲ ਨੇਰੀ ਕੋਈ ਮੂਰਖ ਆਦਮੀ ਵੀ ਤਾਂ ਨਹੀਂ। ਮੌਕੇ ਤੋਂ ਲਾਭ ਉਠਾਣਾ ਉਹ ਚੰਗੀ ਤਰਾਂ ਜਾਣਦਾ ਹੈ...ਇਕ ਸੁੰਦਰ ਪਤਨੀ ਤਾਂ ਉਹਨੂੰ ਮਿਲੂਗੀ ਹੀ, ਸਗੋਂ ਨਾਲ ਹੀ ਤੁਹਾਡੀ ਸਾਰੀ ਉਮਰ—

ਅਜ ਥਾਂ ਥਾਂ ਤੇ ਉਮਰ-ਵੇਲ ਨੂੰ

ਰਾਜ ਦੁਲਾਰ

ਅਜ ਥਾਂ ਥਾਂ ਤੇ ਉਮਰ ਵੇਲ ਨੂੰ
ਕੌੜ-ਤੁੰਮੇ ਦਰਦਾਂ ਦੇ ਲੱਗੇ
ਜਿੰਦ 'ਚ ਫਿਰ ਮਠਿਆਸ ਵੇ।

ਤੇਰਾ ਦੁਖ-ਸੁਖ ਮੇਰਾ ਅਪਣਾ
ਸੁਖੀ ਸੁਖੀ ਤੂੰ ਰਹੇਂ ਚਾਣੀਆਂ
ਕਰਾਂ ਇਹੋ ਅਰਦਾਸ ਵੇ।

ਜਿਉਂ ਵਾ ਵਿਚ ਖੁਸ਼ਬੋ ਘੁਲ ਜਾਵੇ
ਤਿਉਂ ਲੂੰ ਲੂੰ ਵਿਚ ਪ੍ਰੀਤ ਤੇਰੀ ਦਾ
ਹੋ ਚੁਕਿਆ ਹੈ ਵਾਸ ਵੇ।

ਬਣ ਗਈ ਵਿਛੜੇ ਦੀ ਪਗਡੰਡੀ
ਅਰਮਾਨਾਂ ਦੇ ਪਿੰਡੇ ਉਤੇ
ਹਿਜਰ ਤਿਰੇ ਦੀ ਲਾਸ ਵੇ।

ਦੁਖ ਵਿਚ ਸਾਡੇ ਦੁਖ ਸਹਾਈ
ਨੇੜਤਾ ਦੁਖਾਂ ਨਾਲ ਅਜੇਹੀ
ਜਿਉਂ ਰਿਸ਼ਤਾ ਨੌਂਹ-ਮਾਸ ਵੇ।

ਵੇਖ ਵੇਖ ਰਾਹ ਤੇਰਾ ਸੱਜਣਾ
ਉਮਰ ਲੰਘਾਈ ਸਿਦਕ ਸਹਾਰੇ
ਅਜੇ ਕੁਆਰੀ-ਆਸ ਵੇ।

ਅਜ ਥਾਂ ਥਾਂ ਤੇ ਉਮਰ ਵੇਲ ਨੂੰ
ਕੌੜ-ਤੁੰਮੇ ਦਰਦਾਂ ਦੇ ਲੱਗੇ
ਜਿੰਦ 'ਚ ਫਿਰ ਮਠਿਆਸ ਵੇ।

ਕਵਿਤਾ :—

"ਯਾਦ-ਪਰੀਆਂ"

ਗੁਲਵੰਤ 'ਫ਼ਾਰਗ'

ਯਾਦ ਤੇਰੀ ਦੀਆਂ ਪਰੀਆਂ ਆਈਆਂ,
ਸਾਡੇ ਦਿਲ ਦੇ ਵਿਹੜੇ ਹੈਂ ।
ਵਿਤ ਤੋਂ ਸੱਖਣੀ ਜਿੰਦ ਅਸਾਡੀ,
ਭਰ ਭਰ ਵੰਡੇ ਖੇੜੇ ਹੈ ।
ਸੱਧਰਾਂ ਰਲ ਮਿਲ ਗਿੱਧਾ ਪਾਇਆ,
ਆਸਾਂ ਰਾਸ ਰਚਾਈ ਹੈ ।
ਬੁੱਲਾਂ 'ਤੇ ਚੁੱਪ-ਹਾਸਾ ਖੇਡੇ,
ਨੈਣਾਂ ਵਿਚ ਰੁਸ਼ਨਾਈ ਹੈ ।
ਉਮਰਾਂ ਤੋਂ ਇਸ ਉੱਜੜੇ ਦਾਰੇ,
ਕਿਸ ਨੇ ਦੀਪ ਜਗਾਏ ਹੈ?
ਬਰਫ਼ਾਂ ਵਾਂਗੂੰ ਸੀਤਲ ਜਜ਼ਬੇ,
ਹਿੱਕੜੀ ਵਿਚ ਗਰਮਾਏ ਹੈ ।
ਦਿਲ ਦੇ ਭਰੇ ਸਰੋਵਰ ਕੰਢੇ,
ਉੱਗੀ ਚਿਰ ਤੋਂ ਕਾਹੀ ਹੈ ।
ਸੁਪਨੇ ਵਰਗੀ ਸੁੰਦਰ ਵਾਦੀ ।
ਨਾਲ ਕਲਪਨਾ ਗਾਹੀ ਹੈ ।

ਜਜ਼ਬੇ ਦੇ ਅਸਮਾਨਾਂ ਅੰਦਰ ।
ਪੀਂਘ ਪਈ ਸਤ-ਰੰਗੀ ਹੈ ।
ਯਾਦਾਂ ਦੀ ਇੱਕ ਕਿਰਨ ਸੁਨੱਖੀ,
'ਅੱਖ-ਝੀਲ' 'ਚੋਂ ਲੰਘੀ ਹੈ ।

ਧਰਤੀ ਉਤਲੇ ਦਿਉ ਭਿਅੰਕਰ,
ਪੌਂਦੇ ਹਾਲ ਦੁਹਾਈ ਹੈ ।
"ਏਹ ਯਾਦਾਂ ਨੇ ਧੁੰਘਣ ਅੰਦਰ,
'ਕਿਉਂ' ਗਲਵੱਕੜੀ ਪਾਈ ਹੈ ?"

ਦੂਰ ਸਾਡੀ ਲਟਬਉਰੀ ਹੋਈ,
ਮੁੜ ਮੁੜ ਮਾਰੇ ਤਾੜੀ ਹੈ ।
ਯਾਦ ਤੇਰੀ ਦੀਆਂ ਪਰੀਆਂ ਉੱਡੀਆਂ,
ਲੰਮੀ ਮਾਰ ਉਡਾਰੀ ਹੈ ।

"ਡੱਬ-ਖੜੱਬੀ ਛੱਤ ਦਿਲੇ ਦੀ......."

ਗੁਲਵੰਤ ਐਮ. ਏ.

ਜਿੰਦ ਸਾਡੀ ਦੀ ਨ੍ਹੇਰੀ ਝੁੱਗੀ,
ਕਿੱਸ ਨੇ ਅੱਜ ਚਿਰਾਗਾਂ ਕੀਤਾ?
ਖੰਭਾਂ ਪਰਨੇ ਕਾਲਖ ਉੱਡੀ ;
ਲੰਮੀ ਮਾਰ ਉਡਾਰੀ ਪਹੁੰਚੀ,
ਸੱਤ ਸਮੁੰਦਰੋਂ ਪਾਰ ਵੇ ਹੋ !

ਇਸ ਕਾਲਖ ਸੀ ਜਿੰਦ ਧੁਆਂਖੀ,
ਸਧਰਿਆਂ ਉੱਤੇ ਧੂੰਆਂ ਛਾਇਆ;
"ਡੱਬ-ਖੜੱਬੀ ਛੱਤ ਦਿਲੇ ਦੀ;"
ਆਦਿ-ਕਾਲ ਤੋਂ ਜਾਲੇ ਲਟਕੇ;
ਇਧਰ-ਉਧਰ, ਆਲ-ਦੁਆਲੇ;
ਕਿਸ ਪਰੀ ਦੇ ਸੁੱਚੜੇ ਹੱਥਾਂ,
ਦਿੱਤੇ ਅੱਜ ਸੁਆਰ ਵੇ ਹੋ !!

ਇਹ ਝੁੱਗੀ ਅੱਜ ਚਾਨਣ-ਮਾਤੀ,
ਇਹ ਝੁੱਗੀ ਅੱਜ ਨੂਰਾਂ-ਨ੍ਹਾਤੀ;
ਇਹ ਝੁੱਗੀ ਅੱਜ ਸਾਂਝੀ-ਸਿਕਰੀ,
ਇਹ ਝੁੱਗੀ ਅੱਜ ਮਹਿਕੀ ਮਹਿਕੀ;
ਇਹ ਝੁੱਗੀ ਅੱਜ ਜੰਨਤ ਵਰਗੀ,
ਇਹ ਝੁੱਗੀ ਅੱਜ ਲਪਟਾਂ ਲਪਟਾਂ;
ਮਹਿਕਾਂ ਦਾ ਭੰਡਾਰਾ ਵੇ ਹੋ !!!

ਇੱਕ ਚਿਣਗ ਨੇ ਚਾਨਣ ਕੀਤਾ,
ਇੱਕ ਪਰੀ ਨੇ ਨੂਰ ਲੁਟਾਇਆ;
ਇੱਕ ਕਲੀ ਨੇ ਮਹਿਕ ਖਲੇਰੀ,
ਇੱਕ ਸੁਪਨੇ ਦਾ ਕੇਸਰ ਖਿੰਡਿਆ;
ਇੱਕ ਕਲਪਨਾ ਚੱਕ ਕੇ ਇਸਨੂੰ;
ਧਰਤੀ ਉੱਤੋਂ, ਅੰਬਰਾਂ ਅੰਦਰ,
ਦਿੱਤਾ ਅੱਜ ਖਲ੍ਹਿਆਰ ਵੇ ਹੋ !!!

ਜਿੰਦ ਸਾਡੀ ਦੀ ਨ੍ਹੇਰੀ ਝੁੱਗੀ,
ਕਿੱਸ ਨੇ ਅੱਜ ਚਿਰਾਗਾਂ ਕੀਤਾ ?
ਖੰਭਾਂ ਪਰਨੇ ਕਾਲਖ ਉੱਡੀ ;
ਲੰਮੀ ਮਾਰ ਉਡਾਰੀ ਪਹੁੰਚੀ,
ਸੱਤ ਸਮੁੰਦਰੋਂ ਪਾਰ ਵੇ ਹੋ !

ਮਾਤ-ਬੋਲੀ

ਪਿਆਰੇ ਲਾਲ 'ਅਮਰ'

ਢੂੰਢਦਾ ਏ ਰੂਹਾਂ ਤਾਈਂ,
ਗੀਤ ਮਿੱਠਾ ਮਿੱਠਾ ਇਕ;
ਲੈ ਮਿੱਠੀ ਮਿੱਠੀ ਇਹਦੀ,
ਬਲ ਕੇ ਪਿਆਰ ਝਾਕੇ,
ਮਨੁੱਖਾਂ ਦੀਆਂ ਅੱਖਾਂ ਵਿਚੋਂ,
ਜਜ਼ਬਾ ਇਹਦੇ ਪਿਆਰ ਦਾ,
ਦੁਨੀਆਂ ਦੀਆਂ ਸੋਚਾਂ ਤਾਈਂ,
ਦੀਵਾ ਜੋ ਉਸਾਰਦਾ।
ਅੱਖ ਮੇਰੇ ਮਹਿਬੂਬ ਦੀ,
ਢੂੰਢਦੀ ਦਿਲ ਕੋਮਲ ਦੇ ਜਜ਼ਬੇ,
ਹੱਸ ਰਿਹਾ ਜਿਸ ਵਿਚ ਫੁੱਲਾਂ ਦਾ ਸੁਹੱਪਣ,
ਪਰ ਨਹੀਂ, ਇਸ ਤੋਂ ਵੀ ਹੈ ਵੱਧ ਸੁਹਣੀ
ਮੇਰੀ ਮਾਤ ਬੋਲੀ।
ਰੂਪ ਇਸਦਾ ਪ੍ਰਜੁਲਿਤ, ਸ਼ਰਮਾਂਦਾ—
ਹੈ ਮੇਰੇ ਮਹਿਬੂਬ ਦੇ ਸੁਹੱਪਣ ਨੂੰ,
ਮੈਂ ਸੋਚਾਂ ਦੇ ਗਤੂੰਦ, ਜਜ਼ਬਿਆਂ ਬੱਝਿਆ—
ਜਜ਼ਬੇ ! ਉਹ ਅੱਖਰ, ਉਹ ਸ਼ਬਦ,
ਜਿਨ੍ਹਾਂ ਦੀ ਮੁਸਕਾਨ,
ਕਰਦੀ ਜੋ ਦਿਲਾਂ ਤਾਈਂ ਪਵਿਤਰ—
ਪਵਿੱਤਰ ਸ਼ਬਦਾਂ ਦੀ ਮੁਸਕਾਨ।
ਉਹ ਸ਼ਬਦ, ਉਹ ਬੋਲੀ ਜੋ ਆਪਣਿਆਂ ਗੀਤਾਂ,
ਬਾਤਾਂ, ਅਖਾਣਾਂ,
ਦੇ ਸੁਹੱਪਣ ਤੇ ਆਪਣੀਆਂ ਮੁਹਰਾਂ ਨਾਲ,
ਭਰ ਦੇਂਦੀ ਹੈ ਮੇਰੇ ਖਾਲੀ ਦਿਲ ਦਾ ਪੱਲਾ
ਸ਼ਬਦਾਂ ਦੀ ਮੁਸਕਾਨ, ਅੱਖਰਾਂ ਦਾ ਚਮਤਕਾਰ
ਸੋਚਾਂ ਦੀ ਛੂਹ, ਖਿਲੇਰਦੀਆਂ ਰਹੀਆਂ ਕਲਮਾਂ
ਜਿਸ ਦੇ ਰੂਪ ਦਾ ਵਰਣਨ—
ਕਰਦੇ ਰਹੇ ਕਵੀ, ਲੇਖਕ ਅਤੇ ਫੈਲਸੂਫੀ
ਦੇਂਦਾ ਰੂਹਾਂ ਨੂੰ ਸੇਖ ਜਿਨ੍ਹਾਂ ਦਾ ਵਿਗਿਆਨ
ਗਾਂਦੇ ਰਹੇ ਗਾਇਕ ਇਸ ਦੇ ਗੀਤ
ਨਚਦੀਆਂ ਰਹੀਆਂ ਕਈ ਨਾਚੀਆਂ
ਇਸ ਦੇ ਪਵਿੱਤਰ ਗੀਤਾਂ ਦੀ ਤਾਲ ਤੇ
ਭੇਦ ਹੈ ਜਿਸ ਵਿਚ ਪਿਆਰਾਂ ਨਾਲ ਜੀਣ ਦਾ
ਉਹ ਗੀਤ ਸੁਣ ਰਹੀ ਹੈ ਦੁਨੀਆਂ,
ਗਾ ਰਹੀ ਹੈ ਮਨੁੱਖਤਾ
ਪ੍ਰੇਮ ਦੀ ਆਦਿ ਵੇਦਾਂ ਦੀ ਆਵਾਜ਼
ਪ੍ਰੇਮ ਦੀ ਸਾਖਸ਼ਾਤ ਕਾਰ
ਇਹ ਪ੍ਰੇਮ ਹੈ ਮੇਰੀ ਮਾਤ ਬੋਲੀ
ਜਿਸ ਦੇ ਹਿਰਦੇ ਵਿਚ
ਪਵਿੱਤਰ ਸੋਚਾਂ ਦੇ ਸਮੁੰਦਰ
ਗੀਤਾਂ ਦੇ ਮੋਰਹੇ, ਪਿਆਰਾਂ ਦੇ ਹੜ੍ਹ
ਜਿਸ ਵਿਚੋਂ ਲੱਭ ਰਹੇ ਨੇ ਆਲੋਚਕ
ਸਾਹਿੱਤਕਾਰ, ਗੀਤਕਾਰ, ਸਿੱਪੀਆਂ,
ਸਿੱਪੀਆਂ ਵਿਚੋਂ ਅਣਮੁੱਲੇ ਮੋਤੀ
ਵਾਰਿਸ, ਹਾਫ਼ਿਜ਼, ਹਾਸ਼ਮ ਮੁਕਬਲ,
ਹੋਰ ਕਈ ਅਣਗਿਣਤ ਮੋਤੀ
ਦੇਂਦੇ ਜੋ ਆਪਣਾ ਚਾਨਣ
ਸ਼ਰਫ਼, ਕੁਸ਼ਤਾ, ਦੇਂਦਾ ਰੂਹਾਂ ਨੂੰ ਤਾਕਤ
ਤ੍ਰਿੱਸੇ ਚਾਤ੍ਰਿਕ ਲਈ ਇਹਦਾ ਪਿਆਰ
ਹੈ ਸ੍ਵਾਂਤੀ ਬੂੰਦ
ਮੈਂ ਆਖਦਾ ਹਾਂ ਪਿਆਰ ਨਾਲ
ਇਹਨੂੰ ਮਨੁੱਖਤਾ ਦੀ ਰੂਹ
ਦੇ ਕੇ ਸਾਵਾਂ ਪਿਆਰ 'ਅਮਰ' ਕਰੇ ਜੋ ਮਨੁੱਖ ਨੂੰ।

214—29-12-60—1,250 copies—C.P. & S. Pb., Patiala.

ਸਾਡੀਆਂ ਪਰਕਾਸ਼ਨਾਂ

		ਰੁਪੈ	ਨ.ਪੈ
੧.	ਹਿੰਦੀ-ਪੰਜਾਬੀ ਕੋਸ਼	੧੧	੫੦
੨.	ਪੰਜਾਬੀ-ਪੰਜਾਬੀ ਕੋਸ਼, ਜਿਲਦ ੧ ('ੳ' ਤੋਂ 'ਕ' ਤਕ)	੧੨	੦੦
੩.	ਅੰਗ੍ਰੇਜ਼ੀ-ਪੰਜਾਬੀ ਕਾਨੂੰਨੀ-ਕੋਸ਼	੮	੦੦
੪.	ਪੰਜਾਬੀ-ਸੰਕੇਤਾਵਲੀ (ਸਕੂਲਾਂ ਦੇ ਮਜ਼ਮੂਨ)	੪	੦੦
੫.	ਪੰਜਾਬੀ ਪਰਕਾਸ਼ਨਾਂ ਦੀ ਸੂਚੀ	੩	੨੫
੬.	ਪੰਜਾਬੀ ਪੱਤਰ ਕਲਾ	੩	੦੦
੭.	ਟੌਂਸ	੬	੭੫
੮.	ਹਾਜੀ ਬਾਬਾ ਇਸਫ਼ਹਾਨੀ	੬	੭੫
੯.	ਲਾਹੇ ਸੋ ਪਾਓ	੩	੭੫
੧੦.	ਸੰਸਾਰ ਦਾ ਸੰਖੇਪ ਇਤਿਹਾਸ	੫	੦੦
੧੧.	ਅਰਬ ਤੇ ਹਿੰਦ ਦੇ ਸਬੰਧ	੪	੦੦
੧੨.	ਭਾਰਤ ਦਾ ਸੰਵਿਧਾਨ (੭ ਰੁਪੈ)	੪	੫੦
੧੩.	ਰਾਮ ਕੱਥਾ	੩	੫੦
੧੪.	ਮਹਾਨ ਕੋਸ਼	੪੨	੦੦
੧੫.	ਫ਼ਤਹਿ ਨਾਮਾ ਗੁਰੂ ਖ਼ਾਲਸਾ ਜੀ ਕਾ	੪	੦੦
੧੬.	ਸ਼ਬਦ-ਜੋੜ		੨੫
੧੭.	ਪੰਜਾਬੀ ਸਾਹਿਤ ਦੇ ਪੰਜ ਰਤਨ		੨੫
੧੮.	ਨੌ ਵਾਰਾਂ		੧੨
੧੯.	ਲੇਖ-ਸੰਗ੍ਰਹਿ		੬
੨੦.	ਗਲੋਸਰੀ ਆਫ਼ ਐਡਮਨਿਸਟ੍ਰੇਟਿਵ ਟਰਮਜ਼		੪੦
੨੧	ਬਿਸ਼ਨ-ਪਦੇ, ਖ਼ੁਸ਼ਹਾਲ ਰਾਇ	੨	੭੫
੨੨.	ਡਾ: ਮੋਹਨ ਸਿੰਘ		
੨੩.	ਗਿਆਨੀ ਗੁਰਮੁਖ ਸਿੰਘ ਮੁਸਾਫ਼ਰ		
੨੪.	ਬਲਵੰਤ ਸਿੰਘ ਗਜਰਾਜ		
੨੫.	ਗੁਰਮਤ ਪ੍ਰਭਾਕਰ		
੨੬.	ਗੁਰਮਤ ਸੁਧਾਕਰ		
੨੭.	ਗੁਰਛੰਦ ਦਿਵਾਕਰ		
੨੮.	ਪੰਜਾਬੀ ਲਈ ਹੌਸਲਾ		
੨੯.	ਪੰਜਾਬੀ ਸਾਹਿਤ ਦੀ ਭੂਮਿਕਾ (ਅੰਗ੍ਰੇਜ਼ੀ)		
੩੦.	ਪੰਜਾਬ		

ਉਪ੍ਰੋਕਤ ਸਾਰੀਆਂ ਪੁਸਤਕਾਂ ਲਈ ਆਪ ਸਿੱਧੇ ਕੰਟਰੋਲਰ ਪ੍ਰਿੰਟਿੰਗ ਐਂਡ ਸਟੇਸ਼ਨਰੀ, ਪੰਜਾਬ, ਚੰਡੀਗੜ੍ਹ, ਨਾਲ ਲਿਖਾ ਪੜ੍ਹੀ ਕਰੋ। ਇਹ ਪੁਸਤਕਾਂ ਆਪ ਨੂੰ ਉਥੋਂ ਹੀ ਮਿਲ ਸਕਦੀਆਂ ਹਨ।

'ਪੰਜਾਬੀ ਦੁਨੀਆ' ਦੇ ਪਿਛਲੇ ਅੰਕਾਂ ਲਈ ਡਾਇਰੈਕਟਰ ਪੰਜਾਬੀ ਵਿਭਾਗ, ਪਟਿਆਲਾ ਨੂੰ ਲਿਖੋ।

ਸਾਡੀਆਂ ਛਪਣ ਲਈ ਤਿਆਰ ਹੋ ਚੁਕੀਆਂ ਪੁਸਤਕਾਂ

੧. ਉਰਦੂ-ਹਿੰਦੀ-ਪੰਜਾਬੀ ਕੋਸ਼, (ਜਿਲਦ ਪਹਿਲੀ)
੨. ਪੰਜਾਬੀ ਬੋਲੀ ਦਾ ਇਤਿਹਾਸ
੩. ਜੀਵਨ ਭਾਈ ਮਨੀ ਸਿੰਘ
੪. ਜੀਵਨ ਭਾਈ ਗੁਰਦਾਸ
੫. ਹੀਰ ਵਾਰਸ
੬. ਪੰਜਾਬੀ ਹੱਥ-ਲਿਖਤਾਂ ਦੀ ਸੰਖਿੱਪ ਸੂਚੀ
੭. ਪ੍ਰਆਧੀ ਕੋਸ਼
੮. ਪੰਨੋਹਾਰੀ ਕੋਸ਼
੯. ਪੰਜਾਬੀ ਗਲਪ ਦਾ ਇਤਿਹਾਸ
੧੦. ਪਿਆਰ ਅਮਰ ਹੈ
੧੧. ਹੀਰ ਗੁਰਦਾਸ ਗੁਣੀ
੧੨. ਯੂਸਫ਼ ਜ਼ੁਲੈਖਾਂ
੧੩. ਮੁਕਬਲ

ਫ਼ਰਵਰੀ, ੧੯੬੧ Regd. No. P. 15

ਪੰਜਾਬੀ ਦੁਨੀਆ

ਇਸ ਅੰਕ ਵਿਚ

ਜਨ ਪਾਠਕ ਭਾਗ

ਸ. ਲਾਲ ਸਿੰਘ, ਡਾਇਰੈਕਟਰ, ਮਹਿਕਮਾ ਭਾਸ਼ਾ ਵਿਭਾਗ, ਪੰ.., ਪਟਿਆਲਾ ਨੇ ਪੰਜਾਬ ਸਰਕਾਰ ਪ੍ਰੈਸ, ਪਟਿਆਲਾ ਵਿਚ ਛਪਵਾ ਕੇ ਪ੍ਰਕਾਸ਼ਤ ਕੀਤਾ ।